ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਸਿੱਖ

ਦੀਵਾਨ ਭਾਈ ਨੰਦ ਲਾਲ ਜੀ ਦੀ

ਪ੍ਰਸਿੱਧ ਫ਼ਾਰਸੀ ਕਵਿਤਾ

# ਗ਼ਜ਼ਲਾਂ ਭਾਈ ਨੰਦ ਲਾਲ ਜੀ

## ਸਟੀਕ

ਅਰਥਾਤ

## ਜ਼ਿੰਦਗੀਨਾਮਾ



ਟੀਕਾਕਾਰ -

ਪੰ: ਨਰੈਣ ਸਿੰਘ ਜੀ [illegible]

Sri Satguru Jagjit Singh Ji eLibrary NamdhariElibrary@gmail.com

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਸਿੱਖ

# ਦੀਵਾਨ ਭਾਈ ਨੰਦ ਲਾਲ ਜੀ ਦੀ

ਪ੍ਰਸਿੱਧ ਫ਼ਾਰਸੀ ਕਵਿਤਾ

# ਦੀਵਾਨ ਗੋਯਾ

# (ਜ਼ਿੰਦਗੀਨਾਮਾ)

ਪ੍ਰੀਤ ਰੀਤ — ਅਰਥਾਤ — ਸਾਚੀ ਪ੍ਰੀਤ

SIKHBOOKCLUB.COM

(ਗਜ਼ਲਾਂ ਭਾਈ ਨੰਦ ਲਾਲ ਜੀ ਸਟੀਕ)

## ਤੌਸੀਫੋ ਸਨਾ

ਟੀਕਾਕਾਰ-ਪੰਥ ਪ੍ਰਸਿੱਧ ਵਿਦਿਵਾਨ

**ਪੰ: ਨਰੈਣ ਸਿੰਘ ਜੀ ਗਜਾਨੀ**

ਵਿਦਿਆ ਮਾਰਤੰਡ, ਮੁਜੰਗਾਂ ਵਾਲੇ, ਲਾਹੌਰ

ਪ੍ਰਕਾਸ਼ਕ-

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

© ਪ੍ਰਕਾਸ਼ਕ

ISBN : 81-7601-709-4

ਤੀਜੀ ਐਡੀਸ਼ਨ ਅਗਸਤ 2012
ਚੌਥੀ ਐਡੀਸ਼ਨ ਜਨਵਰੀ 2015
ਭੇਟਾ : 200-00

SIKHBOOKCLUB.COM

ਪ੍ਰਕਾਸ਼ਕ :
**ਭਾ: ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
ਫੋਨ : (0183) 2542346, 2547974 ਫੈਕਸ : 5017488
E-mail : csjssales@hotmail.com, csjspurchase@yahoo.com

Visit our Website : www.csjs.com

ਪ੍ਰਿੰਟਰ :
ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।
ਫੋਨ : 0183-2705003, 5095774

Printed & Bound in India

ੴ ਸਤਿਗੁਰ ਪ੍ਰਸਾਦਿ ॥

# ਜੀਵਨ
# ਭਾਈ ਨੰਦ ਲਾਲ ਜੀ 'ਗੋਯਾ'

ਭਾਈ ਨੰਦ ਲਾਲ ਜੀ (ਮੁਨਸ਼ੀ ਛੱਜੂ ਰਾਮ ਜੀ ਦੇ ਘਰ ਅਫਗਾਨਿਸਤਾਨ ਦੇ ਸ਼ਹਿਰ ਗਜ਼ਨੀ ਵਿਚ ਸੰਨ 1633 ਵਿਚ ਪੈਦਾ ਹੋਏ)। ਮੁਨਸ਼ੀ ਛੱਜੂ ਰਾਮ ਜੀ ਅਰਬੀ-ਫ਼ਾਰਸੀ ਦੇ ਬਹੁਤ ਵਿਦਿਵਾਨ ਸਨ। ਉਹ ਗਜ਼ਨੀ ਦੇ ਹਾਕਮ ਦੇ ਮੀਰ ਮੁਨਸ਼ੀ ਬਣ ਗਏ। ਮੁਨਸ਼ੀ ਛੱਜੂ ਰਾਮ ਜੀ ਨੇ ਨੰਦ ਲਾਲ ਨੂੰ ਅਰਬੀ, ਫ਼ਾਰਸੀ ਦੀ ਵਿਦਿਆ ਪੜ੍ਹਾਈ, ਜਿਸ ਵਿਚ ਇਹ ਬੜੇ ਤਾਕ ਹੋ ਗਏ।

SIKHBOOKCLUB.COM

ਪਿਤਾ ਮੁਨਸ਼ੀ ਰਾਮ ਜੀ ਦੇ ਦਿਹਾਂਤ ਹੋਣ ਤੋਂ ਬਾਅਦ ਇਹ ਉਦਾਸ ਹੋ ਕੇ ਗਜ਼ਨੀ ਤੋਂ ਆ ਗਏ ਅਤੇ ਮੁਲਤਾਨ ਸ਼ਹਿਰ ਦਿਲੀ ਦਰਵਾਜ਼ੇ ਨਿਵਾਸ ਕਰ ਲਿਆ।

ਮੁਲਤਾਨ ਨਿਵਾਸ਼ ਸਮੇਂ ਹੀ ਇਹਨਾਂ ਦੀ ਸ਼ਾਦੀ ਇਕ ਸਿੱਖ ਘਰਾਣੇ ਦੀ ਲੜਕੀ ਨਾਲ ਹੋ ਗਈ, ਜਿਸ ਤੋਂ ਇਹਨਾਂ ਨੂੰ ਗੁਰਸਿੱਖੀ ਦੀ ਲਗਨ ਲਗ ਗਈ।

ਮੁਲਤਾਨ ਤੋਂ ਭਾਈ ਨੰਦ ਲਾਲ ਜੀ ਅੰਮ੍ਰਿਤਸਰ ਦੇ ਦਰਸ਼ਨ ਕਰਨ ਆਏ ਅਤੇ ਇਥੋਂ ਗੁਰੂ ਜੀ ਦੀ ਮਹਿਮਾਂ ਸੁਣ ਕੇ ਅਨੰਦਪੁਰ ਪਹੁੰਚ ਗਏ। ਕਲਗੀਧਰ ਪਾਤਸ਼ਾਹ ਦੇ ਦਰਸ਼ਨ ਕਰਕੇ ਬਹੁਤ ਪ੍ਰਭਾਵਤ ਹੋਏ। ਇਕ ਪੁਸਤਕ ਫ਼ਾਰਸੀ ਵਿਚ ਰਚੀ, ਜਿਸ ਦਾ ਨਾਮ 'ਬੰਦਗੀ ਨਾਮਾ' ਰਖਿਆ ਅਤੇ ਸਤਿਗੁਰੂ ਜੀ ਦੀ ਭੇਟਾ ਕੀਤੀ। ਇਸ ਪੁਸਤਕ ਨੂੰ ਪੜ੍ਹ ਕੇ ਸਤਿਗੁਰੂ ਜੀ ਬੜੇ ਪ੍ਰਸੰਨ ਹੋਏ ਅਤੇ ਬਚਨ ਕੀਤਾ-ਇਹ 'ਬੰਦਗੀ ਨਾਮਾ' ਨਹੀਂ, 'ਜ਼ਿੰਦਗੀ ਨਾਮਾ' ਹੈ। ਇਸ ਨੂੰ ਜੋ ਵੀ ਪੜ੍ਹੇਗਾ, ਉਸ ਦਾ ਜਨਮ ਸਫਲ ਹੋਵੇਗਾ।

ਭਾਈ ਨੰਦ ਲਾਲ ਜੀ ਔਰੰਗਜ਼ੇਬ ਦੇ ਵੱਡੇ ਪੁੱਤਰ (ਬਹਾਦਰ ਸ਼ਾਹ) ਪਾਸ ਮੀਰ ਮੁਨਸ਼ੀ ਹੋ ਗਏ।

ਔਰੰਗਜ਼ੇਬ ਨੂੰ ਕੁਰਾਨ ਦੀ ਇਕ ਆਇਤ ਦੇ ਵਿਚ ਸੰਸਾ ਰਹਿੰਦਾ ਸੀ, ਜੋ ਕਾਜ਼ੀ ਤੇ ਹਾਫਜ਼ਾਂ ਤੋਂ ਵੀ ਸਪੱਸ਼ਟ ਨਾ ਹੋ ਸਕਿਆ। ਉਹ ਭਾਈ ਜੀ ਨੇ ਸਪੱਸ਼ਟ ਕਰ ਦਿੱਤਾ। ਔਰੰਗਜ਼ੇਬ ਬੜਾ ਖੁਸ਼ ਹੋਇਆ ਤੇ ਉਸ ਨੇ ਸੋਚਿਆ ਕਿ ਇਸ ਨੂੰ ਆਪਣੇ ਮਜ਼੍ਹਬ ਵਿਚ

ਲਿਆਉਣਾ ਚਾਹੀਦਾ ਹੈ। ਜਦ ਭਾਈ ਜੀ ਨੂੰ ਪਤਾ ਲੱਗਾ ਕਿ ਔਰੰਗਜ਼ੇਬ ਮੈਨੂੰ ਇਸਲਾਮ ਵਿਚ ਲਿਆਉਣਾ ਚਾਹੁੰਦਾ ਹੈ ਤਾਂ ਭਾਈ ਜੀ ਅਨੰਦਪੁਰ ਸ੍ਰੀ ਦਸਮੇਸ਼ ਜੀ ਪਾਸ ਚਲੇ ਗਏ। ਉਥੇ ਹੀ ਬੜਾ ਜੀਵਨ ਗੁਜ਼ਾਰਿਆ ਤੇ ਪੁਸਤਕਾਂ ਲਿਖੀਆਂ। ਅਨੰਦਪੁਰ ਛਡਣ ਸਮੇਂ ਕਲਗੀਧਰ ਪਾਤਸ਼ਾਹ ਨੇ ਭਾਈ ਜੀ ਨੂੰ ਆਪਣੇ ਘਰ ਮੁਲਤਾਨ ਚਲੇ ਜਾਣ ਦੀ ਆਗਿਆ ਕਰ ਦਿੱਤੀ ਅਤੇ ਕਿਹਾ ਗੁਰਮਤਿ ਦਾ ਜਾ ਕੇ ਪ੍ਰਚਾਰ ਕਰੋ।

ਭਾਈ ਜੀ ਦੇ ਘਰ ਦੋ ਪੁੱਤਰ ਹੋਏ- ਲਖਪਤ ਰਾਏ ਤੇ ਲੀਲਾ ਰਾਮ। ਭਾਈ ਜੀ ਦੀ ਬੰਸ ਵਿਚੋਂ ਕੁਝ ਸਹਿਜਧਾਰੀ ਹਨ ਤੇ ਕੁਝ ਅੰਮ੍ਰਿਤਧਾਰੀ ਹਨ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# .ਗ਼ਜ਼ਲਾਂ ਭਾਈ ਨੰਦ ਲਾਲ ਜੀ

## ਸਟੀਕ

### .ਗ਼ਜ਼ਲ–੧

**ਹਵਾਏ ਬੰਦਗੀ ਆਵੁਰਦ ਦਰ ਵਜੂਦ ਮਰਾ।**

**ਵਗਰਨਹ ਜ਼ੌਕਿ ਚੁਨੀਂ ਆਮਦਨ ਨਬੂਦ ਮਰਾ ॥ ੧ ॥**

{ਹਵਾ=ਇੱਛਾ, ਤਾਂਘ, ਸਿੱਕ। ਏ=ਦੀ। ਬੰਦਗੀ=ਭਗਤੀ, ਸਿਮਰਨ। ਆਵੁਰਦ=ਲਿਆਈ। ਦਰ=ਵਿਚ। ਵਜੂਦ=ਸਰੀਰ, ਮਨੁਖ ਦੇਹ। ਮਰਾ=(ਮ+ਰਾ) ਮੈਨੂੰ। ਵਗਰਨਹ=ਨਹੀਂ ਤਾਂ। ਜ਼ੌਕਿ=ਚਾਉ, ਲੋੜ। ਚੁਨੀਂ=ਅਜਿਹਾ, ਇਸ ਤਰ੍ਹਾਂ। ਆਮਦਨ=ਆਉਣਾ। ਨਬੂਦ=(ਨ+ਬੂਦ) ਨਹੀਂ ਸੀ।}

ਅਰਥ— ਤੇਰੇ ਭਜਨ ਦੀ ਸਿੱਕ ਮੈਨੂੰ (ਇਸ) ਮਨੁੱਖ ਸਰੀਰ ਵਿਚ ਲਿਆਈ ਹੈ। ਨਹੀਂ ਤਾਂ, ਇਸ ਤਰ੍ਹਾਂ (ਨਾਲ) ਮੈਨੂੰ (ਇਥੇ) ਆਉਣ ਦੀ ਕੋਈ ਲੋੜ ਨਹੀਂ ਸੀ।

**ਖ਼ੁਸ਼ ਬਵਦ ਉਮਰ ਕਿ ਦਰ ਯਾਦਿ ਬਿਗੁਜ਼ਰਦ।**

**ਵਰਨਹ ਚਿ ਹਾਸਲ ਅਸਤ ਅਜ਼ੀਂ ਗੁੰਬਦੇ ਕਬੂਦ ਮਰਾ ॥੨ ॥**

{ਖ਼ੁਸ਼=ਚੰਗੀ। ਬਵਦ=ਹੁੰਦੀ ਹੈ। ਕਿ=ਜੋ। ਦਰ=ਵਿਚ। ਯਾਦਿ=ਸਿਮਰਨ। ਬਿਗੁਜ਼ਰਦ=ਲੰਘ ਜਾਵੇ। ਵਰਨਹ=ਨਹੀਂ ਤਾਂ। ਚਿ=ਕੀ। ਹਾਸਲ=ਲਾਭ, ਪ੍ਰਾਪਤ, ਫਲ ਮਿਲਦਾ। ਅਸਤ=ਹੈ। ਅਜ਼ੀਂ=(ਅਜ਼+ਈਂ) ਇਸ ਤੋਂ। ਗੁੰਬਦੇ=ਗੁੰਬਜ਼, ਪੋਲਾੜ। ਕਬੂਦ=ਨੀਲਾ।}

ਅਰਥ— ਉਮਰਾ ਉਹ ਚੰਗੀ ਹੈ, ਜੋ ਸਿਮਰਨ ਕਰਦਿਆਂ ਗੁਜ਼ਰ ਜਾਂਦੀ ਹੈ। ਨਹੀਂ ਤਾਂ ਇਸ ਨੀਲੇ ਗੁੰਬਜ਼ ਥੱਲੇ ਆਉਣ ਦਾ ਕੀ ਲਾਭ ? ਅਰਥਾਤ ਜੇ ਸਿਮਰਨ ਨਹੀਂ ਕੀਤਾ



Sri Satguru Jagjit Singh Ji eLibrary NamdhariElibrary@gmail.com

ਜਾਂਦਾ ਤਾਂ ਇਸ ਅਕਾਸ਼ ਹੇਠਾਂ ਆਉਣ ਦਾ ਫਲ ਕੁਝ ਭੀ ਨਹੀਂ ਹੈ।

**ਦਰ ਆਂ ਜ਼ਮਾਂ ਕਿ ਨਿ ਆਈ ਯਾਦ ਮੇ ਮੀਰਮ।**
**ਬਗ਼ੈਰ ਯਾਦਿ ਤੋ ਜ਼ੀਂ ਜ਼ੀਸਤਨ ਚਿ ਸੂਦ ਮਰਾ॥ ੩ ॥**

{ਦਰ=ਵਿਚ। ਆਂ=ਉਸ। ਜ਼ਮਾਂ=ਜ਼ਮਾਨਾ, ਸਮਾਂ, ਵੇਲਾ। ਕਿ=ਜੋ, ਜਦ। ਨਿ ਆਈ=ਨਾ ਆਵੇ। ਯਾਦ=ਚੇਤਾ, ਸਿਮਰਨ। ਮੇ ਮੀਰਮ=ਮਰਦਾ ਹਾਂ, ਮੈਂ। ਬਗੈਰ=ਬਿਨਾਂ। ਯਾਦਿ=ਸਿਮਰਨ ਤੋਂ। ਤੋ=ਤੇਰੇ। ਜ਼ੀ=(ਅਜ਼ੀਂ) ਇਸ। ਜ਼ੀਸਤਰਨ=ਜੀਵਨ, ਜ਼ਿੰਦਗੀ। ਚਿ=ਕੀ। ਸੂਦ=ਨਫਾ, ਲਾਭ।}

*ਅਰਥ*—ਉਸ ਵੇਲੇ ਵਿਚ, ਜਦ ਤੂੰ ਯਾਦ ਨਹੀਂ ਆਉਂਦਾ, ਮੈਂ ਮਰਦਾ ਹਾਂ। ਕਿਉਂਕਿ ਤੇਰੇ ਸਿਮਰਨ ਤੋਂ ਬਿਨਾਂ ਜੋ ਜੀਊਣਾ ਹੈ, ਇਸ ਦਾ ਮੈਨੂੰ ਲਾਭ ਹੀ ਕੀ ਹੈ?

**ਫ਼ਿਦਾ ਅਸਤ ਜਾਨੋ ਦਿਲੇ ਮਨ ਬ ਖ਼ਾਕੇ ਮੁਕਦਮੇ ਪਾਕ।**
**ਹਰ ਆਂ ਕਸੇ ਕਿ ਬਸੂਏ ਤੋ ਰਹ ਨਮੂਦ ਮਰਾ॥ ੪ ॥**

{ਫ਼ਿਦਾ=ਸਦਕੇ, ਵਾਰਨੇ, ਕੁਰਬਾਨ। ਅਸਤ=ਹੈ, ਹਾਂ। ਜਾਨੋ=ਜਾਨ ਤੇ, ਤਨ ਤੇ। ਦਿਲੇ=ਦਿਲ, ਮਨ। ਮਨ=ਮੈਂ। ਬ=ਉਪਰੋਂ। ਖ਼ਾਕੇ=ਮਿੱਟੀ ਦੇ। ਮੁਕਦਮੇ=ਚਰਨ, ਪੈਰ। ਪਾਕ=ਪਵਿੱਤ੍ਰ। ਹਰ=ਹਰ ਇਕ। ਆਂ=ਉਹ। ਕਸੇ=ਕੋਈ। ਕਿ=ਜਿਹੜਾ। ਬਸੂਏ=ਪਾਸੇ, ਤਰਫ। ਤੋ=ਤੇਰੇ। ਰਹ=ਰਸਤਾ। ਨਮੂਦ= ਵਿਖਾਵੇ।}

SIKHBOOKCLUB.COM

*ਅਰਥ*—ਮੈਂ ਤਨ ਤੇ ਮਨ ਕਰ ਕੇ ਕੁਰਬਾਨ ਹਾਂ, ਉਸ ਦੇ ਪੈਰਾਂ ਦੀ ਪਵਿੱਤ੍ਰ ਖਾਕ ਉਤੋਂ। ਉਹ ਕੋਈ ਇਕ, ਜਿਹੜਾ ਤੇਰੇ ਵਲ ਦਾ ਮੈਨੂੰ ਰਸਤਾ ਵਿਖਾਉਂਦਾ ਹੈ।

**ਨਬੂਦ ਹੇਚ ਨਿਸਾਂ ਜ਼ਿ ਆਸਮਾਨੋ ਜ਼ਿਮੀਂ।**
**ਕਿ ਸ਼ੌਕਿ ਰੂਏ ਤੋ ਆਵੁਰਦ ਦਰ ਸਜੂਦ ਮਰਾ॥ ੫ ॥**

{ਨਬੂਦ=ਨਹੀਂ ਸੀ। ਹੇਚ=ਕੁਝ, ਕੋਈ। ਨਿਸ਼ਾਂ=ਨਿਸ਼ਾਨ, ਚਿੰਨ੍ਹ। ਜ਼ਿ=ਤੋਂ। ਆਸਮਾਨੋ=ਅਕਾਸ਼ ਤੇ। ਜ਼ਿਮੀਂ=ਜ਼ਮੀਨ, ਧਰਤੀ। ਕਿ=ਜਦ। ਸ਼ੌਕਿ=ਚਾਉ, ਪਿਆਰ ਉਤਸ਼ਾਹ। ਰੂਏ=ਚਿਹਰਾ, ਮੂੰਹ ਦਰਸ਼ਨ। ਤੋ=ਤੇਰਾ, ਤੇਰੇ। ਅਵੁਰਦ=ਲੈ ਆਂਦਾ। ਦਰ=ਵਿਚ। ਸਜੂਦ*=ਸਿਜਦਾ, ਡੰਡੌਤ।}

*ਅਰਥ*—ਜਦ ਕਿ ਅਕਾਸ਼ ਤੇ ਧਰਤੀ ਦਾ ਕੁਝ ਭੀ ਨਿਸ਼ਾਨ ਨਹੀਂ ਸੀ। ਤਦ ਤੋਂ ਤੇਰੇ ਦਰਸ਼ਨ ਦਾ ਸੌਕ ਹੀ ਮੈਨੂੰ ਸਿਜਦੇ ਵਿਚ ਲਿਆਇਆ ਸੀ।

---

**ਪਾਠਾਂਤਰ=ਵਜੂਦ-ਸਰੀਰ, ਸਰੀਰ ਵਿਚ ਲਿਆਇਆ ਸੀ।*



Sri Satguru Jagjit Singh Ji eLibrary NamdhariElibrary@gmail.com

## ਬਗ਼ੈਰ ਯਾਦਿ ਤੋ ਗੋਯਾ ਨਮੇ ਤਵਾਨਮ ਜ਼ੀਸਤ।
## ਬਸੂਏ ਦੋਸਤ ਰਿਹਾਈ ਦਿਹੰਦ ਜ਼ੂਦ ਮਰਾ॥ ੬॥

{ਬਗ਼ੈਰ=ਬਿਨਾਂ। ਯਾਦਿ=ਸਿਮਰਨ ਦੇ। ਤੋ=ਤੇਰੇ। ਗੋਯਾ=ਗ੍ਰੰਥ ਕਰਤਾ ਦਾ ਉਪਨਾਮ ਹੈ, ਤਖ਼ਲਸ। ਨਮੇ=ਨਹੀਂ। ਤਵਾਨਮ=ਸਕਦਾ ਮੈਂ। ਜ਼ੀਸਤ=ਜੀਉਂਦਾ ਰਹਿਣਾ। ਬਸੂਏ=ਤਰਫ, ਵਲ। ਦੋਸਤ=ਮਿੱਤਰ, ਪਿਆਰਾ ਬੇਲੀ, ਯਾਰ। ਰਿਹਾਈ=ਛੁਟੀ। ਦਿਹੰਦ=ਦੇਣਾ। ਜ਼ੂਦ=ਛੇਤੀ। ਮਰਾ=ਮੈਨੂੰ।}

*ਅਰਥ*—ਤੇਰੇ ਸਿਮਰਨ ਤੋਂ ਬਿਨਾਂ ਭਾਈ ਨੰਦ ਲਾਲ ਜੀਊਂ ਨਹੀਂ ਸਕਦਾ। ਇਸ ਲਈ ਮਿੱਤਰ ਵਲ ਜਾਣ ਲਈ ਮੈਨੂੰ ਛੇਤੀ ਛੁਟੀ ਦੇ ਦਿਓ। ੧।

*ਭਾਵ ਅਰਥ* - ਇਹ ਪਹਿਲੀ ਗ਼ਜ਼ਲ ਵਸਤੂ ਨਿਰਦੇਸ ਮੰਗਲ ਰੂਪ ਕਥਨ ਕੀਤੀ ਹੈ-

'ਤੇਰੇ ਭਜਨ ਦੀ ਸਿੱਕ ਮੈਨੂੰ ਦੇਹ ਵਿਚ ਲਿਆਈ ਹੈ, ਨਹੀਂ ਤਾਂ ਮੈਨੂੰ ਇਥੇ ਆਉਣ ਦੀ ਕੋਈ ਲੋੜ ਨਹੀਂ ਸੀ।' 'ਪ੍ਰਾਣੀ ਤੂੰ ਆਇਆ ਲਾਹਾ ਲੈਣਿ॥' ਅਤੇ 'ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥' ਦਾ ਹੀ ਸਿਧਾਂਤ ਹੈ, ਅਤੇ-

SIKHBOOKCLUB.COM

੧. 'ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥' ਜੇ ਗੁਰੂ ਦੀ ਸੇਵਾ ਤੇ ਭਗਤੀ ਕੀਤੀ ਜਾਵੇ, ਤਦ ਤੇ ਮਨੁਖ ਦੇਹ ਪਾਈ ਹੈ, ਅਤੇ ਜੇ ਇਹ ਦੋਵੇਂ ਕੰਮ ਨਹੀਂ ਕੀਤੇ ਜਾਂਦੇ-ਤਦ 'ਪਸੂ ਮਾਣਸ ਚੰਮਿ ਪਲੇਟੇ' ਹੋਏ ਹਨ, ਕਿਉਂਕਿ 'ਕਰਤੂਤਿ ਪਸੂ ਕੀ ਮਾਨਸ ਜਾਤਿ' ਹੈ।

੨. 'ਸਾਈ ਘੜੀ ਸੁਲਖਣੀ ਸਹੁ ਨਾਲ ਵਿਹਾਵੈ॥' ਦੇ ਭਾਵ ਨੂੰ ਦੂਜੇ ਬੰਦ ਵਿਚ ਕਥਨ ਕੀਤਾ ਹੈ, ਸਿਮਰਨ ਤੋਂ ਬਿਨਾਂ ਇਸ ਜਗਤ ਵਿਚ ਜੀਵਤ ਦਾ ਕੋਈ ਲਾਭ ਨਹੀਂ, ਅਗੇ ਤੀਜੇ ਬੰਦ ਵਿਚ-

੩. 'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥ ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥' ਦਾ ਹੀ ਸਾਰ ਕਥਨ ਕੀਤਾ ਹੈ।

੪. 'ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥' ਦਾ ਵਰਨਣ ਕੀਤਾ ਹੈ।

੫. 'ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥' ਉਸ ਚਿਰ ਦਾ ਵਰਨਣ



Sri Satguru Jagjit Singh Ji eLibrary NamdhariElibrary@gmail.com

ਕੀਤਾ ਹੈ, ਕਿ ਜਦੋਂ ਧਰਤੀ ਤੇ ਅਕਾਸ ਦਾ ਕੋਈ ਨਾਮ ਥੇਹ ਨਹੀਂ ਸੀ, ਤਦੋਂ ਤੋਂ ਹੀ ਮੈਂ ਦਰਸ਼ਨ ਦੀ ਸਿੱਕ ਕਰ ਰਿਹਾ ਹਾਂ ਤੇ ਦਰਸ਼ਨ ਦੇ ਵਾਸਤੇ ਹੀ ਅਨੇਕਾਂ ਜਨਮ ਧਾਰੇ ਹਨ।

੬. 'ਆਖਾ ਜੀਵਾ ਵਿਸਰੈ ਮਰਿ ਜਾਉ॥' ਦਾ ਵਰਨਣ ਕਰ ਕੇ ਅੰਤ ਵਿਚ ਬੇਨਤੀ ਕੀਤੀ ਹੈ, ਮੁਕਤੀ ਦਾਤਿਆ! ਛੇਤੀ ਤੋਂ ਛੇਤੀ ਮਿਤ੍ਰ ਨਾਲ ਮਿਲਾ ਦੇਹ, ਕਿਉਂਕਿ- 'ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕੁ ਜੀਜੈ॥'

## ਪੰਜਾਬੀ ਉਲਥਾ-

ਭਗਤੀ ਤਾਂਘ ਲਗੀ ਜਦ ਭਾਰੀ, ਤਦ ਇਸ ਤਨ ਵਿਚ ਆਯਾ ਸੀ।
ਨਹੀਂ ਤਾਂ ਇਥੇ ਆਵਨ ਸੰਦਾ, ਨਫਾ ਨ ਕੁਝ ਭੀ ਪਾਯਾ ਸੀ।
ਉਮਰਾ ਚੰਗੀ ਓਹੀ ਜਾਣੋ, ਵਿਚ ਸਿਮਰਨ ਜੋ ਬੀਤ ਜਾਏ,
ਨਹੀਂ ਤਾਂ ਨੀਲੇ ਏਸ ਅਕਾਸ਼ੋਂ, ਕੀ ਕੁਝ ਲਾਭ ਉਠਾਯਾ ਸੀ।
ਜਿਸ ਛਿਨ ਪ੍ਰੀਤਮ ਯਾਦ ਨ ਆਵੈ, ਮਰਣਾ ਉਸ ਛਿਨ ਹੁੰਦਾ ਏ,
ਬਿਨ ਸਿਮਰਨ ਜੋ ਸਮਾਂ ਬਿਤਾਯਾ, ਮੁਖ ਤੇ ਦਾਗ਼ ਲਗਾਯਾ ਸੀ।
ਚਰਨ ਪਵਿਤ੍ਰ ਧੂੜੀ ਉਸ ਤੋਂ, ਤਨ-ਮਨ ਸਦਕੇ ਕੀਤਾ ਏ,
ਭੁਲੇ ਭਟਕੇ ਮਨ ਮੇਰੇ ਨੂੰ, ਜਿਨ ਤੇਰਾ ਰਾਹ ਦਿਖਾਯਾ ਸੀ।
ਧਰਤਿ, ਅਕਾਸ਼, ਪਤਾਲਾਂ ਦਾ ਭੀ, ਨਾ ਸੀ ਕੁਈ ਨਿਸ਼ਾਨ ਜਦੋਂ,
ਦਰਸ਼ਨ ਤਾਂਘ ਪਿਆਰੇ ਦੀ ਨੇ, ਵਿਚ ਸਿਜਦੇ ਤਦ ਪਾਯਾ ਸੀ।
ਨੰਦ ਲਾਲ ਪ੍ਰਭ ਸਿਮਰਨ ਬਾਝੋਂ, ਜਿੰਦੜੀ ਮੂਲ ਰਹਾਵੇ ਨ,
ਛੇਤੀ ਦਿਓ ਰਿਹਾਈ ਮੈਨੂੰ, ਮਨ ਪ੍ਰੀਤਮ ਵਲ ਧਾਯਾ ਸੀ॥ ੧॥


Sri Satguru Jagjit Singh Ji eLibrary NamdhariElibrary@gmail.com

## .ਗਜ਼ਲ-੨

**ਦੀਨੋ ਦੁਨੀਆਂ ਦਰ ਕਮੰਦੇ ਆਂ ਪਰੀ ਰੁਖਸਾਰਿ ਮਾ।**
**ਹਰ ਦੋ ਆਲਮ ਕੀਮਤੇ ਯਕ ਤਾਰੇ ਮੂਏ ਯਾਰਿ ਮਾ॥੧॥**

{ਦੀਨੋ=ਧਰਮ ਤੇ। ਦੁਨੀਆਂ=ਜਗਤ, ਸੰਸਾਰ, ਇਹ ਦਿਸਣ ਵਾਲਾ ਪਸਾਰਾ। ਦਰ=ਵਿਚ। ਕਮੰਦੇ=ਫਾਹੀ ਦੇ। ਆਂ=ਉਸ। ਪਰੀ=ਅਪੱਛਰਾਂ, ਦੇਵ ਲੋਕ ਦੀ ਇਸਤ੍ਰੀ। ਰੁਖ਼ਸਾਰਿ=ਗੱਲ੍ਹਾਂ, ਭਾਵ ਚਿਹਰਾ। ਮਾ=ਮੇਰਾ, ਸਾਡਾ। ਹਰ ਦੋ=ਸਤ ਦੋਵੇਂ। ਆਲਮ=ਲੋਕ। ਕੀਮਤੇ=ਮੁਲ ਹਨ। ਯਕ=ਇਕ। ਤਾਰ=ਵਾਲ, ਰੋਮ। ਮੂਏ=ਕੇਸ, ਵਾਲ। ਯਾਰੇ ਮਾ=ਮਿੱਤਰ, ਮੇਰੇ, ਮੇਰੇ ਦੋਸਤ।}

*ਅਰਥ*—ਮੇਰਾ ਦੀਨ ਤੇ ਦੁਨੀਆਂ, ਉਸ ਪਰੀ ਦੇ ਚਿਹਰੇ ਦੀ ਫਾਹੀ ਵਿਚ ਹੈ। ਜਿਸ ਮੇਰੇ ਮਿੱਤਰ ਦੇ ਕੇਸਾਂ ਦੇ ਇਕ ਵਾਲ ਦਾ ਮੁੱਲ ਦੋਵੇਂ ਲੋਕ ਹਨ।

**ਮਾ ਨਮੇ ਆਰੇਮ ਤਾਬੇ ਗ਼ਮਜ਼ ਏ ਮਿਯਗਾਨ ਊ।**
**ਯਕ ਨਿਗਾਹੇ ਜ਼ਾਂ ਫਿਜ਼ਾਇਸ਼ ਬਸ ਬਵਦ ਦਰਕਾਰਿ ਮਾ॥ ੨॥**

{ਮਾ=ਅਸੀਂ। ਨਮੇ=ਨਹੀਂ। ਆਰੇਮ=ਲਿਆਉਂਦਾ। ਤਾਬੇ=ਝਾਲਾ। ਗ਼ਮਜ਼ ਏ=ਇਕ ਨਖਰਾ। ਮਿਹਯਾਨ=ਪੱਲਕਾਂ, ਝਿੰਮਣੀਆਂ। ਊ=ਉਸ ਦੀਆਂ। ਯਕ=ਇਕ। ਨਿਗਾਹੇ=ਨਜ਼ਰ ਉਤੋਂ। ਜਾਂ=ਜਾਨ, ਜਿੰਦੜੀ। ਫਿਜ਼ਾਇਸ਼=ਵਧੌਣ ਵਾਲੀ ਉਸ ਦੀ। ਬਸ=ਕਾਫੀ। ਬਵਦ=ਹੁੰਦੀ ਹੈ। ਦਰਕਾਰਿ=ਲੋੜਵੰਦ। ਮਾ=ਸਾਨੂੰ।}

*ਅਰਥ*—ਅਸੀਂ ਉਸ ਦੀਆਂ ਪੱਲਕਾਂ ਦੇ ਨਖਰੇ ਦੀ ਝਾਲ ਨਹੀਂ ਝਲ ਸਕਦੇ। ਜ਼ਿੰਦਗੀ ਨੂੰ ਵਧਾਉਣ ਵਾਲੀ ਸਾਡੇ ਲਈ ਉਸ ਦੀ ਇਕ ਨਜ਼ਰ ਦੀ ਲੋੜ ਹੀ ਕਾਫੀ ਹੁੰਦੀ ਹੈ।

**ਗਾਹਿ ਸੂਫੀ ਗਾਹਿ ਜ਼ਾਹਦ ਗਾਹਿ ਕਲੰਦਰ ਮੇ ਸ਼ਵਦ।**
**ਰੰਗਹਾਏ ਮੁਖ਼ਤਲਿਫ਼ ਦਾਰਦ ਬੁਤੇ ਅਯਾਰਿ ਮਾ॥ ੩॥**

{ਗਾਹਿ=ਕਦੇ। ਮੇ ਸ਼ਵਦ=ਹੋ ਜਾਂਦਾ ਹੈ। ਰੰਗਹਾਏ=ਬਹੁਤ ਤਰ੍ਹਾਂ ਦੇ ਰੰਗ। ਮੁਖਤਲਿਫ=ਵਖੋ ਵੱਖ ਕਿਸਮਾਂ ਦੇ। ਦਾਰਦ=ਰਖਦਾ ਹੈ। ਬੁਤੇ=ਬੁਤ, ਸਰੀਰ। ਅਯਾਰਿ= ਚਲਾਕ, ਬਹੁਰੂਪੀਆ, ਕਈ ਤਰ੍ਹਾਂ ਦੀਆਂ ਸ਼ਕਲਾਂ ਵਟਾ ਲੈਣ ਵਾਲੇ ਪੁਰਸ਼ ਨੂੰ ਅਯਾਰਿ


Sri Satguru Jagjit Singh Ji eLibrary NamdhariElibrary@gmail.com

ਕਹਿੰਦੇ ਹਨ। ਮਾ=ਮੇਰਾ।}

*ਅਰਥ*—ਕਦੇ ਗਿਆਨੀ, ਕਦੇ ਕਰਮਕਾਂਡੀ ਅਤੇ ਕਦੇ ਦੁਨੀਆਂ ਵਲੋਂ ਮਸਤ ਫਕੀਰ ਹੋ ਜਾਂਦਾ ਹੈ। ਵਖੋ ਵੱਖ ਕਿਸਮਾਂ ਦੇ ਬਹੁਤ ਸਾਰੇ ਰੰਗ ਰਖਦਾ ਹੈ, ਮੇਰਾ ਬਹੁਰੂਪੀਆ (ਆਪਣੇ) ਸਰੀਰ ਉਤੇ।

**ਕਦਰਿ ਲਾਲੇ ਊ ਬਜੁਜ਼ ਆਸ਼ਕ ਨ ਦਾਨਦ ਹੇਚ ਕਸ।**
**ਕੀਮਤੇ ਯਾਕੂਤ ਦਾਨਦ ਚਸ਼ਮਿ ਗੌਹਰ ਬਾਰਿ ਮਾ॥੪॥**

{ਕਦਰਿ ਲਾਲੇ=ਲਾਲ ਦੀ ਕਦਰ। ਊ=ਉਸ। ਬਜੁਜ਼=ਬਿਨਾਂ, ਬਗੈਰ। ਆਸ਼ਕ=ਪ੍ਰੇਮੀ। ਦਾਨਦ=ਜਾਣਦਾ। ਨ=ਨਹੀਂ। ਹੇਚ ਕਸ=ਕੁਝ ਭੀ। ਕੀਮਤੇ=ਮੁਲ। ਯਾਕੂਤ=ਹੀਰਾ, ਇਕ ਤਰ੍ਹਾਂ ਦਾ ਕੀਮਤੀ ਪੱਥਰ। ਚਸ਼ਮਿ=ਅੱਖ। ਗੌਹਰ=ਮੋਤੀ। ਬਾਰਿ=ਬਾਰਸ਼ ਕਰਨ ਵਾਲੀ। ਮਾ=ਮੇਰੀ।}

*ਅਰਥ*— ਉਸ ਲਾਲ ਦੀ ਕਦਰ ਪ੍ਰੇਮੀ ਤੋਂ ਬਿਨਾਂ (ਹੋਰ) ਕੋਈ ਕੁਝ ਭੀ ਨਹੀਂ ਜਾਣਦਾ। ਉਸ ਯਾਕੂਤ ਦਾ ਮੁਲ, ਮੋਤੀਆਂ ਦਾ ਮੀਂਹ ਵਸਾਉਣ ਵਾਲੀ ਮੇਰੀ ਅੱਖ ਹੀ ਜਾਣਦੀ ਹੈ।

SIKHBOOKCLUB.COM

**ਹਰ ਨਫ਼ਸ ਗੋਯਾ ਬ ਯਾਦਿ ਨਰਗਸਿ ਮਖ਼ਮੂਰਿ ਊ।**
**ਬਾਦਾਹਾਇ ਸ਼ੌਕ ਮੇ ਨੋਸ਼ਦ ਦਿਲੇ ਹੁਸ਼ਿਆਰਿ ਮਾ॥੫॥**

{ਹਰ=ਸਭ, ਸਾਰੇ। ਨਫ਼ਸ=ਸਵਾਸ। ਬ=ਸਾਥ ਵਿਚ। ਯਾਦਿ=ਚੇਤੇ, ਸਿਮਰਨ ਦੇ। ਨਰਗਸ=ਇਕ ਤਰ੍ਹਾਂ ਦੇ ਫੁੱਲ ਦਾ ਨਾਮ ਹੈ, ਉਸਦੀ ਉਪਮਾਂ ਅੱਖਾਂ ਨੂੰ ਦਿੱਤੀ ਜਾਂਦੀ ਹੈ, ਇਸ ਲਈ ਭਾਵ ਵਿਚ ਅੱਖਾਂ ਲਈਆਂ ਜਾਂਦੀਆਂ ਹਨ। ਮਖਮੂਰਿ=ਨਸ਼ੇ ਦੀਆਂ ਭਰੀਆਂ ਹੋਇਆਂ, ਮਦ ਮਸਤ। ਊ=ਉਸ। ਬਾਦਾਹਾਇ=ਸ਼ਰਾਬ ਦਾ ਬਹੁ ਵਚਨ, ਸ਼ਰਾਬਾਂ। ਸ਼ੌਕ=ਉਤਸ਼ਾਹ, ਚਾਉ। ਮੇ ਨੋਸ਼ਦ=ਪੀਂਦਾ ਹੈ। ਦਿਲੇ=ਮਨ। ਹੁਸ਼ਿਆਰ=ਸੁਚੇਤ, ਸਾਵਧਾਨ। ਮਾ=ਮੇਰਾ।}

*ਅਰਥ*—ਉਸ ਦੀਆਂ ਮਦ ਮਸਤ ਅਖਾਂ ਦੀ ਯਾਦ ਵਿਚ, ਨੰਦ ਲਾਲ ਹਰ ਇਕ ਸਵਾਸ-ਸਵਾਸ ਮਖਮੂਰ ਰਹਿੰਦਾ ਹੈ। ਮਾਨੋ ਮੇਰਾ ਮਨ ਸਾਵਧਾਨ ਹੋ ਕੇ ਉਤਸ਼ਾਹ ਦੀਆਂ ਸ਼ਰਾਬਾਂ ਪੀਂਦਾ ਹੈ। ੨।

*ਭਾਵ ਅਰਥ*—ਇਸ ਦੂਜੀ ਗ਼ਜ਼ਲ ਵਿਚ ਵਾਹਿਗੁਰੂ ਅਸਚਰਜ ਰੂਪ ਦਾ ਵਰਣਨ ਕੀਤਾ ਹੈ ਕਿ-

'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥' ਹੈ, ਉਸ ਮਹਾਂ ਸ਼ਕਤੀ ਭੰਡਾਰ



Sri Satguru Jagjit Singh Ji eLibrary NamdhariElibrary@gmail.com

ਦੇ ਅਗੇ ਇਹ ਲੋਕ ਪਰਲੋਕ ਕੋਈ ਵੁਕਅਤ ਨਹੀਂ ਰਖਦੇ, ਸਗੋਂ 'ਹਰਨ ਭਰਨ ਜਾ ਕਾ ਨੇਤ੍ਰ ਫੋਰ॥' ਹੈ, ਉਹ ਮਹਾਂ ਸ਼ਕਤੀ ਜਦ ਗੁਰ ਜੋਤੀ ਰੂਪੀ ਹੋ ਕੇ ਪ੍ਰਕਾਸਦਾ ਹੈ, ਤਾਂ ਆਪਣੇ ਪਿਆਰਿਆਂ ਨਾਲ ਅਨੇਕ ਤਰ੍ਹਾਂ ਦੇ ਚੋਜ ਕਰਦਾ ਹੈ, ਕਿਉਂਕਿ ਚੋਜੀ (ਅਜਾਰ) ਜੁ ਹੋਇਆ।

'ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰਾ ਚੋਜੀ ਜੀਉ॥ ਹਰਿ ਆਪੇ ਕਾਨ੍ਹੁ ਉਪਾਇਦਾ ਮੇਰੇ ਗੋਵਿਦਾ ਹਰਿ ਆਪੇ ਗੋਪੀ ਖੋਜੀ ਜੀਉ॥'

ਚੋਜੀ-ਪ੍ਰੀਤਮ ਨੇ ਗੁਰੂ ਜੋਤੀ ਵਿਚ, ਜੋ ਚੋਜ ਕੀਤੇ ਹਨ, ਉਹਨਾਂ ਦਾ ਕੁਝ ਕੁ ਵਰਣਨ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਰਦੇ ਹਨ-

*ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ॥*
*ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ॥*
*ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ॥*
*ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ॥*
*ਬਾਣੀ ਕਰਿ ਸੁਣ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ॥*
*ਸੇਵਕ ਪਾਸ ਨ ਰੱਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ॥*
*ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ॥*
*ਅਜਰ ਜਰੈ ਨ ਆਪੁ ਜਣਾਇਆ॥ ੨੪॥ ੨੬॥*

SIKHBOOKCLUB.COM

## ਪੰਜਾਬੀ ਉਲਥਾ-

ਦੀਨ ਦੁਨੀ ਨੇ ਦੋਵੇਂ ਬੱਝ ਰਹਿ, ਜ਼ੁਲਫ ਪਿਆਰੇ ਦੀ ਅੰਦਰ,
ਕੇਸ ਮਾਹੀ ਦੇ ਇਕ ਵਾਲ ਦੀ, ਕੀਮਤ ਲੋਕ-ਪ੍ਰਲੋਕ ਨਹੀਂ।
ਮਾਹੀ ਮੇਰੇ ਦੀ ਪਲਕਾਂ ਅੰਦਰ, ਲਖਾਂ ਨਾਜ਼ ਨਿਰਾਲੇ ਹਨ,
ਟਿਕੋ ਨਜ਼ਰ ਮੇਹਰ ਦੀ ਕਾਫੀ ਹੋਰ ਕਿਸੇ ਦਾ ਸ਼ੌਕ ਨਹੀਂ।
ਸੂਫੀ ਜਾਹਦ ਮਸਤ ਕਲੰਦਰ ਰੰਗ ਉਸੇ ਦੇ ਸਾਰੇ ਨੇ,
ਹਰ ਇਕ ਖਾਨੇ ਦੇ ਵਿਚ ਬੈਠਾ ਬਿਨਾਂ ਓਸ ਕੁਈ ਥੋਕ ਨਹੀਂ।
ਪ੍ਰੇਮੀ ਬਾਝੋਂ ਯਾਰ ਲਾਲ ਦੀ, ਕਦਰ ਕੁਈ ਭੀ ਜਾਣੇ ਨਾ,'
ਕੂੜ ਸੁਚੇ ਦਾ ਮੂਲ ਕੀ ਜਾਣੇ ਨੈਣ ਅੰਝੁ ਜਿਸ ਓਕ ਨਹੀਂ।
ਹਰ ਦਮ ਸਿਮਰਨ ਅੰਦਰ ਗੋਯਾ ਨੈਣ ਤਿਰੇ ਮਤਵਾਲੇ ਦੀ,
ਪ੍ਰੇਮ ਪਯਾਲੇ ਪੀਂਦੇ ਰਹਿੰਦੇ ਏਸ ਬਿਨਾਂ ਦਿਲ ਪੋਖ ਨਹੀਂ। ੨।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੩

**ਬਿਦਿਹ ਸਾਕੀ ਮਰਾ ਯਕ ਜਾਮ ਜ਼ਾਂ ਰੰਗੀਨੀਏ ਦਿਲਹਾ।**

**ਬਚਸ਼ਮੇ ਪਾਕ ਬੀਂ ਆਸਾਂ ਕੁਨਮ ਈਂ ਜ਼ੁਮਲਹ ਮੁਸ਼ਕਲ ਹਾ॥ ੧॥**

{ਬਿਦਿਹ=ਦੇਹ। ਸਾਕੀ=ਸ਼ਰਾਬ ਪਿਆਉਣ ਵਾਲਾ, ਭਾਵ ਗੁਰੂ। ਮਰਾ=ਮੈਨੂੰ। ਯਕ=ਇਕ। ਜਾਮ=ਪਿਆਲਾ। ਜ਼ਾਂ=(ਅਜ਼ਾਂ) ਤੋਂ ਨਾਲ। ਰੰਗੀਨੀਏ=ਰੰਗ ਵਾਲੀ। ਦਿਲਹਾ=ਦਿਲ ਦਾ ਬ: ਬ: ਦਿਲਾਂ। ਬਚਸ਼ਮੇ=ਨਾਲ ਅੱਖ ਦੇ। ਪਾਕ=ਪਵਿਤ੍ਰ। ਬੀਂ=ਵੇਖਣ ਵਾਲੀ। ਆਸਾਂ=ਆਸਾਨ, ਸੌਖੀ ਮੁਸ਼ਕਲ ਦੇ ਉਲਟ, ਸੁਖਾਲ। ਕੁਨਮ=ਕਰਾਂ ਮੈਂ। ਈਂ=ਇਹ। ਜ਼ੁਮਲਹ=ਸਾਰੀਆਂ। ਮੁਸ਼ਕਲਹ=ਮੁਸ਼ਕਲਾਂ, ਕਠਨਾਈਆਂ, ਔਕੜਾਂ।}

*ਅਰਥ*—ਹੇ ਸਾਕੀ ! ਮੈਨੂੰ ਇਕ ਪਿਆਲਾ ਦੇਹੁ, ਜਿਸ ਤੋਂ ਦਿਲਾਂ ਨੂੰ ਰੰਗਤ (ਚੜ੍ਹਦੀ ਹੈ)। ਜਿਸ ਕਰ ਕੇ ਇਹਨਾਂ ਸਾਰੀਆਂ ਮੁਸ਼ਕਲਾਂ ਨੂੰ ਮੈਂ ਆਸਾਨ ਕਰ ਲਵਾਂ ਅਤੇ ਅੱਖਾਂ ਨਾਲ ਪਵਿੱਤਰ ਨੂੰ ਵੇਖ ਲਵਾਂ।

SIKHBOOKCLUB.COM

**ਮਰਾ ਦਰ ਮਨਜ਼ਲਿ ਜਾਨਾ ਹਮਹ ਐਸ਼ੋ ਹਮਹ ਸ਼ਾਦੀ।**

**ਜਰਸ ਬੇਹੂਦਾ ਮੇ ਨਾਲਦ ਕੁਜਾ ਬੰਦੇਮ ਮਹਮਿਲਹਾ॥੨॥**

{ਮਰਾ=(ਮ+ਰਾ) ਮੈਨੂੰ। ਦਰ=ਵਿਚ। ਮਨਜ਼ਲਿ=ਰਾਹ ਦੇ। ਜਾਨਾ=ਪਿਆਰੇ। ਹਮਹ=ਸਾਰੀਆਂ। ਐਸੋ=ਖੁਸ਼ੀਆਂ ਤੇ ਸ਼ਾਦੀ=ਸ਼ਾਦਿਆਨੇ, ਅਨੰਦ, ਮੌਜਾਂ। ਜਰਸ=ਊਠ ਦੇ ਗਲ ਵਿਚ ਬੱਧੀ ਹੋਈ ਟੱਲੀ। ਬੇਹੂਦਾ=ਬੇਫ਼ਾਇਦਾ, ਬੇ-ਅਰਥ। ਮੇ ਨਾਲਦ=ਰੋਂਦੀ ਹੈ, ਵੱਜਦੀ ਹੈ। ਕੁਜ਼ਾ=ਕਿਥੇ। ਬੰਦੇਮ=ਬੰਨ੍ਹਾਂ ਮੈਂ। ਮਹਮਿਲਹਾ= ਕਚਾਵੇ।}

*ਅਰਥ*— ਮੈਨੂੰ ਪਿਆਰੇ ਦੇ ਰਾਹ ਵਿਚ ਸਾਰੀਆਂ ਖੁਸ਼ੀਆਂ ਤੇ ਸਾਰੀਆਂ ਮੌਜਾਂ ਹਨ। ਘੜਿਆਲ ਬੇਅਰਥ ਰੋਂਦਾ ਹੈ, ਮੈਂ ਕਚਾਵੇ ਕਿਧਰ ਬੰਨ੍ਹਾਂ?

**ਖ਼ੁਦਾ ਹਾਜ਼ਿਰ ਬਵਦ ਦਾਯਮ ਬਬੀਂ ਦੀਦਾਰ ਪਾਕਸ਼ ਰਾ।**

**ਨ ਗਿਰਦਾਬੇ ਦਰੋ ਹਾਇਲ ਨ ਦਰਯਾ ਓ ਨ ਸਾਹਿਲਹਾ॥ ੩॥**

{ਖ਼ੁਦਾ=ਵਾਹਿਗੁਰੂ, ਪ੍ਰਮਾਤਮਾ, ਰੱਬ। ਹਾਜ਼ਿਰ=ਪ੍ਰਤੱਖ, ਜ਼ਾਹਿਰ, ਸਾਹਮਣੇ। ਬਵਦ=ਹੁੰਦਾ ਹੈ। ਦਾਯਮ=ਸਦਾ, ਹਮੇਸ਼ਾਂ। ਬਬੀਂ=ਵੇਖ। ਦੀਦਾਰ=ਦਰਸ਼ਨ। ਪਾਕਸ਼=ਪਵਿਤ੍ਰ ਉਸ। ਰਾ=ਦਾ। ਗ਼ਿਰਦਾਬੇ=ਗਿਰਦਾਵ, ਘੁੰਮਣਘੇਰੀ। ਦਰੋ=(ਦਰ ਓ)



Sri Satguru Jagjit Singh Ji eLibrary NamdhariElibrary@gmail.com

ਵਿਚ ਉਸ ਦੇ। ਹਾਇਲ=ਪਈ ਹੋਈ। ਦਰਿਯਾ=ਨਦੀ। ਓ=ਅਤੇ, ਔਰ। ਸਾਹਿਲਹਾ=ਕੰਢੇ, ਕਿਨਾਰੇ।}

*ਅਰਥ*—ਵਾਹਿਗੁਰੂ ਸਦਾ ਹੀ ਹਰ ਥਾਂ ਤੇ ਹਾਜ਼ਰ ਹੁੰਦਾ ਹੈ, ਉਸ ਦੇ ਪਵਿੱਤਰ ਦਰਸ਼ਨ ਨੂੰ ਵੇਖ। ਉਸ ਵਿਚ ਕੋਈ ਘੁੰਮਣਘੇਰੀ ਨਹੀਂ ਪਈ ਹੋਈ, ਨਾ ਕੋਈ ਨਦੀ ਹੈ ਤੇ ਨਾ ਹੀ ਕੋਈ ਕੰਢੇ ਹਨ।

**ਚਰਾ ਬੇਹੂਦਹ ਮੇ ਗਰਦੀ ਬ ਸਹਰਾ ਓ ਬ ਦਸਤ ਐ ਦਿਲ।**
**ਚੂੰ ਆਂ ਸੁਲਤਾਨਿ ਖ਼ੂਬਾਂ ਕਰਦਹ ਅੰਦਰ ਦੀਦਹ ਮੰਜ਼ਿਲਹਾ॥ ੪॥**

{ਚਰਾ=ਕਿਉਂ। ਬੇਹੂਦਹ=ਬੇਅਰਥ। ਮੇ ਗਰਦੀ=ਫਿਰਦਾ ਹੈਂ। ਬ ਸਹਰਾ= ਸ਼ਹਿਰਾਂ ਵਿਚ। ਓ=ਅਤੇ। ਬ ਦਸ਼ਤ=ਜੰਗਲਾਂ ਵਿਚ। ਐ ਦਿਲ=ਹੇ ਮਨ। ਚੂੰ=ਜਦ ਕਿ। ਆਂ=ਉਸ। ਸੁਲਤਾਨਿ=ਪਾਤਸ਼ਾਹ ਨੇ। ਖ਼ੂਬਾਂ=ਸੋਹਣਿਆਂ। ਕਰਦਹ=ਕੀਤਾ ਹੈ। ਅੰਦਰ=ਵਿਚ। ਦੀਦਹ=ਅੱਖਾਂ। ਮੰਜ਼ਿਲਹਾ=ਡੇਰਾ।}

*ਅਰਥ*—ਹੇ ਮਨ ! ਕਿਉਂ ਬਿਰਥਾ ਫਿਰਦਾ ਹੈਂ ਸ਼ਹਿਰਾਂ ਵਿਚ ਤੇ ਉਜਾੜਾਂ ਵਿਚ ਜਦ ਕਿ ਉਸ ਸੋਹਣਿਆਂ ਦੇ ਸੁਲਤਾਨ ਨੇ ਅੱਖਾਂ ਵਿਚ ਡੇਰਾ ਕੀਤਾ ਹੋਇਆ ਹੈ।

SIKHBOOKCLUB.COM

**ਚੁ ਗ਼ੈਰ ਅਜ਼ ਜ਼ਾਤਿ ਪਾਕਸ਼ ਨੇਸਤ ਦਰ ਹਰਜਾ ਕਿ ਮੇ ਬੀਨਮ।**
**ਬਗੋ ਗੋਯਾ ਕੁਜਾ ਬਿਗੁਜ਼ਾਰਮ ਈਂ ਦੁਨੀਆ ਓ ਅਹਲਿਲਹਾ॥**

{ਚੁ=ਜਦ। ਗ਼ੈਰ=ਬਿਗਾਨਾ। ਅਜ਼=ਤੋਂ। ਜ਼ਾਤਿ=ਹੋਂਦ। ਪਾਕਸ਼=ਪਵਿਤ੍ਰ ਉਸ। ਨੇਸਤ=(ਨ+ਅਸਤ) ਨਹੀਂ ਹੈ। ਦਰ=ਵਿਚ। ਹਰ ਜਾ=ਸਭ ਜਗ੍ਹਾਂ। ਕਿ=ਜਿਥੇ। ਮੇ ਬੀਨਮ= ਵੇਖਦਾ ਹਾਂ ਮੈਂ। ਬਗੋ=ਕਹੁ, ਦੱਸ। ਕੁਜਾ=ਕਿਥੇ। ਬਿਗੁਜ਼ਾਰਮ=ਛੱਡ ਕੇ ਜਾਵਾਂ। ਈਂ=ਇਸ। ਦੁਨੀਆ=ਜਗਤ, ਸੰਸਾਰ। ਅਹਲਿਲਹਾ=ਵਸਣ ਵਾਲਿਆਂ ਨੂੰ।}

*ਅਰਥ*—ਜਦ ਕਿ ਉਸ ਦੀ ਪਵਿੱਤਰ ਹੋਂਦ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ। ਸਭ ਜਗ੍ਹਾ ਵਿਚ ਉਹੀ ਦਿਸਦਾ ਹੈ, ਜਿਥੇ ਭੀ ਮੈਂ ਵੇਖਦਾ ਹਾਂ। (ਤਾਂ ਫਿਰ) ਹੇ ਨੰਦ ਲਾਲ ! ਦੱਸ, ਕਿਥੇ ਛਡ ਕੇ ਚਲਾ ਜਾਵਾਂ ਮੈਂ, ਇਸ ਦੁਨੀਆਂ ਅਤੇ ਇਸ ਦੇ ਵਿਚ ਵਸਣ ਵਾਲਿਆਂ ਨੂੰ।

### ਪੰਜਾਬੀ ਉਲਥਾ-

ਸਾਕੀ! ਭਰ ਦੇ ਪ੍ਰੇਮ ਪਜਾਲਾ, ਦਿਲ ਰੰਗਯਾ ਮੇਰਾ ਜਾਵੇ,
ਕਰ ਦਰਸ਼ਨ ਨੈਣ ਹੋਣ ਪਵਿੱਤਰ, ਹਲ ਮੁਸ਼ਕਲ ਹੋ ਜਾਵੇ।
ਰਾਹ ਪ੍ਰੀਤਮ ਦੇ ਵਿਚ ਖੁਸ਼ੀਆਂ, ਸਾਨੂੰ ਨਿਤ ਸ਼ਦਿਆਨੇ ਹਨ,



Sri Satguru Jagjit Singh Ji eLibrary NamdhariElibrary@gmail.com

ਬਿਰਥਾ ਘੰਟੀ ਟਨ ਟਨ ਕਰਦੀ, ਮੈਂ ਕਤ ਵਲ ਭਰਾਂ ਕਚਾਵੇ।
ਪ੍ਰੀਤਮ ਹਰ ਥਾਂ ਹਾਜ਼ਰ ਨਾਜ਼ਰ ਦੇਖਾਂ ਤੇਰਾ ਰੂਪ ਸਦਾ,
ਤੁਧ ਵਿਚ ਘੁੰਮਣਘੇਰਿ ਕੋਈ ਨ, ਨਾ ਨਦੀ ਨਾ ਕੰਢਾ ਥਾਂਵੇ।
ਹੇ ਮਨ! ਕਿਉਂ ਤੂੰ ਬਿਰਥਾ ਫਿਰਦਾ, ਸ਼ਹਿਰਾਂ ਵਿਚ ਉਜਾੜਾਂ ਦੇ,
ਸੋਹਣਿਆਂ ਦਾ ਸੁਲਤਾਨ ਸਾਂਈ, ਵਿਚ ਅਖੀਂ ਡੇਰਾ ਲਾਵੇ।
ਬਾਝ ਪਿਆਰੇ ਕੋਈ ਨ ਦਿਸਦਾ, ਜਿਤ ਕਿਤ ਵਲ ਮੈਂ ਵੇਖਾਂ,
ਨੰਦ ਲਾਲ ਫਿਰ ਜਗ ਵਿਚ ਕਿਸ ਦਾ, ਤਿਆਗ ਕਰੇ ਕਿਤ ਜਾਵੇ॥ ੩॥

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੪

**ਬਿਆ ਐ ਸਾਕੀਏ ਰੰਗੀਂ ਜ਼ਿ ਮੈ ਪੁਰ ਕੁਨ ਅਯਾਗ ਈਂ ਜਾ।**
**ਨਸ਼ਾਏ ਲਾਲ ਮੈ ਗੂਨ ਤ ਜ਼ਿ ਹੱਕ ਬਖ਼ਸ਼ਦ ਸੁਰਾਗ ਈਂ ਜਾ ॥੧॥**

{ਬਿਆ=ਆਓ, ਐ=ਸੰਬੋਧਨ ਵਾਕ, ਹੈ। ਸਾਕੀਏ=ਸ਼ਰਾਬ ਦੇਣ ਵਾਲੇ। ਰੰਗੀਲੇ, ਰੰਗ ਵਾਲੇ। ਜ਼ਿ=ਨਾਲ। ਮੈ=(ਮਯ) ਸ਼ਰਾਬ। ਪੁਰ ਕੁਨ=ਭਰ ਦੇਹੁ। ਅਯਾਗ=ਪਿਆਲਾ। ਈਂ ਜਾ=ਇਸ ਥਾਂ, ਇਥੇ। ਨਸ਼ਾਏ=ਮਸਤੀ। ਖੁਮਾਰੀ=ਸਰੂਰ। ਲਾਲ=ਸੁਰਖ਼। ਗੂੰਨ=ਰੰਗ ਵਾਲੀ। ਤ=ਤੇਰੀ। ਜ਼ਿ=ਤੋਂ। ਹੱਕ=ਪਰਮਾਤਮਾਂ, ਰੱਬ, ਵਾਹਿਗੁਰੂ। ਬਖ਼ਸ਼ਦ=ਬਖ਼ਸ਼ਦਾ ਹੈ। ਸੁਰਾਗ਼=ਭੇਦ, ਪਤਾ। ਈਂ ਜਾ=ਇਥੇ ਹੀ।}

*ਅਰਥ*—ਹੇ ਰੰਗਣ ਵਾਲੇ ਸਾਕੀ ! ਇਥੇ ਆਓ ਅਤੇ ਸ਼ਰਾਬ ਨਾਲ ਪਿਆਲਾ ਭਰ ਦੇਹੁ। ਤੇਰੀ ਲਾਲ ਰੰਗ ਵਾਲੀ ਸ਼ਰਾਬ ਦੀ ਮਸਤੀ ਇਥੇ ਹੀ ਵਾਹਿਗੁਰੂ ਦੇ ਭੇਦ ਬਖਸ਼ਦੀ ਹੈ।

**ਅਨਲਹਕ ਅਜ਼ਲਬੇ ਮਨਸੂਰ ਹਮਚੂੰ ਸ਼ੀਸ਼ਾ ਕੁਲਕੁਲ ਕਰਦ।**
SIKHBOOKCLUB.COM
**ਕਿ ਆਰਦ ਤਾਬਿ ਈਂ ਸਾਹਿਬਾ ਕੁਜਾ ਜਾਮੇ ਦਿਮਾਗ਼ ਈਂ ਜਾ ॥੨॥**

{ਅਨਲਹਕ=ਅੰਹ ਬ੍ਰਹਮਾਸਮਿ, ਮੈਂ ਰੱਬ ਹਾਂ। ਅਜ਼=ਤੋਂ। ਲਬੇ=ਬੁੱਲ੍ਹਾਂ। ਮਨਸੂਰ=ਇਕ ਫਕੀਰ ਦਾ ਨਾਮ ਹੈ, ਜੋ ਫਾਰਸ ਦੇਸ ਵਿਚ ਹੋਇਆ ਤੇ ਸੂਲੀ ਤੇ ਚੜ੍ਹਾਇਆ ਗਿਆ ਸੀ। ਹਮ ਚੂੰ=ਵਾਗੂੰ। ਸ਼ੀਸ਼ਾ=ਬੋਤਲ। ਕੁਲਕੁਲ=ਬੋਤਲ ਵਿਚੋਂ ਸ਼ਰਾਬ ਡੁਲ੍ਹਣ ਦੀ ਆਵਾਜ਼। ਕਰਦਾ=ਕੀਤਾ। ਕਿ=ਜਿਹੜਾ। ਆਰਦ=ਲਿਆਉਂਦਾ ਏ। ਤਾਬ=ਝਾਲ, ਸੱਤਜਾ। ਈਂ=ਇਸ। ਸਾਹਿਬਾ=ਸ਼ਰਾਬ। ਕੁਜਾ=ਕਿਥੇ। ਜਾਮੇ=ਪਿਆਲਾ।}

*ਅਰਥ*—ਮਨਸੂਰ ਦੇ ਬੁੱਲ੍ਹਾਂ ਤੋਂ ਅਨਲਹਕ (ਇਸ ਤਰ੍ਹਾਂ ਨਿਕਲਿਆ) ਜਿਵੇਂ ਬੋਤਲ ਕੁਲਕੁਲ ਕਰਦੀ ਹੈ। ਇਥੇ ਕਿਹੜੇ ਦਿਮਾਗ ਦਾ ਪਿਆਲਾ ਹੈ, ਜੋ ਇਸ ਸ਼ਰਾਬ ਦੀ ਤਾਬ ਲਿਆਉਂਦਾ ਹੈ। ਭਾਵ=ਕੋਈ ਭੀ ਸ਼ਰਾਬ ਅਜੇਹੀ ਝਾਲ ਨਹੀਂ ਰਖਦੀ, ਜੇਹੀ ਕੁ ਸਿਮਰਨ ਦੀ ਮਸਤੀ ਹੈ।

**ਜਹਾਂ ਤਾਰੀਕ ਸ਼ੁਦ ਜਾਨਾਂ ਬਰ ਅਫ਼ਰੋਜ਼ ਈਂ ਕਦੇ ਰਾਅਨਾ।**
**ਨੁਮਾ ਰੁਖਸਾਰਿ ਤਾਬਾਂ ਕਿ ਮੇਬਾਯਦ ਚਰਾਗ਼ ਈਂ ਜਾ ॥ ੩ ॥**

{ਜਹਾ=ਜਹਾਨ, ਜਗਤ। ਤਾਰੀਕ=ਹਨੇਰਾ। ਸ਼ੁਦ=ਹੋ ਗਿਆ। ਜਾਨਾਂ=ਪਿਆਰਾ



Sri Satguru Jagjit Singh Ji eLibrary NamdhariElibrary@gmail.com

ਮਿਤ੍ਰ। ਬਰ ਅਫ਼ਰੋਜ਼=ਚਮਕ, ਪ੍ਰਕਾਸ਼। ਈਂ=ਇਸ। ਕਦੇ=ਸ਼ਰੀਰ। ਰਾਅਨਾ=ਸੋਹਣਾ। ਨੁਮਾ=ਵਿਖਾ। ਰੁਖਸਾਰਿ=ਗੱਲ੍ਹਾਂ। ਤਾਬਾਂ=ਚਮਕਣ ਵਾਲੀਆਂ। ਕਿ=ਜੋ। ਬੇ-ਬਾਯਦ=ਚਾਹੀਦਾ ਹੈ। ਚਰਾਗ਼=ਦੀਵਾ (ਭਾਵ ਦਰਸ਼ਨ)। ਈਂ ਜਾ=ਇਥੇ।}

*ਅਰਥ*—ਜਗਤ ਵਿਚ ਹਨੇਰਾ ਹੋ ਗਿਆ ਹੈ, ਹੇ ਮਿਤ੍ਰ! ਇਸ ਸੋਹਣੇ ਸਰੀਰ ਨੂੰ ਚਮਕਾਓ। ਤੂੰ ਆਪਣੀਆਂ ਚਮਕਣ ਵਾਲੀਆਂ ਗੱਲ੍ਹਾਂ ਵਿਖਾ, (ਅਰਥਾਤ ਪ੍ਰਕਾਸ਼ ਸਰੂਪ ਦਰਸ਼ਨ ਦੇਹੁ) ਕਿਉਂ ਜੋ ਇਥੇ ਦੀਵਾ ਚਾਹੀਦਾ ਹੈ।

*ਭਾਵ*—'ਗੁਰ ਬਿਨ ਘੋਰ ਅੰਧਾਰ' ਹੈ, ਅਤੇ 'ਗੁਰ ਚਾਨਣ ਤਿਹੁ ਲੋਇ' ਹੈ, ਇਸ ਕਰ ਕੇ ਹੇ ਗੁਰੂ ! ਇਸ ਅੰਧਕਾਰ ਰੂਪ ਜਗਤ ਵਿਚ ਤੇਰਾ ਦਰਸ਼ਨ ਪ੍ਰਕਾਸ਼ ਪੁੰਜ ਹੈ, ਉਸ ਦਾ ਜਲਵਾ ਬਖਸ਼।

**ਬਈਂ ਯਕਦਮ ਕਿਯਾਦ ਆਯਦ ਤਵਾਂ ਉਮਰੇ ਬਸਰ ਬੁਰਦਨ।**

**ਅਗਰ ਯਕ ਦਮ ਕਸੇ ਯਾਬਦ ਬਸ਼ੌਕੇ ਹੱਕ ਫ਼ਰਾਗ਼ ਈਂ ਜਾ ॥੪॥**

{ਬਾਈਂ=ਇਸ ਵਿਚ। ਯਕ ਦਮ=ਇਕ ਸ੍ਵਾਸ। ਕਿ=ਜਦੋਂ। ਯਾਦ=ਚੇਤੇ, ਸਿਮਰਨ ਵਿਚ। ਆਯਦ=ਆਵੈ। ਤਵਾਂ=ਤਵਾਨ, ਸਕੀਏ, ਤਾਕਤ ਰਖਣੀ। ਉਮਰੇ=ਆਯੂ, ਜ਼ਿੰਦਗੀ। ਬਸਰ ਬੁਰਦਨ=ਗੁਜ਼ਰ ਚੁਕੀ ਹੋਈ। ਅਗਰ=ਜੇਕਰ। ਯਕ ਦਮ=ਇਕ ਸਵਾਸ। ਕਸੇ=ਕੋਈ। ਯਾਬਦ=ਪਾਵੇ, ਪਾ ਲਵੇ। ਬ ਸ਼ੌਕਿ=ਦੇ ਚਾਉ ਵਿਚ। ਹੱਕ=ਵਾਹਿਗੁਰੂ ਫ਼ਰਾਗ=ਖੁਸ਼ੀ, ਅਨੰਦ।}

*ਅਰਥ*—ਇਸ ਇਕ ਸਵਾਸ ਵਿਚ ਹੀ, ਜਦੋਂ ਸਿਮਰਨ ਵਿਚ ਆ ਜਾਵੇਂ, (ਸਾਰੀ) ਉਮਰਾ ਗੁਜ਼ਰ ਚੁਕੀ ਹੋਈ ਵਿਚੋਂ-ਜੇਕਰ ਕੋਈ ਇਕ ਸਵਾਸ ਭੀ ਸ਼ੌਂਕ ਦੇ ਨਾਲ ਵਾਹਿਗੁਰੂ ਦੇ ਸਿਮਰਨ ਨੂੰ ਪਾ ਲਵੇ, (ਤਾਂ ਉਸ ਨੂੰ) ਇਥੇ ਹੀ ਖੁਸ਼ੀਆਂ ਹਨ।

**ਦੁ ਚਸ਼ਮੇ ਮਨ ਕੇ ਦਰਿਯਾਇ ਅਜ਼ੀਮੁਲਸ਼ਾਂ ਬਵਦ ਗੋਯਾ।**

**ਕਿਹਰ ਅਸ਼ਕਮ ਬਵਦ ਸਾਦਾਬੀਏ ਸਦ ਬਾਗ਼ ਬਾਗ਼ ਈਂ ਜਾ ॥ ੫ ॥**

{ਦੁ=ਦੋ। ਚਸ਼ਮੇ=ਅੱਖਾਂ। ਮਨ=ਮੇਰੇ। ਕਿ=ਜੋ, ਜੇਹੜੇ। ਦਰਿਯਾਇ=ਦਰਿਆਉ, ਨਦੀ। ਅਜ਼ੀਮੁਲਸ਼ਾਂ=ਵੱਡੀ ਸ਼ਾਨ ਵਾਲੀ। ਬਵਦ=ਹੁੰਦੇ ਹਨ। ਗੋਯਾ=ਕਵਿ ਛਾਪ, ਉਪਨਾਮ। ਕਿ=ਜੇਹੜਾ। ਹਰ=ਹਰ ਇਕ। ਅਸ਼ਕਮ=ਅਥਰੂ, ਹੰਝੂ ਮੇਰਾ। ਸਾਦਾਬੀਏ=ਸੈਰਾਬ ਕਰਨਾ, ਸਿੰਜਣਾ। ਸਦ ਸੈਂਕੜੇ। ਬਾਗ=ਬਗੀਚੇ। ਈਂ ਜਾ=ਇਥੇ।}

*ਅਰਥ*—ਨੰਦ ਲਾਲ ਜੀ ਕਹਿੰਦੇ ਹਨ-ਮੇਰੀਆਂ ਦੋਵੇਂ ਅੱਖਾਂ ਜੋ ਬੜੇ ਵੱਡੇ ਦਰਿਆ ਸਮਾਨ ਬਣੀਆਂ ਹੋਈਆਂ ਹਨ। ਉਹਨਾਂ ਤੋਂ ਨਿਕਲੇ ਹੋਏ ਮੇਰੇ ਹਰ ਇਕ ਅੱਥਰੂ ਤੋਂ, ਇਥੋਂ



Sri Satguru Jagjit Singh Ji eLibrary NamdhariElibrary@gmail.com

ਦੇ ਸੈਂਕੜੇ ਬਾਗ਼ ਬਗੀਚੇ ਸ਼ਰਸਾਰ ਹੋ ਜਾਂਦੇ ਹਨ।

*ਭਾਵ*—ਪ੍ਰੀਤਮ ਦੇ ਵਿਛੋੜੇ ਦੇ ਦੁਖ ਕਰ ਕੇ 'ਮੈ ਨੀਰ ਵਹੇ ਵਹਿ ਚਲੇ ਜੀਉ' ਦੀ ਅਜੇਹੀ ਦਸ਼ਾ ਹੋ ਰਹੀ ਹੈ, ਕਿ ਸੈਂਕੜੇ ਬਾਗਾਂ ਨੂੰ ਸਿੰਜਣ ਜੋਗਾ ਪਾਣੀ ਅੱਖਾਂ ਤੋਂ ਨਿਕਲ ਰਿਹਾ ਹੈ।

## ਪੰਜਾਬੀ ਉਲਥਾ-

ਆ ਹੇ ਸਤਿਗੁਰ ਸਾਕੀ ਪਯਾਰੇ! ਭਰ ਦੇਹ ਪਰੇਮ ਪਿਆਲੇ।
ਮਨ ਮਤਵਾਲਾ ਹੋਵੇ ਜਾਣੂ ਰਮਜ਼ਾਂ ਰੱਬ ਦੀਆਂ ਵਾਲੇ।
'ਮੈਂ ਹਾਂ ਰੱਬ' ਮਨਸੂਰ ਲਬਾਂ ਤੋਂ ਜਿਉਂ ਬੋਤਲ ਕੁਲਕੁਲ ਕੀਤਾ,
ਇਸ ਸ਼ਰਾਬ ਦੀ ਤਾਬ ਝੱਲਣ ਉਹ ਜੋ ਸੀਸ ਵਢਾਵਣ ਵਾਲੇ।
ਹੇ ਗੁਰ ਜਗਤ ਅੰਧੇਰਾ ਤੁਧੁ ਬਿਨ ਧਰਮ ਨਾ ਨਜ਼ਰੀ ਆਉਂਦਾ,
ਦੇ ਕੇ ਦਰਸ਼ਨ ਚਾਨਣ ਕਰ ਦਿਓ, ਪ੍ਰਕਾਸ਼ ਪੁੰਜ ਮੁਖ ਵਾਲੇ।
ਯਾਦ ਸਾਂਈ ਦੀ ਦਮ ਦਮ ਕੀਤੇ, ਉਮਰ ਸਫਲ ਸਭ ਹੁੰਦੀ ਏ,
ਸ਼ੌਂਕ ਸਾਂਈ ਜਿ ਮਨ ਵਿਚ ਵਸੇ, ਜਗ ਮੋਹ ਮਿਟਾਵਣ ਵਾਲੇ।
ਨੈਨ ਮਿਰੇ ਦੋ ਦਰਸ ਪੀਆ ਬਿਨ, ਨਿਤ ਨਦੀ ਜਿਉਂ ਵਹਿੰਦੇ ਹਨ,
ਸੌ ਸੌ ਬਾਗਾਂ ਨੂੰ ਨਿਤ ਸਿੰਜਣ ਹੰਝੂ ਬਣ ਪਰਨਾਲੇ॥ ੪॥

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ-੫

**ਰਹ ਰਸਾਨੇ ਰਾਹਿ ਹੱਕ ਆਮਦ ਅਦਬ।**
**ਹਮ ਬਦਿਲ ਯਾਦੇ ਖ਼ੁਦਾ ਓ ਹਮ ਬਲਬ॥ ੧॥**

{ਰਹ=ਰਸਤਾ। ਰਸਾਨੇ=ਪਹੁੰਚਾਉਣ ਵਾਲਾ। ਰਾਹਿ=ਰਸਤਾ ਹੈ। ਹੱਕ=ਰੱਬ, ਵਾਹਿਗੁਰੂ। ਆਮਦ=ਆਯਾ ਹੈ। ਅਦਨ=ਸਤਿਕਾਰ, ਨਿਮ੍ਰਤਾ। ਹਮ=ਭੀ। ਬ ਦਿਲੇ= ਦਿਲ ਨਾਲ, ਮਨ ਨਾਲ। ਯਾਦੇ=ਚਿੰਤਨ ਹੋਵੇ। ਖ਼ੁਦਾ=ਵਾਹਿਗੁਰੂ। ਓ=ਅਤੇ। ਹਮ=ਭੀ। ਬਲਬ=ਬੁੱਲ੍ਹਾਂ ਨਾਲ।}

*ਅਰਥ*—ਵਾਹਿਗੁਰੂ ਤਕ ਪੁਚਾਵਣ ਵਾਲਾ ਰਾਹ ਆਇਆ ਹੈ 'ਅਦਬ'। ਮਨ ਨਾਲ ਭੀ ਵਾਹਿਗੁਰੂ ਯਾਦ ਹੋਵੇ ਅਤੇ ਬੁੱਲ੍ਹਾਂ ਨਾਲ ਭੀ।

*ਭਾਵ*— ਨਿੰਮਰਤਾ ਨੂੰ ਧਾਰਨ ਕਰ ਕੇ ਜਗਿਆਸੂ 'ਮਨ ਸਾਂਈ ਮੁਖਿ ਉਚਰਾ' ਦੀ ਅਵਸਥਾ ਪ੍ਰਾਪਤ ਕਰੇ। ਇਹੋ ਰਸਤਾ ਵਾਹਿਗੁਰੂ ਦੇ ਦਰ ਤੇ ਪਹੁੰਚਾਵਣ ਵਾਲਾ ਹੈ।

SIKHBOOKCLUB.COM

**ਹਰ ਕੁਜਾ ਦੀਦੇਮ ਅਨਵਾਰੇ ਖ਼ੁਦਾ।**
**ਬਸ ਕਿ ਅਜ਼ ਸੁਹਬਤ ਬਜ਼ੁਰਗਾਂ ਸ਼ੁਦ ਜਜ਼ਬ॥ ੨॥**

{ਹਰ=ਕੁਜਾ=ਹਰ ਇਕ ਜਗ੍ਹਾ ਤੇ। ਦੀਦੇਮ=ਵੇਖਿਆ ਹੈ ਮੈਂ। ਅਨਵਾਰੇ=ਨੂਰ ਦਾ ਬ: ਬ:, ਜਲਵਾ। ਖ਼ੁਦਾ=ਵਾਹਿਗੁਰੂ। ਬਸ ਕਿ=ਜਦ। ਅਜ਼=ਤੋਂ। ਸੁਹਬਤ=ਸੰਗਤ। ਬਜ਼ੁਰਗਾਂ=ਭਲੇ ਪੁਰਸ਼ਾਂ, ਮਹਾਤਮਾ ਜਨਾਂ। ਸ਼ੁਦ=ਹੋਈ ਹੈ। ਜਜ਼ਬ=ਖਿਚ, ਰੁੱਝ, ਲੱਗਾ।}

*ਅਰਥ*—ਹਰ ਇਕ ਜਗ੍ਹਾ ਵਿਚ ਮੈਂ ਰੱਬ ਦਾ ਨੂਰ ਦੇਖ ਰਿਹਾ ਹਾਂ, ਜਦ ਤੋਂ ਕਿ (ਮੈਨੂੰ) ਸੰਤਾਂ ਦੀ ਸੰਗਤ ਦੀ ਖਿੱਚ ਹੋਈ ਹੈ।

*ਭਾਵ*— ਸਾਧ ਸੰਗਤ ਦੇ ਪ੍ਰਤਾਪ ਨਾਲ ਇਹ ਜਾਣਿਆ ਹੈ ਕਿ-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ ੧॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥ ਰਹਾਉ॥



Sri Satguru Jagjit Singh Ji eLibrary NamdhariElibrary@gmail.com

## ਚਸ਼ਮਿ ਮਾ ਗ਼ੈਰ ਅਜ਼ ਜਮਾਲ ਸ਼ ਵਾ ਨਸ਼ੁਦ।
## ਜਾਂ ਕਿ ਜੁਮਲਹ ਖਲਕ ਰਾ ਦੀਦੇਮ ਰੱਬ॥ ੩॥

{ਚਸ਼ਮਿ=ਅੱਖਾਂ। ਮਾ=ਮੇਰੀ। ਗ਼ੈਰ=ਬਿਨਾਂ। ਅਜ਼=ਤੋਂ। ਜਮਾਲ=ਰੂਪ। ਸ਼=ਉਸ ਦੇ। ਵਾ=ਖੁਲ੍ਹੀ। ਨਸ਼ੁਧ=ਨਹੀਂ ਹੋਈ। ਜਾਂਕਿ=(ਅਜ਼ਾਂਕਿ) ਕਿਉਂਕਿ। ਜੁਮਲਹ=ਸਾਰੀ ਸਭ ਦੀ ਸਭ। ਖਲਕ ਦੁਨੀਆ, ਖਲਕਤ। ਰਾ=ਨੂੰ। ਦੀਦੇਮ=ਵੇਖਿਆ ਮੈਂ।}

*ਅਰਥ*—ਮੇਰੀਆਂ ਅੱਖਾਂ ਉਸਦੇ ਰੂਪ ਤੋਂ ਬਿਨਾਂ ਖੁਲ੍ਹੀਆਂ ਹੋਈਆਂ ਭੀ ਨਹੀਂ ਖੁਲ੍ਹੀਆਂ। ਕਿਉਂਕਿ ਮੈਂ ਸਾਰੀ ਖਲਕਤ ਨੂੰ ਰੱਬ ਰੂਪ ਕਰ ਕੇ ਵੇਖਿਆ ਹੈ।

*ਭਾਵ*—ਮੇਰੀਆਂ ਅੱਖਾਂ ਵੇਖਦੀਆਂ ਹਨ 'ਸਰਬ ਰੂਪ ਤੇਰੇ ਨਾਰਾਇਣਾ'

*ਜਿਵੇਂ*- 'ਸਗਲ ਬਨਸਪਤਿ ਮਹਿ ਬੈਸੰਤਰੁ' ਅਤੇ 'ਸਗਲ ਦੂਧ ਮੈ ਘੀਆ' ਹੈ ਇਵੇਂ ਹੀ-'ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ' ਜਾਂ ਇਉਂ ਆਖੋ, ਜਿਵੇਂ-

'ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੈ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥'

ਇਹ ਗਿਆਨ ਗੁਰੂ ਦੱਸਦਾ ਹੈ, ਇਸੇ ਕਰ ਕੇ ਭਾਈ ਸਾਹਿਬ ਜੀ ਨੇ 'ਬਜ਼ੁਰਗਾਂ' ਦੀ ਸੰਗਤ ਦੱਸੀ ਹੈ।

## ਖ਼ਾਕਿ ਕਦਮਸ਼ ਰੋਸ਼ਨੀਏ ਦਿਲ ਕੁਨਦ।
## ਗਰ ਤੁਰਾ ਬਾ ਸਾਲਕਾਂ ਬਾਸ਼ਦ ਨਸਬ॥ ੪॥

{ਖ਼ਾਕਿ=ਦੀ ਖ਼ਾਕ, ਧੂੜੀ। ਕਦਮ=ਚਰਨ, ਪੈਰ। ਸ਼=ਉਸ ਦੇ। ਰੋਸ਼ਨੀ=ਚਾਣਨ, ਪ੍ਰਕਾਸ਼। ਏ=ਨੂੰ। ਦਿਲ=ਮਨ। ਕੁਨਦ=ਕਰਦੀ ਹੈ। ਗਰ=ਜੇਕਰ। ਤੁਰਾ=ਤੇਰਾ। ਬਾ=ਸਾਥ, ਨਾਲ। ਸਾਲਕਾਂ=ਗਿਆਨਵਾਨਾਂ, ਸੰਤਾਂ, ਮਹਾਤਮਾਂ, ਮੁਰਸ਼ਦ। ਬਾਸ਼ਦ=ਹੋ ਜਾਵੇ, ਹੋਵੇ। ਨਸਬ=ਸਬੰਧ, ਮੇਲ।}

*ਅਰਥ*—ਉਸ ਦੇ ਚਰਨਾਂ ਦੀ ਧੂੜੀ ਦਿਲ ਨੂੰ ਚਾਨਣ ਕਰਦੀ ਹੈ ਜੇਕਰ ਤੇਰਾ ਸੰਤਾਂ ਨਾਲ ਮੇਲ ਹੋਵੇ।

*ਭਾਵ*— ਇਹ ਮਨ ਅੰਧਾ ਬੋਲਾ ਹੈ, ਇਸ ਨੂੰ ਰੋਸ਼ਨੀ ਬਖਸ਼ਣ ਵਾਲੀ ਸਤਿਗੁਰੂ ਦੇ ਚਰਨਾਂ ਦੀ ਧੂੜੀ ਹੈ, ਪਰ ਜੇਕਰ ਸੰਤਾਂ ਦਾ ਸੰਗ ਪਰਾਪਤ ਹੋਵੇ ਤਾਂ ਫਿਰ ਉਸ ਚਰਨ-ਰਜ ਦਾ ਪ੍ਰਤਾਪ ਪ੍ਰਗਟ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਕੀਸਤ ਗੋਯਾ ਕੋ ਮੁਰਾਦੇ ਦਿਲ ਨ ਯਾਫ਼ਤ।
## ਹਰ ਕਸੇ ਬਾ ਨਫ਼ਸਿ ਖ਼ੁਦ ਕਰਦਹ ਗ਼ਜ਼ਬ॥ ੫॥

{ਕੀਸਤ=(ਕਿ+ਅਸਤ) ਕੌਣ ਹੈ। ਕੋ=ਜਿਸ ਨੇ। ਮੁਰਾਦੇ=ਮੁਰਾਦ, ਇਛਤ, ਪਦਾਰਥ। ਯਾਫ਼ਤ=ਪ੍ਰਾਪਤ ਕੀਤੀ, ਪਾ ਲਈ। ਹਰ ਕਸੇ=ਜਿਸ ਕਿਸੇ ਨੇ। ਬਾ=ਸਾਥ। ਨਫ਼ਸਿ=ਚੰਚਲ ਮਨ। ਖ਼ੁਦ=ਆਪ, ਆਪਣੇ। ਕਰਦਹ=ਕੀਤਾ ਹੈ। ਗ਼ਜ਼ਬ=ਕੈਹਰ, ਜੰਗ, ਜ਼ੁਲਮ।}

*ਅਰਥ*—ਨੰਦ ਲਾਲ (ਉਹ) ਕੌਣ ਹੈ ਜਿਸ ਨੇ ਦਿਲ ਦੀ ਮੁਰਾਦ ਨਹੀਂ ਪਾ ਲਈ। ਜਿਸ ਕਿਸੇ ਨੇ ਆਪਣੇ ਚੰਚਲ ਮਨ ਨਾਲ ਜੰਗ ਕੀਤਾ ਹੈ।

*ਭਾਵ*—ਮਨ ਅਸਾਧ ਹੈ, ਜਿਸ ਕਿਸੇ ਨੇ ਮਨ ਨੂੰ ਸਾਧ ਲਿਆ ਹੈ, ਉਸ ਦੀਆਂ ਸਾਰੀਆਂ ਇਛਾਂ ਪੂਰੀਆਂ ਹੋ ਗਈਆਂ ਹਨ, ਤਦੇ ਹੀ ਸਤਿਗੁਰੂ ਜੀ ਨੇ 'ਮਨਿ ਜੀਤੈ ਜਗੁ ਜੀਤੁ' ਉਚਾਰਿਆ ਹੈ।

### ਪੰਜਾਬੀ ਉਲਥਾ-

ਪ੍ਰੀਤਮ ਦੇ ਰਾਹ ਉਪਰ ਜਾਣਾ, ਨਾਲ ਗਰੀਬੀ ਹੁੰਦਾ ਏ।
ਦਿਲ ਵਿਚ ਪ੍ਰੀਤਮ ਪਿਆਰਾ ਵੱਸੇ, ਮੁਖ ਥੀਂ ਸਿਮਰਨ ਹੁੰਦਾ ਏ।
ਜਿਤ ਵਲ ਵੇਖਾਂ ਉਤ ਵਲ ਸੱਜਣ ਵਿਖਾਲ ਸੁ ਅਪਨਾ ਰੂਪ ਰਿਹਾ,
ਪਰ ਇਹ ਸੁੰਦਰ ਨੂਰੀ ਦਰਸ਼ਨ, ਸਾਧ ਸੰਗਤ ਵਿਚ ਹੁੰਦਾ ਏ।
ਅੱਖਾ ਬੰਦ ਨਾ ਖੁਲ੍ਹਣ ਮੂਲੋਂ ਪ੍ਰੀਤਮ ਤੇਰੇ ਦਰਸ ਬਿਨਾਂ,
ਜਦ ਕਿ ਸਾਰੀ ਖਲਕਤ ਦਾ ਹੀ ਦਰਸ਼ਨ ਉਸ ਦਾ ਹੁੰਦਾ ਏ।
ਦਿਲ ਅੰਨ੍ਹੇ ਨੂੰ ਚਾਨਣ ਕਰਦੀ, ਚਰਨ ਧੂੜ ਜੋ ਉਸਦੀ ਏ,
ਪਰ ਜੇ ਤੈਨੂੰ ਪਹਿਲਾਂ ਤੋਂ ਹੀ, ਸੰਗ ਸੰਤ ਦਾ ਹੁੰਦਾ ਏ।
ਦਿਲੀ ਮੁਰਾਦ ਨ ਕਿਸੇ ਨੇ ਪਾਈ 'ਗੋਯਾ' ਜ਼ਰਾ ਵਿਚਾਰ ਕਰੀਂ,
ਜਿਸ ਕਿਸ ਦਾ ਆਪਣੇ ਮਨ ਸੇਤੀ ਹਰ ਛਿਨ ਜੰਗ ਹੀ ਹੁੰਦਾ ਏ॥ ੫॥



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੬

**ਦਿਲ ਅਗਰ ਦਾਨਾ ਬਵਦ ਅੰਦਰ ਕਿਨਾਰ ਸ਼ ਯਾਰ ਹਸਤ।**
**ਚਸ਼ਮ ਗਰ ਬੀਨਾ ਬਵਦ ਦਰ ਹਰ ਤਰਫ ਦੀਦਾਰ ਹਸਤ॥੧॥**

{ਦਿਲ=ਮਨ। ਅਗਰ=ਜੇਕਰ। ਦਾਨਾ=ਸਿਆਣਾ, ਸਮਝ ਵਾਲਾ, ਵਿਚਾਰਵਾਨ। ਬਵਦ=ਹੋਵੇ, ਹੋ ਜਾਵੇ। ਅੰਦਰ=ਵਿਚ। ਕਿਨਾਰ=ਬਗਲ, ਬੁਕਲ, ਗੋਦੀ। ਸ਼=ਉਸ। ਯਾਰ=ਪ੍ਰੀਤਮ, ਪਿਆਰਾ ਬੇਲੀ। ਹਸਤ=ਹੈਗਾ ਹੈ। ਚਸ਼ਮ=ਅੱਖ। ਗਰ=ਅਗਰ, ਜੇਕਰ। ਬੀਨਾ=ਵੇਖਣ ਵਾਲੀ। ਬਵਦ=ਹੋਵੇ। ਦਰ=ਵਿਚ। ਹਰ ਤਰਫ=ਸਾਰੀਆਂ ਦਿਸ਼ਾਂ। ਦੀਦਾਰ=ਦਰਸ਼ਨ। ਹਸਤ=ਹੈ।}

*ਅਰਥ*—ਜੇਕਰ ਦਿਲ ਸਿਆਣਾ ਹੋ ਜਾਵੇ, ਤਾਂ ਉਸ ਦੀ ਬਗਲ ਵਿਚ ਯਾਰ ਹੈ। ਜੇਕਰ ਅੱਖ ਵੇਖਣ ਵਾਲੀ ਹੋਵੇ, ਤਾਂ ਸਾਰੀਆਂ ਤਰਫਾਂ ਵਿਚ ਪ੍ਰੀਤਮ ਦਾ ਦਰਸ਼ਨ ਹੈ।

**ਹਰ ਤਰਫ਼ ਦੀਦਾਰ ਅੱਮਾ ਦੀਦਹ ਏ ਬੀਨਾ ਕੁਜਾਸਤ।**
**ਹਰ ਤਰਫ਼ ਤੂਰਸਤ ਹਰ ਸੂ ਸ਼ੋਲਹਏ ਅਨਵਾਰ ਹਸਤ॥੨॥**

SIKHBOOKCLUB.COM

{ਦੀਦਾਰ=ਦਰਸ਼ਨ। ਅੱਮਾ=ਲੇਕਿਨ, ਪਰ। ਦੀਦਹ=ਅੱਖ। ਬੀਨਾ=ਵੇਖਣ ਵਾਲੀ। ਕੁਜਾਸਤ=ਕਿਥੇ ਹੈ। ਸੂ=ਤਰਫ, ਪਾਸੇ, ਵਲ। ਸ਼ੋਲਹਏ=ਚੰਗਿਆੜਾ। ਅਨਵਾਰ=ਪ੍ਰਕਾਸ਼, ਰੌਸ਼ਨੀ, ਚਾਨਣ। ਹਸਤ=ਹੈ। ਤੂਰਸਤ=ਤੂਰ ਹੈ, ਅਸਰਾਈਲੀਆਂ ਦੇ ਮਤ ਅਨੁਸਾਰ ਇਕ ਪਹਾੜ ਦਾ ਨਾਮ 'ਤੂਰ' ਹੈ, ਜਿਥੇ ਉਹਨਾਂ ਦੇ ਨਬੀ 'ਮੂਸਾਂ' ਨੂੰ ਰੱਬ ਦਾ ਦਰਸ਼ਨ ਹੋਇਆ, ਉਸੇ ਤੂਰ ਪਹਾੜ ਉਤੇ ਹੀ ਮੂਸਾ ਰੱਬ ਨਾਲ ਗੱਲਾਂ ਕਰਦਾ ਸੀ, ਉਹਨਾਂ ਦੇ ਮਤ ਦੀਆਂ ਕਿਤਾਬਾਂ ਵਿਚ ਲਿਖਿਆ ਹੈ, ਰੱਬ ਦੇ ਦਰਸ਼ਨ ਹੋਏ, ਉਸ ਦੇ ਤੇਜ ਨਾਲ ਪਹਾੜ ਸੜ ਕੇ ਸੁਰਮਾ ਬਣ ਗਿਆ, ਜੋ ਅੱਜ ਤਕ ਮੌਜੂਦ ਹੈ।}

*ਅਰਥ*—ਭਾਵੇਂ ਸਭ ਪਾਸੇ ਪ੍ਰੀਤਮ ਦਾ ਦਰਸ਼ਨ ਹੈ, ਪਰ ਵੇਖਣ ਵਾਲੀ ਅੱਖ ਕਿਥੇ ਹੈ? ਸਭ ਪਾਸੇ 'ਤੂਰ' ਹੈ, ਸਭ ਪਾਸੇ ਚਾਨਣ ਦੇ ਸ਼ੋਅਲੇ ਹਨ।

**ਸਰ ਅਗਰ ਦਾਰੀ ਬਿਰੋ ਸਰ ਰਾ ਬਿਨੇਹ ਬਰ ਪਾਇ ਓ।**
**ਜਾਂ ਅਗਰ ਦਾਰੀ ਨਸਾਰਸ਼ ਕੁਨ ਅਗਰ ਦਰਕਾਰ ਹਸਤ॥੩॥**

{ਸਰ=ਸਿਰ। ਦਾਰੀ=ਤੂੰ ਰੱਖਣਾ ਚਾਹੁੰਦਾ ਹੈਂ, (ਭਾਵ ਸਫਲ ਕੀਤਾ ਲੋੜਦਾ ਹੈਂ)



Sri Satguru Jagjit Singh Ji eLibrary NamdhariElibrary@gmail.com

ਬਿਰੌ=ਜਾਹ, ਚਲ ਕੇ। ਰਾ=ਨੂੰ। ਬਿਨੇਹ=ਰੱਖ ਦੇਹ। ਬਰ-ਉਤੇ। ਪਾਇ=ਪੈਰਾਂ। ਓ=ਉਸ ਦੇ। ਜਾਂ=ਜਾਨ, ਜਿੰਦ। ਨਸਾਰ=ਕੁਰਬਾਨ, ਵਾਰਨੇ। ਸ਼=ਉਸ ਤੋਂ। ਕੁਨ=ਕਰ। ਦਰਕਾਰ=ਲੋੜ।}

*ਅਰਥ*—ਜੇਕਰ ਤੂੰ ਸਿਰ ਰੱਖਣਾ ਚਾਹੁੰਦਾ ਹੈਂ (ਤਾਂ) ਜਾ ਕੇ ਉਸ ਦੇ ਪੈਰਾਂ ਉਤੇ ਰੱਖ ਦੇਹ, ਜੇਕਰ ਜਿੰਦ ਰੱਖਣੀ ਚਾਹੁੰਦਾ ਹੈਂ ਅਤੇ ਜੇਕਰ (ਤੈਨੂੰ) ਲੋੜ ਹੈ, ਤਦ ਜਿੰਦ ਉਸ ਤੋਂ ਕੁਰਬਾਨ ਕਰ ਦੇਹ।

**ਦਸਤ ਗਰ ਦਾਰੀ ਬਿਰੌ ਦਾਮਾਨਿ ਜਾਨਾਂ ਰਾ ਬਗੀਰ।**

**ਸੂਇ ਊ ਮੇਰੌ ਅਗਰ ਪਾ ਰਾ ਸਰੇ ਰਫਤਾਰ ਹਸਤ॥੪॥**

{ਦਸਤ=ਹੱਥ। ਦਾਰੀ=ਤੂੰ ਰੱਖਣਾ ਚਾਹੁੰਦਾ ਹੈਂ। ਬਿਰੌ=ਜਾਹੁ। ਦਾਮਾਨਿ=ਪੱਲੇ ਨੂੰ। ਜਾਨਾਂ ਰਾ=ਪ੍ਰੀਤਮ ਦਾ। ਬਗੀਰ=ਫੜ ਲੈ। ਸੂਇ=ਤਰਫ। ਊ=ਉਸ ਦੇ। ਮਰੌ=ਜਾਓ। ਪਾ ਰਾ=ਪੈਰਾਂ ਨੂੰ। ਸਰੇ=ਤਾਕਤ। ਰਫਤਾਰ=ਤੁਰਨ ਦੀ।}

*ਅਰਥ*—ਜੇਕਰ ਹੱਥ ਰੱਖਣੇ ਚਾਹੁੰਦਾ ਹੈਂ ਤਾਂ ਜਾਹੁ, ਪ੍ਰੀਤਮ ਦਾ ਪੱਲਾ ਫੜ ਲੈ। ਉਸ ਦੇ ਵਲ ਤੁਰਿਆ ਜਾਹੁ, ਜੇਕਰ ਪੈਰਾਂ ਨੂੰ ਤੁਰਨ ਦੀ ਤਾਕਤ ਵਾਲਾ ਸਮਝਦਾ ਹੈਂ।

SIKHBOOKCLUB.COM

**ਗੋਸ਼ ਗਰ ਸ਼ੁਨਵਾ ਬਵਦ ਜੁਜ਼ ਨਾਮਿ ਹਕ ਕੈ ਬਿਸ਼ਨਵਦ।**

**ਵਰ ਜ਼ਬਾਂ ਗੋਯਾ ਬਵਦ ਦਰ ਹਰ ਸੁਖਨ ਇਸਰਾਰ ਹਸਤ॥੫॥**

{ਗੋਸ਼=ਕੰਨ। ਗਰ=ਜੇ। ਸ਼ੁਨਵਾ=ਸੁਣਨ ਵਾਲੇ। ਬਵਦ=ਹੋਣ। ਜੁਜ਼=ਬਿਨਾਂ। ਨਾਮਿ ਹਕ=ਵਾਹਿਗੁਰੂ ਦੇ ਨਾਮ ਤੋਂ। ਕੈ=ਕੀ। ਬਿਸ਼ਨਵਦ=ਸੁਣਦਾ ਏ। ਵਰ=ਜੇ। ਜ਼ਬਾਂ=ਜ਼ਬਾਨ, ਜੀਭ। ਗੋਯਾ=ਬੋਲਣ ਵਾਲੀ, (2) ਕਵੀ ਦਾ ਉਪਨਾਮ। ਬਵਦ=ਹੋਵੇ। ਦਰ=ਵਿਚ। ਸੁਖਨ=ਗੱਲ। ਇਸਰਾਰ=ਭੇਦ, ਰਹਸਜ। ਹਸਤ=ਹੈ।}

*ਅਰਥ*—ਜੇਕਰ ਕੰਨ ਸੁਣਨ ਵਾਲੇ ਹੋਣ, ਤਾਂ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਹੋਰ ਕੀ ਸੁਣਦੇ ਹਨ? ਜੇ ਜੀਭ ਬੋਲਣ ਵਾਲੀ ਹੋਵੇ, ਤਾਂ ਹਰ ਗੱਲ ਵਿਚ ਅਨੋਖੀ ਰਮਜ਼ ਹੈ।

**ਬ੍ਰਿਹਮਨ ਮੁਸ਼ਤਾਕਿ ਬੁਤ ਜ਼ਾਹਿਦ ਫ਼ਿਦਾਏ ਖ਼ਾਨਕਾਹ।**

**ਹਰ ਕੁਜਾ ਜਾਮੇ ਮੁਹੱਬਤ ਦੀਦਹਅਮ ਸਰਸਾਰ ਹਸਤ॥੬॥**

{ਬ੍ਰਿਹਮਨ=ਬ੍ਰਾਹਮਣ। ਮੁਸ਼ਤਾਕਿ=ਪਿਆਰਾ, ਇਛਾਵਾਨ, ਚਾਹੁਣ ਵਾਲਾ। ਬੁਤ=ਮੂਰਤੀ, ਰਾਮ-ਕ੍ਰਿਸ਼ਨ ਆਦਿਕ ਦੀ ਪੱਥਰ ਜਾਂ ਧਾਂਤ ਦੀ ਮੂਰਤੀ ਅਥਵਾ ਸਾਲਗਰਾਮ-ਠਾਕੁਰ ਆਦਿਕ ਬੁਤ ਕਹੇ ਜਾਂਦੇ ਹਨ। ਜ਼ਾਹਿਦ=ਮੁੱਲਾਂ। ਫਿਦਾਏ=



Sri Satguru Jagjit Singh Ji eLibrary NamdhariElibrary@gmail.com

ਕੁਰਬਾਨ ਹੈ। ਖ਼ਾਨਕਾਹ=ਖਾਨਗਾਹ, ਜਿਸ ਗੁੰਮਜਦਾਰ ਮਕਾਨ ਵਿਚ ਕਬਰ ਬਣੀ ਹੋਵੇ, ਉਸ ਦਾ ਨਾਮ ਖ਼ਾਨਗਾਹ ਹੈ। ਹਰ ਕੁਜਾ=ਸਭਨਾਂ ਜਗ੍ਹਾ ਤੇ। ਜਾਮਿ=ਪਿਆਲਾ। ਮੁਹੱਬਤ= ਪ੍ਰੇਮ। ਦੀਦਹਅਮ=ਵੇਖਦਾ ਹਾਂ ਮੈਂ। ਸਰਸਾਰ=ਭਰਿਆ ਹੋਇਆ।}

*ਅਰਥ*—ਬ੍ਰਾਹਮਣ (ਠਾਕੁਰ ਆਦਿਕ) ਮੂਰਤੀਆਂ ਨੂੰ ਚਾਹੁਣ ਵਾਲਾ ਹੈ ਅਤੇ ਮੁੱਲਾਂ ਖ਼ਾਨਗਾਹਾਂ ਤੋਂ ਕੁਰਬਾਨ ਹੁੰਦਾ ਹੈ। ਪਰ ਮੈਂ ਹਰ ਜਗ੍ਹਾ ਵਿਚ ਪ੍ਰੇਮ ਦਾ ਪਿਆਲਾ ਭਰਿਆ ਹੋਇਆ ਵੇਖਿਆ ਹੈ।

**ਬੇ ਅਦਬ ਪਾ ਰਾ ਮਨਿਹ ਮਨਸੂਰ ਵਸ ਦਰ ਰਾਹਿ ਇਸ਼ਕ।**
**ਰਹ ਰਵੇ ਈਂ ਰਾਹ ਰਾ ਅੱਵਲ ਕਦਮ ਬਰ ਦਾਰ ਹਸਤ ॥੭॥**

{ਬੇ ਅਦਬ=ਗੁਸਤਾਖ਼, ਸਤਿਕਾਰ ਤੋਂ ਹੀਣਾ। ਪਾ ਰਾ=ਪੈਰ ਨੂੰ। ਮਨਿਹ=ਨਾ ਰਖ। ਮਨਸੂਰ ਵਸ=ਮਨਸੂਰ ਵਾਂਗੂੰ। ਦਰ=ਵਿਚ। ਰਾਹਿ=ਰਸਤੇ ਦੇ। ਇਸ਼ਕ=ਪ੍ਰੇਮ। ਰਹ ਰਵੇ= ਰਾਹ ਉਤੇ ਜਾਣ ਵਾਲੇ, ਰਾਹੀ, ਮੁਸਾਫਰ। ਈਂ=ਇਸ। ਰਾ=ਰਸਤੇ। ਰਾ=ਦਾ। ਅੱਵਲ=ਪਹਿਲਾ। ਬਰ=ਉਤੇ। ਦਾਰ=ਸੂਲੀ। ਹਸਤ=ਹੈ।}

*ਅਰਥ*—ਬੇਅਦਬ ਹੋ ਕੇ ਪੈਰ ਨਾ ਰੱਖ, ਮਨਸੂਰ ਵਾਂਗੂੰ ਪਰੇਮ ਦੇ ਰਾਹ ਵਿਚ। ਇਸ ਰਾਹ ਦੇ ਰਾਹੀ ਦਾ ਪਹਿਲਾ ਕਦਮ ਸੂਲੀ ਉਤੇ ਹੈ।

SIKHBOOKCLUB.COM

**ਹਰ ਚਿ ਦਾਰੀ ਦਰ ਬਸਾਤੇ ਖ਼ੁਦ ਨਸਾਰੇ ਯਾਰ ਕੁਨ।**
**ਗਰ ਤੁਰਾ ਮਾਨਿੰਦ ਗੋਯਾ ਤਬਅ ਗੌਹਰ ਬਾਰ ਹਸਤ ॥੮॥**

{ਹਰ ਚਿ=ਜੋ ਕੁਝ ਭੀ। ਦਾਰੀ=ਰੱਖਦਾ ਹੈਂ। ਦਰ=ਵਿਚ। ਬਸਾਤੇ=ਪੂੰਜੀ ਦੇ, ਮੂੜੀ ਦੇ। ਖੁਦ=ਆਪਣਾ ਆਪ। ਨਸਾਰੇ=ਵਾਰਨੇ, ਸਦਕੇ, ਕੁਰਬਾਣ। ਯਾਰ=ਪ੍ਰੀਤਮ। ਕੁਨ= ਕਰ। ਗਰ=ਜੇਕਰ। ਤੁਰਾ=ਤੇਰਾ। ਮਾਨਿੰਦ=ਵਾਂਗੂੰ। ਤਬਅ=ਸੁਭਾਵ। ਗੌਹਰ=ਮੋਤੀ। ਬਾਰ=ਬਾਰਸ਼ ਕਰਨ ਵਾਲੇ।}

*ਅਰਥ*—ਜੋ ਕੁਝ ਵੀ ਪੂੰਜੀ ਰਖਦਾ ਹੈਂ, ਆਪਣੇ ਯਾਰ ਤੋਂ ਵਾਰਨੇ ਕਰ ਦੇਹ। ਜੇਕਰ ਤੈਨੂੰ ਨੰਦ ਲਾਲ ਵਾਂਗੂੰ ਮੋਤੀਆਂ ਦੀ ਬਾਰਸ਼ ਕਰਨ ਵਾਲਾ ਸੁਭਾਵ ਮਿਲਿਆ ਹੈ।


Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਉਲਥਾ-

ਦਿਲ ਦੀਵਾਨਾ ਹੋਇ ਜਿ ਦਾਨਾ ਵਿਚ ਬੁਕਲ ਦੇ ਸਾਂਈ ਏ।
ਹੋਵੇ ਅੱਖ ਜਿ ਵੇਖਣ ਵਾਲੀ, ਦਿਸਦਾ ਸਭਨੀ ਥਾਂਈ ਏ।
ਸਭਨੀ ਪਾਸੀਂ ਦਰਸ਼ਨ ਉਸ ਦਾ, ਵੇਖਣ ਵਾਲੀ ਅੱਖ ਨਹੀਂ,
ਹਰ ਥਾਂ ਤੂਰ ਤੇ ਨੂਰ ਮਾਹੀ ਦਾ, ਨਿਤ ਪ੍ਰਕਾਸ਼ ਕਰਾਈ ਏ।
ਸਿਰ ਸਫਲਾ ਜੇ ਕੀਤਾ ਚਾਹੇਂ, ਰੱਖ ਪੀਆ ਦੇ ਚਰਨਾਂ ਤੇ,
ਜ਼ਿੰਦਗੀ ਸਦਕੇ ਕਰ ਤੂੰ ਅਪਨੀ, ਜੋ ਚਾਹਿੰ ਕਰ ਸਫਲਾਈ ਏ,
ਜੇ ਹੱਥਾਂ ਨੂੰ ਰੱਖਣਾ ਲੋੜੇਂ, ਫੜ ਪ੍ਰੀਤਮ ਦਾ ਪੱਲਾ ਤੂੰ,
ਪੈਰਾਂ ਨਾਲ ਜੇ ਚਲਣਾ ਚਾਹੇਂ, ਜਾਵੇਂ ਗੁਰ ਵਲ ਧਾਈ ਏ।
ਕੰਨੀ ਜੇ ਕੁਝ ਸੁਣਨਾ ਲੋੜੇਂ ਨਾਮ ਬਿਨਾਂ ਹੋਰ ਸੁਣਨਾ ਕੀ,
ਜੀਭ ਬੋਲਣਾ ਜੇਕਰ ਚਾਹੇਂ, ਹਰ ਗੱਲ ਨਾਮ ਅਲਾਈ ਏ।
ਬ੍ਰਾਮ੍ਹਣ ਮਸਤ ਦੀਵਾਲੇ ਹੋਯਾ ਖ਼ਾਨਗਾਹ ਸੰਗ ਮੁਲਾਂ ਭੀ,
ਹਰ ਥਾਂ ਭਰਿਆ ਪ੍ਰੇਮ ਪਿਆਲਾ ਮੈਨੂੰ ਦਿੱਸ ਰਿਹਾਈ ਏ।
ਜਿਉਂ ਮਨਸੂਰ ਬੇਅਦਬ ਹੋਇਕੇ ਰਾਹ ਇਸ਼ਕ ਪੈਰ ਪਾਵੀਂ ਨਾ,
ਇਸ ਪੰਧ ਦੇ ਪਾਂਧੀ ਪਹਿਲਾਂ ਸੂਲੀ ਕਦਮ ਟਿਕਾਈ ਏ।
ਜੁ ਕੁਝ ਮੂੜੀ ਰੱਖਣਾ ਏਂ ਪਲੇ ਵਾਰੀ ਆਪਣੇ ਯਾਰ ਉਤੋਂ,
ਨੰਦ ਲਾਲ ਜਿਉਂ ਅੱਖ ਤੇਰੀ ਮੋਤੀ ਛਹਿਬਰ ਲਾਈ ਏ॥ ੬॥


Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ-੭

**ਗਦਾਇ ਕੂਏ ਤੁਰਾ ਮੈਲਿ ਬਾਦਿਸ਼ਾਹੀ ਨੇਸਤ।**
**ਹਵਾਇ ਸਲਤਨਤੋ ਜ਼ੌਕਿ ਕਜ ਕੁਲਾਹੀ ਨੇਸਤ ॥੧॥**

{ਗਦਾਇ=ਫ਼ਕੀਰ, ਮੰਗਤਾ। ਕੂਏ=ਕੂਚੇ, ਗਲੀ, ਸਟਰੀਟ। ਤੁਰਾ=ਤੇਰਾ, ਤੇਰੇ। ਮੈਲਿ=ਇਛਾ, ਖਾਹਸ਼, ਲੋੜ। ਨੇਸਤ (ਨ+ਅਸਤ) ਨਹੀਂ ਹੈ। ਹਵਾਇ=ਕਾਮਨਾ, ਇਛਾ, ਖਾਹਸ਼। ਸਲਤਨਤੋ=ਰਾਜ। ਜ਼ੌਕਿ=ਚਾਉ, ਉਤਸ਼ਾਹ। ਕਜ ਕੁਲਾਹੀ=ਵਿੰਗੀ ਟੋਪੀ, (ਈਰਾਨ ਦੇ ਬਾਦਸ਼ਾਹ ਦੇ ਸਿਰ ਉਤੇ ਵਿੰਗਾ ਕਰ ਕੇ ਤਾਜ ਪਹਿਨਾਇਆ ਜਾਂਦਾ ਸੀ। ਇਸ ਕਰ ਕੇ ਤਾਜ ਦਾ ਨਾਮ ਹੀ) 'ਕਜ ਕੁਲਾਹੀ' ਮਸ਼ਹੂਰ ਹੋ ਗਿਆ ਹੈ।}

*ਅਰਥ*—ਤੇਰੇ ਕੂਚੇ ਦੇ ਭਿਖਾਰੀ ਨੂੰ ਬਾਦਸ਼ਾਹੀ ਦੀ ਇੱਛਾ ਨਹੀਂ ਹੈ। ਨਾ ਰਾਜ ਦੀ ਇੱਛਾ ਹੈ ਨਾ ਤਾਜ ਦਾ ਚਾਉ ਹੈ।

**ਹਰਾਂ ਕਿ ਮਮਲਕਤੇ ਦਿਲ ਗਰਿਫ਼ਤੋ ਸੁਲਤਾਂ ਸ਼ੁਦ।**
**ਕਸੇ ਕਿ ਯਾਫ਼ਤ ਤੁਰਾ ਹਮਚੁ ਊ ਸਿਪਾਹੀ ਨੇਸਤ ॥੨॥**

{ਹਰਾਂ ਕਿ=(ਹਰ+ਆਂ+ਕਿ) ਜਿਸ ਕਿਸੇ। ਮਮਲਕਤੇ=ਰਾਜਧਾਨੀ, ਬਾਦਸ਼ਾਹਤ। ਗਰਿਫਤੋ=ਪਾਈ ਹੈ। ਸੁਲਤਾਂ=ਸੁਲਤਾਨ, ਸ਼ਹਿਨਸ਼ਾਹ। ਸ਼ੁਦ=ਹੋ ਗਿਆ। ਕਸੇ ਕਿ= ਜਿਸ ਨੇ। ਯਾਫਤ=ਪਾ ਲਿਆ। ਤੁਰਾ=ਤੈਨੂੰ। ਹਮਚੁ=ਸਮਾਨ। ਊ=ਉਸ ਦੇ। ਸਿਪਾਹੀ= ਬਹਾਦਰ ਸੂਰਮਾ। ਨੇਸਤ=ਨਹੀਂ ਹੈ।}

*ਅਰਥ*—ਜਿਸ ਕਿਸੇ ਨੇ ਦਿਲ ਦੀ ਰਾਜਧਾਨੀ ਪਾਈ ਹੈ, ਉਹ ਸ਼ਹਿਨਸ਼ਾਹ ਹੋ ਗਿਆ ਹੈ। ਜਿਸ ਨੇ ਕਿ ਤੈਨੂੰ ਪਾ ਲਿਆ ਹੈ, ਉਸ ਦੇ ਬਰਾਬਰ ਦਾ ਹੋਰ ਕੋਈ ਯੋਧਾ ਨਹੀਂ ਹੈ।

**ਗਦਾਇ ਕੂਇ ਤੋ ਬਾਦਸ਼ਾਹਿ ਹਦ ਦੁ ਸਰਾਸਤ।**
**ਅਸੀਰਿ ਖ਼ਤੇ ਤੁਰਾ ਹਾਜਤੇ ਰਿਹਾਈ ਨੇਸਤ ॥੩॥**

{ਗਦਾਇ=ਮੰਗਤਾ, ਭਿਖਾਰੀ। ਕੂਇ ਤੋ=ਤੇਰੇ ਕੂਚੇ ਦਾ। ਹਦ=ਸਾਰੇ। ਦੁ=ਦੋਵੇਂ, ਦੋਹਾਂ। ਸਰਾਸਤ=(ਸਰ+ਅਸਤ) ਲੋਕ ਹਨ। ਅਸੀਰਿ=ਕੈਦੀ। ਖ਼ਤੇ=ਕਾਲੀ ਕਾਲੀ ਮਸ, ਜੋ ਦਾੜ੍ਹੀ ਦੇ ਆਉਣ ਤੋਂ ਪਹਿਲਾਂ ਮਰਦ ਦੇ ਚਿਹਰੇ ਉਤੇ ਦਿਸਦੀ ਹੈ। ਹਾਜਤੇ=ਲੋੜ। ਤੁਰਾ=ਤੇਰੀ। ਰਿਹਾਈ=ਛੁਟਕਾਰਾ, ਆਜ਼ਾਦੀ। ਨੇਸਤ=ਨਹੀਂ ਹੈ।}


Sri Satguru Jagjit Singh Ji eLibrary NamdhariElibrary@gmail.com

*ਅਰਥ*—ਤੇਰੇ ਕੂਚੇ ਦਾ ਮੰਗਤਾ ਦੋਹਾਂ ਲੋਕਾਂ ਦਾ ਬਾਦਸ਼ਾਹ ਹੈ। ਮਸਭਿੰਨੇ (ਮੁਖੜੇ ਦੇ ਦਰਸ਼ਨ) ਕੈਦੀ ਨੂੰ ਛੁਟਕਾਰੇ ਦੀ ਲੋੜ ਨਹੀਂ ਹੈ।

**ਕੁਦਾਮ ਦੀਦਾਹ ਕਿ ਦਰ ਵੈ ਸਵਾਦਿ ਨੂਰਿ ਤੋ ਨੇਸਤ।**
**ਕੁਦਾਮ ਸੀਨਹ ਕਿ ਓ ਮਖ਼ਜ਼ਨੇ ਇਲਾਹੀ ਨੇਸਤ॥ ੪॥**

{ਕੁਦਾਮ=ਕੇਹੜੀ। ਦੀਦਾਹ=ਅੱਖ। ਕਿ=ਜੋ ਇਸ। ਦਰ=ਵਿਚ। ਸਵਾਦਿ= ਸੁਰਮਾ। ਨੂਰਿ=ਚਾਨਣ, ਰੱਬੀ ਪ੍ਰਕਾਸ਼ ਦਾ ਜਲਵਾ। ਤੋ=ਤੇਰਾ। ਨੇਸਤ=ਨਹੀਂ ਹੈ। ਸੀਨਹ=ਸੀਨਾ, ਛਾਤੀ। ਕਿ ਓ=ਜਿਸ, ਜੇਹੜੀ। ਮਖ਼ਜ਼ਨੇ=ਖਜ਼ਾਨਾ। ਇਲਾਹੀ=ਰੱਬੀ।}

*ਅਰਥ*—ਉਹ ਕਿਹੜੀ ਅੱਖ ਹੈ, ਜਿਸ ਵਿਚ 'ਨੂਰ' ਦਾ ਸੁਰਮਾ ਹੈ। ਉਹ ਕਿਹੜਾ ਸੀਨਾ ਹੈ, ਜੋ ਰੱਬੀ ਖ਼ਜ਼ਾਨਾ ਨਹੀਂ ਹੈ।

**ਫ਼ਿਦਾਇ ਓ ਸ਼ੌ ਉਜ਼ਰੇ ਮਖ਼ਾਹ ਐ 'ਗੋਯਾ'।**
**ਕਿ ਦਰ ਤਰੀਕੈ ਮਾ ਜਾਇ ਉਜ਼ਰ-ਖ਼੍ਵਾਹੀ ਨੇਸਤ॥ ੫॥**

{ਫ਼ਿਦਾਇ=ਕੁਰਬਾਨ, ਸਦਕੇ, ਵਾਰੀ, ਘੋਲੀ। ਓ=ਉਸ ਤੋਂ। ਸ਼ੌ=ਹੋ। ਉਜ਼ਰ=ਬਹਾਨਾ, ਇਨਕਾਰ। ਮਖ਼ਾਹ=ਨਾ ਕਰ। ਐ=ਹੇ। ਗੋਯਾ=ਨੰਦ ਲਾਲ। ਕਿ=ਜੋ। ਦਰ=ਵਿਚ। ਤਰੀਕੈ=ਤਰੀਕਤ, ਪੰਥ, ਰਸਤਾ। ਮਾ=ਮੇਰੇ, ਸਾਡੇ। ਜਾਇ=ਤਗ੍ਹਾਂ। ਉਜ਼ਰ ਖ਼੍ਵਾਹੀ=ਬਹਾਨਾ ਕਰਨਾ, ਇਨਕਾਰ ਕਰਨ ਲਈ ਬਹਾਨੇ ਬਾਜ਼ੀ।}

SIKHBOOKCLUB.COM

*ਅਰਥ*—ਹੇ ਨੰਦ ਲਾਲ! ਉਸ ਤੋਂ ਕੁਰਬਾਨ ਹੋ, ਬਹਾਨਾ ਨਾ ਕਰ। ਕਿਉਂ ਜੋ ਸਾਡੇ ਰਾਹ ਵਿਚ ਉਜ਼ਰ ਕਰਨ ਦੀ ਜਗ੍ਹਾ ਹੀ ਨਹੀਂ ਹੈ।

### ਪੰਜਾਬੀ ਉਲਥਾ-

ਦਰ ਤਿਰੇ ਦੇ ਮੰਗਤੇ ਤਾਈਂ, ਤਿਸ ਸ਼ਾਹੀ ਦੀ ਲੋੜ ਨਹੀਂ।
ਨਾ ਉਹ ਤਖਤ ਜੜ੍ਹਾਊ ਮੰਗੇ, ਤਾਜ ਸ਼ਾਹੀ ਦੀ ਲੋੜ ਨਹੀਂ।
ਜਿਸ ਨੇ ਮਨ ਵੈਰੀ ਨੂੰ ਜਿਤਿਆ, ਸੱਚਾ ਉਹ ਸੁਲਤਾਨ ਹੋਯਾ,
ਨਹੀਂ ਵਰਿਆਮ ਸੂਰਮਾ ਜਗ ਜਿਨਿ ਹਉਮੈ ਢਾਹੀ ਲੋੜ ਨਹੀਂ।
ਦੋਹੂੰ ਲੋਕਾਂ ਦੇ ਸਾਹਿਬ ਹੋਏ, ਦਰ ਤੇਰੇ ਦੇ ਮੰਗਤੇ ਸਨ,
ਦਰਸ਼ਨ ਪ੍ਰੇਮ ਫਾਸ ਜੋ ਫਾਸੇ, ਇਛਤ ਰਿਆਈ ਲੋੜ ਨਹੀਂ।


Sri Satguru Jagjit Singh Ji eLibrary NamdhariElibrary@gmail.com

ਹਰ ਇਕ ਅੱਖ ਅੰਦਰ ਇਹ ਸੁਰਮਾ, ਨੂਰ ਪਿਆਰਾ ਤੇਰਾ ਜੋ,
ਹਰ ਇਕ ਸੀਨਾ ਬਣਿਆ ਬੈਠਕ, ਹੋਰ ਬਨਾਈ ਲੋੜ ਨਹੀਂ।
ਤਨ ਮਨ ਵਾਰ ਪ੍ਰੀਤਮ ਉਤੋਂ, ਉਜ਼ਰ ਜ਼ਰਾ ਕੋਈ ਕਰੀਂ ਨਹੀਂ,
ਨੰਦ ਲਾਲ ਵਿਚ ਮੱਤ ਅਸਾਡੇ, ਉਜ਼ਰ ਖ਼੍ਵਾਹੀ ਦੀ ਲੋੜ ਨਹੀਂ।

SIKHBOOKCLUB.COM


Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੮

**ਅਜ਼ ਪੇਸ਼ ਚਸ਼ਮ ਆਂ ਬੁਤੇ ਨਾ-ਮਿਹਰਬਾਂ ਗੁਜ਼ਸ਼ਤ।**
**ਜਾਨਾ ਗੁਜ਼ਸ਼ਤ ਤਾ ਜ਼ਿ ਰਹੇ ਦੀਦਹ ਜਾਂ ਗੁਜ਼ਸ਼ਤ ॥੧॥**

{ਅਜ਼=ਸੇ, ਕੋਲੋਂ। ਪੇਸ਼=ਅਗੋਂ। ਚਸ਼ਮ=ਅੱਖਾਂ। ਆਂ=ਉਹ। ਬੁਤੇ=ਸ਼ਕਲ, ਮੂਰਤੀ, ਕੱਦ, ਸਰੀਰ। ਨਾ-ਮਿਹਰਬਾਂ=ਜੋ ਮਿਹਰਬਾਨ ਨਹੀਂ, ਬੇਦਰਦ, ਬੇਤਰਸ। ਜਾਨਾ=ਪਿਆਰਾ। ਗੁਜ਼ਸ਼ਤ=ਲੰਘਿਆ। ਤਾ=ਤਦ। ਜ਼ਿ=ਤੋਂ। ਰਹੇ=ਰਾਹ, ਦੀਦਹ=ਅੱਖਾਂ। ਜਾਂ=ਜਾਨ, ਜਿੰਦ, ਜੀਵਨ ਸ਼ਕਤੀ।}

*ਅਰਥ*—ਮੇਰੀਆਂ ਅੱਖਾਂ ਦੇ ਅਗੋਂ ਅੱਜ ਉਹ ਬੇਦਰਦ ਮੂਰਤੀ ਲੰਘ ਗਈ ਹੈ। ਜਦ ਤੋਂ ਪਿਆਰਾ ਕੋਲੋਂ ਲੰਘਿਆ ਹੈ, ਤਦ ਤੋਂ ਅੱਖਾਂ ਦੇ ਰਾਹ ਜਿੰਦ ਲੰਘ ਗਈ ਹੈ।

**ਰੰਗਸ਼ ਕਬੂਦ ਕਰਦ ਦਿਲਸ਼ ਪੁਰ ਸ਼ਰਾਰ ਸਾਖਤ।**
**ਅਜ਼ ਬਸ ਕਿ ਦੂਦ ਆਹਿ ਮਨ ਅਜ਼ ਆਸਮਾਂ ਗੁਜ਼ਸ਼ਤ ॥੨॥**

{ਰੰਗਸ਼=ਰੰਗ ਉਸ ਦਾ। ਕਬੂਦ=ਨੀਲਾ। ਕਰਦ=ਕੀਤਾ। ਦਿਲਸ਼=ਦਿਲ ਉਸ ਦਾ। ਪੁਰ=ਭਰਿਆ ਹੋਇਆ। ਸ਼ਰਾਰ=ਸ਼ੋਅਲੇ, ਚੰਗਿਆੜੇ। ਸਾਖਤ=ਬਣਾਇਆ। ਅਜ਼ ਬਸ ਕਿ=ਜਦ ਤੋਂ। ਦੂਦ=ਧੂੰਆਂ। ਆਹਿ=ਆਹੀਂ, ਹਾਉਕੇ, ਦਰਦ ਭਰੇ ਸਾਹ। ਮਨ=ਮੇਰੇ। ਆਸਮਾਂ=ਆਸਮਾਨ, ਅਕਾਸ਼। ਗੁਜ਼ਸ਼ਤ=ਲੰਘ ਗਿਆ।}

*ਅਰਥ*—ਉਸ ਦਾ ਰੰਗ ਨੀਲਾ ਕਰ ਦਿਤਾ ਅਤੇ ਉਸ ਦਾ ਦਿਲ ਚੰਗਿਆੜੀਆਂ ਦਾ ਭਰਿਆ ਹੋਇਆ ਬਣਾ ਦਿਤਾ। ਜਦੋਂ ਕਿ ਮੇਰੀਆਂ ਆਹੀਂ ਦਾ ਧੂੰਆਂ ਅਸਮਾਨ ਵਿਚੋਂ ਲੰਘਿਆ।

*ਭਾਵ*—ਅਕਾਸ਼ ਵਿਚ ਨੀਲਤਾ ਤੇ ਅਕਾਸ਼ ਦੇ ਅੰਦਰਲੀ ਗਰਮੀ ਕਿਥੋਂ ਪੈਦਾ ਹੋਈ ਹੈ, ਭਾਈ ਸਾਹਿਬ ਕਹਿੰਦੇ ਹਨ, ਮੇਰੀਆਂ ਆਹੀਂ ਨੇ ਹੀ ਉਸ ਦੀ ਏਹ ਹਾਲਤ ਕੀਤੀ ਹੈ।

**ਮਾਰਾ ਬਯਕ ਇਸ਼ਾਰਹੇ ਅਬਰੂ ਸ਼ਹੀਦ ਕਰਦ।**
**ਅਕਨੂੰ ਇਲਾਜ ਨੇਸਤ ਕਿ ਤੀਰ ਅਜ਼ ਕਮਾਂ ਗੁਜ਼ਸ਼ਤ ॥੩॥**

{ਬ=ਨਾਲ, ਸਾਥ। ਯਕ=ਇਕ। ਅਬਰੂ=ਭਵਾਂ, ਪਲਕਾਂ (ਭਾਵ—ਅੱਖਾਂ)। ਇਸ਼ਾਰਹੇ= ਸੈਨਤ। ਸ਼ਹੀਦ ਕਰਦ=ਜ਼ਖਮੀ ਕਰ ਦਿਤਾ। ਅਕਨੂੰ=ਹੁਣ। ਨੇਸਤ=ਨਹੀਂ


Sri Satguru Jagjit Singh Ji eLibrary NamdhariElibrary@gmail.com

ਹੈ। ਕਿ=ਜਦ। ਅਜ਼=ਤੋਂ। ਕਮਾਂ=ਕਮਾਨ, ਧਨੁਖ। ਗੁਜ਼ਸ਼ਤ=ਨਿਕਲ ਗਿਆ।}

*ਅਰਥ*—ਭਵਾਂ ਦੀ ਇਕ ਸੈਨਤ ਨਾਲ ਮੈਨੂੰ ਸ਼ਹੀਦ ਕਰ ਦਿਤਾ। ਹੁਣ ਕੋਈ ਇਲਾਜ ਨਹੀਂ ਹੈ। ਜਦ ਕਿ ਤੀਰ ਕਮਾਨ ਵਿਚੋਂ ਨਿਕਲ ਗਿਆ ਹੈ।

**ਯਕ ਦਮ ਬਖ਼ੇਸ਼ ਰਾਹਿ ਨ ਬੁਰਦਮ ਕਿ ਕੀਸਤਮ।**
**ਐ ਵਾਇ ਨਕਦ ਜ਼ਿੰਦਗੀਅਮ ਰਾਇਗਾਂ ਗੁਜ਼ਸ਼ਤ॥੪॥**

{ਯਕ ਦਮ=ਇਕ ਸਵਾਸ। ਬਖ਼ੇਸ਼=ਆਪਣੇ ਵਲ। ਰਾਹਿ=ਰਸਤਾ। ਨ=ਨਹੀਂ। ਬੁਰਦਮ=ਲੈ ਗਿਆ। ਕਿ=ਜੋ। ਕੀਸਤ=ਕੌਣ ਹਾਂ। ਮੈ=ਮੈਂ। ਐ ਵਾਇ=ਸ਼ੋਕ ਹੈ। ਨਕਦ=ਦੌਲਤ, ਅਮੋਲਕ ਪਦਾਰਥ। ਜ਼ਿੰਦਗੀਅਮ=ਮੇਰਾ ਜੀਵਨ। ਰਾਇਗਾਂ= ਬਿਅਰਥ। ਗੁਜ਼ਸ਼ਤ=ਜਾ ਰਿਹਾ।}

*ਅਰਥ*—ਇਕ ਸੁਆਸ ਭਰ ਵੀ ਆਪਣੇ ਰਾਹ ਵਲ ਵਿਚਾਰ ਨੂੰ ਨਹੀਂ ਲੈ ਗਿਆ ਕਿ ਮੈਂ ਕੌਣ ਹਾਂ? ਅਫਸੋਸ ਹੈ, ਕਿ ਮੇਰਾ ਜੀਵਨ ਰੂਪ ਪਦਾਰਥ ਬਿਅਰਥ ਜਾ ਰਿਹਾ ਹੈ।

**ਹਰਗਿਜ਼ ਬਸੈਰਿ ਰੋਜ਼ਾ ਏ ਰੁਜ਼ਵਾਂ ਨ ਮੇ-ਰਵਦ।**
**ਗੋਯਾ ਕਸੇ ਕਿ ਜਾਨਬੇ ਕੂਏ ਬੁਤਾਂ ਗੁਜ਼ਸ਼ਤ॥ ੫ ॥**

{ਹਰਗਿਜ਼=ਕਦੇ ਭੀ। ਬਸੈਰਿ=ਸੈਰ ਕਰਨ ਲਈ। ਰੋਜ਼ਾਏ=ਬਹਿਸ਼ਤ ਦੇ। ਰੁਜ਼ਵਾਂ=ਰੋਜ਼ਾ, (੨) ਬਾਗਾਂ। ਮੇ-ਰਵਦ=ਜਾਂਦਾ ਹੈ। ਕਸੇ ਕਿ=ਜਿਹੜਾ ਕੋਈ। ਜਾਨਬੇ=ਵਲ। ਕੂਏ=ਕੂਚੇ। ਬੁਤਾਂ=ਭਾਵ ਵਿਚ ਮਾਸ਼ੂਕ ਹੈ।}

*ਅਰਥ*—ਉਹ ਕਦੇ ਭੀ ਬਹਿਸ਼ਤ ਦੇ ਰੋਜ਼ੇ (ਜਾਂ ਬਾਗਾਂ) ਦੀ ਸੈਰ ਕਰਨ ਨੂੰ ਨਹੀਂ ਜਾਂਦਾ। ਹੇ ਨੰਦ ਲਾਲ! ਜਿਹੜਾ ਕਿ ਮਾਸ਼ੂਕ (ਸਤਿਗੁਰੂ) ਦੇ ਕੂਚੇ ਵਲ ਦੀ ਲੰਘ ਗਿਆ ਹੈ।

*ਭਾਵ*—ਸਤਿਗੁਰੂ ਦੀ ਗਲੀ (ਸਤਿਸੰਗ) ਵਲ ਜਾਣ ਵਾਲੇ ਪੁਰਸ਼ ਨੂੰ ਸਵਰਗ ਵਿਚ ਜਾਣ ਦੀ ਇੱਛਾ ਨਹੀਂ ਰਹਿੰਦੀ ਤੇ ਨਰਕ ਵਲੋਂ ਡਰ ਨਹੀਂ ਰਹਿੰਦਾ, ਉਹ ਦੋਹਾਂ ਵਲੋਂ ਬੇਪ੍ਰਵਾਹ ਹੁੰਦਾ ਹੈ, ਜੈਸਾ-'ਨਰਕ ਸੁਰਗ ਤੇ ਮੈ ਰਹਿਓ ਸਤਿਗੁਰ ਕੈ ਪ੍ਰਸਾਦਿ॥'

*ਅਥਵਾ*-'ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥ ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥੫॥


Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਉਲਥਾ-

ਲੰਘ ਗਿਆ ਉਹ ਅੱਖਾਂ ਅਗੋਂ ਬਿਦਰਦ ਮੇਰਾ ਦਿਲ ਜਾਨੀ।
ਯਾਰ ਕੀ ਲੰਘਿਆ ਰਾਹ ਨੈਣਾਂ ਦੇ ਮੇਰੀ ਜਿੰਦ ਸਿਧਾਨੀ।
ਤਾਰੇ ਚਮਕਨ ਸ਼ੋਅਲੇ ਅੱਗ ਦੇ ਰੰਗ ਹੋਇਆ ਕਿਉਂ ਨੀਲਾ,
ਵਿਛੁੜੇ ਦਿਲ ਮੇਰੇ ਦੀਆਂ ਆਹੀਂ ਵਿਚ ਅਕਾਸ਼ ਗਈਆਂ ਨੀ।
ਉਸ ਦੇ ਪਲਕਾਂ ਦੀ ਇਕ ਸੈਨਤ ਮੈਨੂੰ ਜ਼ਖਮੀ ਕੀਤਾ,
ਕੋਈ ਇਲਾਜ ਨਾ ਹੁਣ ਹੋ ਸਕਦਾ, ਨਿਕਲਿਆ ਤੀਰ ਕਮਾਨੀ,
ਇਕ ਪਲ ਛਿਨ ਭੀ 'ਆਪੁ' ਨਾ ਲੱਭਾ, ਮੈਂ ਕੀ ਕਿਥੋਂ ਆਯਾ?
ਹਾਇ! ਸ਼ੋਕ ਇਹ ਜਨਮ ਪਦਾਰਥ, ਬਿਰਥਾ ਉਮਰ ਵਿਹਾਨੀ।
ਰੋਜ਼ੇ ਬਾਗ ਜੋ ਵਿਚ ਬਹਿਸ਼ਤਾਂ, ਤਿਸ ਦੀ ਸੈਰ ਨਾ ਜਾਂਦੇ ਓਹ,
ਪ੍ਰੀਤਮ ਦੇ ਕੂਚੇ ਵਿਚ ਜਾਣਾ, ਜਿਨ੍ਹਾਂ ਨੇ ਪ੍ਰੀਤ ਲਗਾਨੀ॥ ੮॥

SIKHBOOKCLUB.COM


Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੯

**ਬਦਰ ਪੇਸ਼ੇ ਰੂਇ ਤੋ ਸ਼ਰਮਿੰਦਹ ਅਸਤ।**
**ਬਲਕਿ ਖ਼ੁਰਸ਼ੈਦੇ ਜਹਾਂ ਹਮ ਬੰਦਹ ਅਸਤ॥ ੧॥**

{ਬਦਰ=ਚੰਦਰਮਾ। ਪੇਸ਼ੇ=ਅੱਗੇ, ਸਾਹਮਣੇ, ਮੁਕਾਬਲੇ ਉਤੇ। ਰੂਇ=ਚੇਹਰੇ। ਤੋ=ਤੇਰੇ। ਬਲਕਿ=ਸਗੋਂ। ਖੁਰਸ਼ੈਦੇ=ਸੂਰਜ। ਜਹਾਂ=ਜਹਾਨ, ਜਗਤ। ਹਮ=ਭੀ। ਬੰਦਹ= ਗੋਲਾ, ਦਾਸ।}

*ਅਰਥ*—ਤੇਰੇ ਚੇਹਰੇ ਦੀ ਸੁੰਦਰਤਾ ਅੱਗੇ ਚੰਦਰਮਾ ਸ਼ਰਮਿੰਦਾ ਹੋ ਰਿਹਾ ਹੈ। ਸਗੋਂ ਜਗਤ ਦਾ ਸੂਰਜ ਭੀ ਉਸ ਸੁੰਦਰਤਾ ਦਾ ਗੁਲਾਮ ਹੈ।

**ਚਸ਼ਮਿ ਮਾ ਹਰਗਿਜ਼ ਬਗ਼ੈਰ ਅਜ਼ ਹਕ ਨ ਦੀਦ।**
**ਐ ਖੁਸ਼ਾ ਚਸ਼ਮੇ ਕਿ ਹੱਕ ਬੀਨਿੰਦਹ ਅਸਤ॥ ੨॥**

{ਚਸ਼ਮਿ=ਅੱਖਾਂ। ਮਾ=ਮੇਰੀਆਂ, ਸਾਡੀਆਂ। ਹਰਗਿਜ਼=ਮੂਲੋਂ ਹੀ, ਹੋਰ ਕੁਝ, ਕਦੇ ਭੀ। ਬਗੈਰ=ਬਿਨਾਂ। ਅਜ਼=ਤੋਂ। ਹੱਕ=ਪ੍ਰਮਾਤਮਾ, ਰੱਬ, ਵਾਹਿਗੁਰੂ। ਦੀਦ=ਵੇਖਦੀਆਂ। ਐ=ਕ੍ਰਿਯਾ ਵਚਨ ਹੈ। ਖੁਸ਼ਾ=ਖੁਸ਼ਨਸੀਬ ਵਾਲੀ, ਸੁਭਾਗ। ਚਸ਼ਮੇ=ਅੱਖ। ਕਿ=ਜੋ। ਬੀਨਿੰਦਹ=ਵੇਖਦੀ। ਅਸਤ=ਹੈ, ਹਨ।}

*ਅਰਥ*—ਮੇਰੀਆਂ ਅੱਖਾਂ ਵਾਹਿਗੁਰੂ ਤੋਂ ਬਿਨਾਂ ਹੋਰ ਕੁਝ ਨਹੀਂ ਵੇਖਦੀਆਂ। ਉਹ ਸੁਭਾਗ ਅੱਖ ਹੈ, ਜੋ ਵਾਹਿਗੁਰੂ ਨੂੰ ਵੇਖਦੀ ਹੈ।

**ਮਾ ਨਮੇ ਲਾਫੇਮ ਅਜ਼ ਜ਼ੁਹਦੋ ਰਿਆ।**
**ਗਰ ਗੁਨਾਹਗਾਰੇਮ ਹਕ ਬਖਸ਼ਿੰਦਹ ਅਸਤ॥ ੩॥**

{ਮਾ=ਅਸੀਂ। ਨਮੋ=ਨਹੀਂ। ਲਾਫੇਮ=ਲਾਫ਼ ਮਾਰਦੇ, ਹੰਕਾਰ ਕਰਦੇ। ਜ਼ੁਹਦੋ=ਭਜਨ, ਬੰਦਗੀ। ਰਿਆ=ਦਿਖਾਵਾ। ਗਰ=ਜੇਕਰ। ਗੁਨਾਹਗਾਰੇਮ=ਔਗੁਣਾਂ ਵਾਲਾ ਹਾਂ ਮੈਂ, ਪਾਪੀ ਹਾਂ ਮੈ। ਬਖਸ਼ਿੰਦਹ=ਬਖਸ਼ਣਹਾਰ, ਬਖਸ਼ਣ ਵਾਲਾ। ਅਸਤ=ਹੈ।}

*ਅਰਥ*—ਮੈਂ ਲਾਫ ਨਹੀਂ ਮਾਰਦਾ, (ਆਪਣੀ) ਭਜਨ-ਬੰਦਗੀ ਤੇ ਦਿਖਾਵੇ ਦੀ। ਜੇਕਰ ਮੈਂ ਪਾਪੀ ਹਾਂ ਤਾਂ ਵਾਹਿਗੁਰੂ ਬਖਸ਼ਣਹਾਰ ਹੈ।



Sri Satguru Jagjit Singh Ji eLibrary NamdhariElibrary@gmail.com

**ਦੀਗਰੇ ਰਾ ਅਜ਼ ਕੁਜਾ ਆਰੇਮ ਮਾ।**
**ਸ਼ੋਰ ਦਰ ਆਲਮ ਯਕੇ ਅਫ਼ਗੰਦਾ ਅਸਤ॥ ੪॥**

{ਦੀਗਰੇ ਰਾ=ਦੂਜੇ ਨੂੰ। ਅਜ਼ ਕੁਜਾ=ਕਿਸ ਥਾਂ ਤੋਂ, ਕਿਥੋਂ। ਆਰੇਮ=ਲੈ ਆਵਾਂ। ਮਾ=ਮੈਂ। ਸ਼ੋਰ=ਰੌਲਾ-ਗੌਲਾ। ਦਰ=ਵਿਚ। ਆਲਮ=ਜਗਤ। ਯਕੇ=ਇਕੋ ਨੇ। ਅਫ਼ਗੰਦਾ=ਸੁਟਿਆ, ਪੈਦਾ ਕੀਤਾ।}

*ਅਰਥ*—ਮੈਂ ਦੂਜੇ ਨੂੰ ਕਿਥੋਂ ਲਿਆਵਾਂ? (ਜਦ ਕਿ) ਜਗਤ ਵਿਚ ਰੌਲਾ-ਗੌਲਾ ਇਕੋ ਨੇ ਹੀ ਸੁਟਿਆ ਹੋਇਆ ਹੈ।

*ਭਾਵ*—'ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥' ਦਾ ਸਿਧਾਂਤ ਹੈ।

**ਹਰਫ਼ਿ ਗ਼ੈਰ ਅਜ਼ ਹੱਕ ਨਿ ਆਰਦ ਹੇਚਗਾਹ।**
**ਬਰ ਲਬੇ ਗੋਯਾ ਕਿ ਹੱਕ ਬਖਸਿੰਦਹ ਅਸਤ॥ ੫॥**

{ਹਰਫ਼ਿ=ਅੱਖਰ, ਗੱਲ। ਗ਼ੈਰ=ਹੋਰ, ਦੂਜੀ। ਅਜ਼ ਹੱਕ=ਵਾਹਿਗੁਰੂ ਤੋਂ। ਨਿ ਆਰਦ=ਨਹੀਂ ਆਉਂਦੀ। ਹੇਚਗਾਹ=ਕਦੇ ਭੀ। ਬਰ ਲਬੇ=ਜੀਭ ਦੇ ਉਤੇ, ਜ਼ਬਾਨ ਉਤੇ। ਗੋਯਾ=ਨੰਦ ਲਾਲ।}

*ਅਰਥ*—ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਅੱਖਰ ਨਹੀਂ ਆਉਂਦਾ ਕਦੇ ਭੀ-ਨੰਦ ਲਾਲ ਦੀ ਜੀਭ ਉਤੇ, (ਕਿਉਂ) ਜੋ ਬਖਸ਼ਣਹਾਰ ਹੈ।

### ਪੰਜਾਬੀ ਉਲਥਾ-

ਸੁੰਦਰ ਮੁਖੜੇ ਦੇਖ ਤੇਰੇ ਨੂੰ ਦੀਨ ਪਿਆ ਸ਼ਰਮਾਵੇ।
ਜੱਗ ਨੂੰ ਰੋਸ਼ਨ ਕਰਨੇ ਵਾਲਾ, ਸੂਰਜ ਭੀ ਗ਼ਮ ਖਾਵੇ।
ਅੱਖ ਮੇਰੀ ਨੂੰ ਹਰਗਿਜ਼ ਹਰਗਿਜ਼ ਵਾਹਿਗੁਰੂ ਬਿਨ ਦਿੱਸਦਾ ਨਾ,
ਭਾਗਾਂ ਵਾਲੀ ਅੱਖ ਭੀ ਓਹੀ, ਜਿਸ ਰੱਬ ਨਜ਼ਰੀਂ ਆਵੇ।
ਮੈਂ ਨਾ ਕਦੇ ਭੀ ਮਾਨ ਕਰੇਂਦਾ, ਭਗਤੀ ਭਜਨ ਦਿਖਾਵੇ ਦਾ,
ਜੇਕਰ ਮੈਂ ਹਾਂ ਔਗੁਣਹਾਰਾ, ਰੱਬ ਬਖ਼ਸ਼ਣਹਾਰ ਕਹਾਵੇ।
ਦੂਜਾ ਹੋਰ ਨਾ ਕੋਈ ਹੋਇਆ, ਕਿਥੋਂ ਜਾ ਮੈਂ ਲਿਆਵਾਂ,
ਜਦ ਕਿ ਸਾਰੇ ਜੱਗ ਦੇ ਅੰਦਰ, ਇਕੋ ਹੀ ਸ਼ੋਰ ਮਚਾਵੇ।
ਵਾਹਿਗੁਰੂ ਨਾਮ ਬਿਨ ਹੋਰ ਅੱਖਰ ਆਵੇ ਕਦੇ ਸੁ ਯਾਦ ਨਹੀਂ,
ਨੰਦ ਲਾਲ ਦੀ ਜੀਭਾ ਉਤੇ, ਰੱਬ ਬਖਸ਼ਣਹਾਰ ਵਸਾਵੇ॥ ੯॥


Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੧੦

**ਦਰਮਿਆਨੇ ਬਜ਼ਮਿ ਮਾ ਜੁਜ਼ ਕਿੱਸਾ ਏ ਜਾਨਾਨਾ ਨੇਸਤ।**
**ਬੇ ਹਿਜਾਬ ਆ ਅੰਦਰੀਂ ਮਜਲਿਸ ਕਸੇ ਬੇਗਾਨਾ ਨੇਸਤ ॥੧॥**

{ਦਰਮਿਆਨੇ=ਵਿਚਾਲੇ, ਵਿਚ। ਬਜ਼ਮਿ=ਸੰਗਤ ਦੇ। ਮਾ=ਸਾਡੀ। ਜੁਜ਼=ਬਿਨਾਂ। ਕਿਸਾ ਏ=ਕਥਾ, ਵਾਰਤਾ। ਜਾਨਾਨਾ=ਮਿੱਤਰਗ। ਨੇਸਤ=ਨਹੀਂ। ਬੇ=ਬਿਨਾਂ। ਹਿਜਾਬ=ਪੜਦਾ। ਅੰਦਰੀਂ=(ਅੰਦਰ+ਈਂ) ਇਸ ਅੰਦਰ। ਮਜਲਿਸ=ਸਭਾ, ਸੰਗਤ, ਇਕੱਠ। ਕਸੇ=ਕੋਈ। ਬੇਗਾਨਾ=ਓਪਰਾ, ਦੂਜਾ।}

*ਅਰਥ*—ਸਾਡੀ ਸੰਗਤ ਵਿਚ ਪ੍ਰੀਤਮ ਦੀ ਕਥਾ ਵਾਰਤਾ ਤੋਂ ਬਿਨਾਂ ਹੋਰ ਕੁਝ ਭੀ ਨਹੀਂ ਹੈ। ਪੜਦੇ ਤੋਂ ਬਿਨਾਂ ਆਓ, ਕਿਉਂਕਿ ਇਸ ਮਜਲਿਸ ਅੰਦਰ ਕੋਈ ਓਪਰਾ ਨਹੀਂ ਹੈ।

**ਬਿਗੁਜਰ ਅਜ਼ ਬੇਗਾਨਗੀਹਾਓ ਬਖ਼ੁਦ ਸ਼ੌ ਆਸ਼ਨਾ।**
**ਹਰ ਕਿ ਬਾਖ਼ੁਦ ਆਸ਼ਨਾ ਸ਼ੁਦ ਅਜ਼ ਖ਼ੁਦਾ ਬੇਗਾਨਾ ਨੇਸਤ ॥੨॥**

{ਬਿਗੁਜਰ=ਲੰਘ ਜਾਹੁ। ਅਜ਼=ਤੋਂ। ਬੇਗਾਨਗੀ=ਦੂਜਾਇਗੀ, ਓਪਰਾਪਣਾ। ਹਾ=(ਬਹੁ:ਵ:ਦੀ ਨਿਸ਼ਾਨੀ)। ਓ=ਅਤੇ। ਬਾਖ਼ੁਦ=ਆਪਣੇ ਆਪ ਦਾ। ਸ਼ੌ=(ਕ੍ਰਿਯਾ) ਹੋ। ਆਸ਼ਨਾ=ਵਾਕਫ, ਪਛਾਣੂ। ਹਰ ਕਿ=ਜੋ ਕੋਈ। ਸ਼ੁਦ=ਹੋਇਆ। ਅਜ਼ ਖ਼ੁਦਾ=ਖੁਦਾ ਵਲੋਂ, ਰੱਬ ਵਲੋਂ। ਬੇਗਾਨਾ=ਓਪਰਾ, ਨਾਵਾਕਫ।}

*ਅਰਥ*—ਦੁਜਾਇਗੀਆਂ ਤੋਂ ਲੰਘ ਜਾਹੁ ਅਤੇ ਆਪਣੇ ਆਪ ਦਾ ਵਾਕਫ ਹੋ (ਕਿਉਂ?) ਜੋ ਕੋਈ ਆਪਣੇ ਆਪ ਜਾਣੂ ਹੋਇਆ ਹੈ, ਖ਼ੁਦਾ ਵਲੋਂ ਬੇਗਾਨਾ ਨਹੀਂ ਹੈ।

*ਭਾਵ*—ਹਉਮੈ ਮਮਤਾ ਨੂੰ ਛੱਡ ਕੇ ਆਪਣੇ ਰੂਪ ਨੂੰ ਪਛਾਣ ਕੇ ਆਪਣੇ ਆਪ ਨੂੰ ਪਛਾਣ ਲੈਣਾ ਹੀ ਰੱਬ ਨੂੰ ਪਾ ਲੈਣਾ ਹੈ।

**ਸ਼ੌਕਿ ਮੌਲਾ ਹਰ ਕਿਰਾ ਬਾਸ਼ਦ ਹੁਮਾ ਸਾਹਿਬ ਦਿਲਸਤ।**
**ਕਾਰਿ ਹਰ ਦਾਨਾ ਨਾ ਬਾਸ਼ਦ ਕਾਰਿ ਹਰ ਦੀਵਾਨਹ ਨੇਸਤ ॥੩॥**

{ਸ਼ੌਕਿ=ਚਾਉ, ਲਗਨ। ਮੌਲਾ=ਪ੍ਰਮਾਤਮਾ, ਵਾਹਿਗੁਰੂ ਰੱਬ। ਹਰ ਕਿਰਾ=ਜਿਸ ਕਿਸੇ ਨੂੰ। ਬਾਸ਼ਦ=ਹੋਇਆ। ਹੁਮਾ=ਓਹੀ। ਸਾਹਿਬ=ਮਾਲਕ। ਦਿਲਸਤ=ਦਿਲ ਹੈ। ਕਾਰਿ= ਕੰਮ ਇਹ। ਹਰ=ਸਾਰੇ, ਸਭਨਾਂ। ਦਾਨਾ=ਸਿਆਣਿਆਂ। ਨਾ ਬਾਸ਼ਦ=ਨਹੀਂ ਹੁੰਦਾ।}


Sri Satguru Jagjit Singh Ji eLibrary NamdhariElibrary@gmail.com

*ਅਰਥ*—ਜਿਸ ਕਿਸੇ ਨੂੰ ਪ੍ਰਮਾਤਮਾ ਦਾ ਸ਼ੌਕ ਹੋਇਆ ਹੈ, ਓਹੀ ਦਿਲ ਦਾ ਮਾਲਕ ਹੈ। ਇਹ ਕੰਮ ਨਾ ਸਭਨਾਂ ਸਿਆਣਿਆਂ ਤੋਂ ਹੁੰਦਾ ਹੈ ਤੇ ਸਭਨਾਂ ਦੀਵਾਨਿਆਂ ਦਾ ਭੀ ਇਹ ਕੰਮ ਨਹੀਂ ਹੈ।

**ਨਾਸਿਹਾ ਤਾ ਚੰਦ ਗੋਈ ਕਿੱਸਹ ਹਾਇ ਵਾ ਅਜ਼ੋ ਪੰਦ।**
**ਬਜ਼ਮਿ ਮਸਤਾਂ ਅਸਤ ਈਂ ਜਾ ਕਿੱਸਹ ਓ ਅਫ਼ਸਾਨਾ ਨੇਸਤ ॥੪॥**

{ਨਾਸਿਹਾ=ਹੇ ਉਪਦੇਸ਼ਕ। ਤਾ ਚੰਦ=ਕਿਥੋਂ ਤੀਕ। ਗੋਈ=ਕਹੇਂਗਾ। ਕਿੱਸਹ ਹਾਇ=ਕਹਾਣੀਆਂ, ਕਥਾਵਾਂ। ਵਾ ਅਜ਼ੋ=ਵਖਿਆਨ। ਪੰਦ=ਨਸੀਹਤ, ਸਿਖਿਆ। ਬਜ਼ਮਿ=ਸੰਗਤ ਵਿਚ। ਮਸਤਾਂ=ਮਸਤਾਨਿਆਂ, ਮਸਤਾਨੇ। ਅਸਤ=ਹੈ। ਈਂ=ਇਹ। ਜਾ=ਥਾਂ। ਅਫਸਾਨਾ=ਕਹਾਣੀ। ਨੇਸਤ=ਨਹੀਂ ਹੈ।}

*ਅਰਥ*—ਹੇ ਉਪਦੇਸ਼ਕ ! ਤੂੰ ਕਿਥੋਂ ਤਕ ਵਖਿਆਨ ਤੇ ਸਿਖਿਆ ਦੀਆਂ ਵਾਰਤਾਂ ਕਹੇਂਗਾ? ਇਹ ਮਸਤਾਨਿਆਂ ਦੀ ਸੰਗਤ ਹੈ, ਇਹ ਜਗ੍ਹਾ ਕਿਸੇ ਕਹਾਣੀਆਂ ਦੀ ਨਹੀਂ ਹੈ।

**ਈਂ ਮਤਾਏ ਹਕ ਬ ਪੇਸ਼ੇ ਸਾਹਿਬਾਨੇ ਦਿਲ ਬਵਦ।**
**ਚੂੰ ਬ ਸਹਿਰਾ ਮੇ-ਰਵੀ ਦਰ ਗੋਸ਼ਾਏ ਵੀਰਾਨਾ ਨੇਸਤ ॥੫॥**

{ਈਂ=ਇਹ। ਮਤਾਏ=ਦੌਲਤ। ਹਕ=ਸੱਚੀ। ਬ ਪੇਸ਼ੇ=ਕੋਲ, ਅੱਗੇ। ਸਾਹਿਬਾਨੇ= ਮਾਲਕ। ਬਵਦ=ਹੁੰਦੀ ਹੈ। ਚੂੰ=ਕਿਉਂ। ਬ ਸਹਿਰਾ=ਜੰਗਲ ਵਿਚ। ਮੇ-ਰਵੀ=ਜਾਂਦਾ ਹੈ। ਦਰ=ਵਿਚ। ਗੋਸ਼ਾਏ=ਨੁਕਰ, ਕਿਨਾਰਾ, ਏਕਾਂਤ। ਵੀਰਾਨਾ=ਉਜਾੜ।}

*ਅਰਥ*—ਇਹ ਸੱਚੀ ਦੌਲਤ, ਦਿਲ ਦੇ ਮਾਲਕਾਂ ਕੋਲ ਹੁੰਦੀ ਹੈ। ਜੰਗਲਾਂ ਵਿਚ ਕਿਉਂ ਜਾਵਾਂ? ਉਜਾੜ ਦੇ ਕੋਨਿਆਂ ਵਿਚ ਨਹੀਂ ਹੈ।

*ਭਾਵ*—ਵਾਹਿਗੁਰੂ ਸਾਧ ਸੰਗਤ ਵਿਚ ਵੱਸਦਾ ਹੈ, ਜੰਗਲਾਂ ਵਿਚ ਜਾਣ ਦੀ ਲੋੜ ਨਹੀਂ, ਕਿਉਂਕਿ ਉਥੇ ਵਾਹਿਗੁਰੂ ਕੋਈ ਵੱਖਰਾ ਟਿਕਾਣਾ ਬਣਾ ਕੇ ਬੈਠਾ ਨਹੀਂ ਹੈ।

**ਈਂ ਮਤਾਏ ਸ਼ੌਕ ਰਾ ਅਜ਼ ਆਸ਼ਕਾਨੇ ਹੱਕ ਬਖ਼ਾਹ।**
**ਜਾਂ ਕਿ ਦਰ ਜਾਨਸ਼ ਬਜੁਜ਼ ਨਕਸ਼ੇ ਰੁਖ਼ੇ ਜਾਨਾ ਨਾ ਨੇਸਤ ॥੬॥**

{ਅਜ਼=ਪਾਸੋਂ। ਆਸ਼ਕਾਨੇ ਹੱਕ=ਰੱਬ ਦੇ ਆਸ਼ਕਾਂ (ਸੰਤਾਂ)। ਬਖ਼ਾਹ=ਮੰਗ। ਜਾਂ ਕਿ=ਕਿਉਂਕਿ। ਦਰ=ਅੰਦਰ। ਜਾਨਸ਼=ਜਾਨ, ਜਿੰਦ, ਉਹਨਾਂ ਦੀ। ਬਜੁਜ਼=ਬਿਨਾਂ। ਨਕਸ਼ੇ=ਤਸਵੀਰ। ਰੁਖ਼ੇ=ਚਿਹਰਾ, ਸਰੂਪ। ਜਾਨਾ=ਪਿਆਰਾ, ਜਾਨੀ, ਮਿੱਤਰ।}

*ਅਰਥ*—ਇਕ ਸ਼ੌਕ ਦੀ ਦੌਲਤ ਸੰਤਾਂ ਪਾਸੋਂ ਮੰਗ। ਕਿਉਂਕਿ ਉਹਨਾਂ ਦੀ ਜਾਨ


Sri Satguru Jagjit Singh Ji eLibrary NamdhariElibrary@gmail.com

ਅੰਦਰ, ਮਿੱਤਰ ਦੇ ਸਰੂਪ ਦੀ ਤਸਵੀਰ ਤੋਂ ਬਿਨਾਂ ਹੋਰ ਕੁਝ ਭੀ ਨਹੀਂ ਹੈ। ਜੈਸਾ ਕਿ-

'ਦਿਲ ਦੇ ਅੰਦਰ ਹੈ ਲੱਗੀ ਤਸਵੀਰ ਨਾਨਕ ਦੀ।
ਜ਼ਿਆਰਤ ਹੋਤੀ ਰਹਿਤੀ ਹੈ, ਇਸੀ ਤਦਬੀਰ ਨਾਨਕ ਕੀ।

**ਚੰਦ ਮੇ ਗੋਈ ਤੁ ਐ ਗੋਯਾ ਖ਼ਮੁਸ਼ ਸ਼ੌ ਜ਼ੀਂ ਸਖ਼ੁਨ।**
**ਸ਼ੌਕਿ ਮੌਲਾ ਮੁਨਹਸਰ ਬਰ ਕਾਬਾ ਓ ਬੁਤਖ਼ਾਨਾ ਨੇਸਤ ॥੭॥**

{ਚੰਦ=ਕਿਥੋਂ ਤਕ। ਮੇ ਗੋਈ=ਕਹੇਂਗਾ। ਖ਼ਮੁਸ਼=ਚੁਪ। ਸ਼ੌ=ਹੋ। ਜ਼ੀਂ=ਇਨ੍ਹਾਂ। ਸਖ਼ੁਨ=ਗੱਲਾਂ। ਮੁਨਹਸਰ=ਨਿਰਭਰ। ਕਾਬਾ=ਮੱਕੇ ਸ਼ਹਿਰ ਵਿਚਲਾ ਮੁਸਲਮਾਨਾਂ ਦਾ ਮਸ਼ਹੂਰ ਮੰਦਰ, ਜਿਸ ਦੀ ਹੱਜ ਕਰਨ ਜਾਂਦੇ ਹਨ। ਬੁਤਖ਼ਾਨਾ=ਬੁਤਾਂ ਦਾ ਘਰ, ਠਾਕਰ-ਦਵਾਰੇ ਆਦਿਕ, ਪਰ ਇਥੇ ਕਾਂਸ਼ੀ, ਰਾਮੇਸ਼ਵਰ ਆਦਿਕ ਪ੍ਰਸਿੱਧ ਮੰਦਰਾਂ ਤੋਂ ਭਾਵ ਹੈ। ਬਰ=ਉਤੇ।}

*ਅਰਥ*—ਹੇ ਨੰਦ ਲਾਲ ! ਕਿਥੋਂ ਤਕ ਕਹੇਂਗਾ ? ਇਹਨਾਂ ਗੱਲਾਂ ਵਲੋਂ ਚੁਪ ਹੋ ਜਾਹ। ਕਿਉਂਕਿ ਰੱਬ ਦਾ ਸ਼ੌਕ, ਮੱਕੇ ਅਤੇ ਮੰਦਰਾਂ ਉਤੇ ਨਿਰਭਰ ਨਹੀਂ ਹੈ।

### ਪੰਜਾਬੀ ਉਲਥਾ-

SIKHBOOKCLUB.COM

ਸਾਡੀ ਸੰਗਤ ਪ੍ਰੀਤਮ ਵੱਸਦਾ, ਬਿਨਾਂ ਓਸ ਕੋਈ ਬਾਤ ਨਹੀਂ।
ਬਿਨਾਂ ਘੁੰਡ ਦੇ ਆਵੇ ਅੰਦਰ, ਸੰਗਤ ਵਿਚ ਦੂਇ ਜਾਤ ਨਹੀਂ।
ਖੁਦੀ ਤਕੱਬਰ ਦਿਲ ਚੋਂ ਖੋਵੇਂ, ਆਪਣੇ ਆਪ ਨੂੰ ਵੇਖੇਂਗਾ,
ਆਪ ਆਪ ਦਾ ਜਾਣੂ ਹੋਵੇਂ, ਤੈਥੋਂ ਰੱਬ ਦੂਰਾਤ ਨਹੀਂ।
ਸੌਕ ਸਾਂਈ ਦਾ ਜਿਸ ਨੂੰ ਹੋਯਾ ਓਹੀ ਦਿਲ ਦਾ ਸਾਹਿਬ ਹੈ,
ਦਾਨੇ ਸਭ ਦਾ ਕੰਮ ਨਹੀਂ ਇਹ ਅਤੇ ਦੀਵਾਨੇ ਬਾਤ ਨਹੀਂ।
ਹੇ ਪੰਡਤ ! ਤੂੰ ਕਦ ਤਕ ਕਹਿਸੇਂ, ਕਥਾ ਨਸੀਹਤ ਵਾਲੀ ਨੂੰ,
ਮਸਤਾਂ ਦੀ ਹੈ ਸੰਗਤ ਸਾਡੀ, (ਇਹ) ਕਥਾ ਦੀ ਬਾਤ ਸੁਹਾਤ ਨਹੀਂ।
'ਸਿਮਰਨ! ਦੌਲਤ ਸੱਚੀ ਜਾਣੋ, ਦਿਲ ਦੇ ਮਾਲਕ ਕੋਲ ਰਹੇ,
ਜੰਗਲਾਂ ਵਿਚ ਕਿਉਂ ਜਾ ਕੇ ਭਟਕਾਂ, ਉਜਾੜ ਵਿਚ ਲਭਾਤ ਨਹੀਂ।
ਦੌਲਤ ਸੱਚੀ ਦਾ ਸ਼ੌਕ ਜਿ ਰਖੇਂ, ਮੰਗ ਸੰਤਾਂ ਦੇ ਪਾਸੋਂ ਤੂੰ,
ਪ੍ਰੀਤਮ ਦੀ ਤਸਵੀਰ ਬਿਨਾਂ ਕੁਝ ਦਿਲ ਦੇ ਵਿਚ ਸੁਹਾਤ ਨਹੀਂ।
ਕਦ ਤਕ ਗੋਯਾ ਬੋਲੀ ਜਾਸੇਂ, ਚੁਪ ਹੋ ਰਹੁ ਗੱਲਾਂ ਤੋਂ,
ਹੱਜ ਮੱਕੇ ਦੀ ਕਾਂਸੀ ਜਾਣਾ, ਰੱਬ ਦਾ ਸ਼ੌਕ ਕਹਾਤ ਨਹੀਂ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੧੧

**ਦਿਲ ਅਗਰ ਦਰ ਹਲਕਾਏ ਜ਼ੁਲਫ਼ੇ ਦੂਤਾਂ ਖਾਹਦ ਗੁਜ਼ਸਤ।**

**ਅਜ਼ ਖੁਤਨ ਦਰ ਚੀਨੇ ਮਾਚੀਨੇ ਖ਼ਤਾ ਖਾਹਦ ਗੁਜ਼ਤਤ ॥੧॥**

{ਹਲਕਾਏ=ਕੁੰਡਲਾਂ। ਜ਼ੁਲਫ=ਕੇਸਾਂ ਦੀ ਲਿਟ ਜੋ ਮੂੰਹ ਉਤੇ ਲਮਕੀ ਹੁੰਦੀ ਹੈ। ਦੂਤਾਂ=ਦੋ ਕੀਤੀਆਂ ਹੋਈਆਂ, ਮੋੜੀ ਹੋਈ। ਖਾਹਦ ਗੁਜ਼ਸਤ=ਲੰਘ ਜਾਵੇ। ਖੁਤਨ, ਚੀਨ, ਮਾਚੀਨ, ਖਤਾ (ਇਹ ਸਭ ਦੇਸ਼ਾਂ ਦੇ ਨਾਮ ਹਨ।)}

*ਅਰਥ*—ਜੇਕਰ ਦਿਲ ਕੁੰਡਲਾਂ ਵਰਗੀਆਂ ਟੇਢੀਆਂ ਜ਼ੁਲਫ਼ਾਂ ਵਿਚ ਲੰਘ ਜਾਵੇ ਤਾਂ ਖੁਤਨ, ਚੀਨ, ਮਾਚੀਨ ਤੇ ਖਤਾ ਆਦਿਕ ਮੁਲਕਾਂ ਵਿਚੋਂ ਲੰਘ ਜਾਵੇਗਾ।

*ਭਾਵ*—ਜੇਕਰ ਸਿੱਖ ਦਾ ਮਨ, ਗੁਰੂ ਦਰਸ਼ਨ ਦਾ ਭੌਰਾ ਹੋ ਜਾਵੇ ਤਾਂ ਉਸ ਨੂੰ ਸੋਹਣੇ ਤੋਂ ਸੋਹਣੇ ਦੇਸ਼ਾਂ ਦੀਆਂ ਚੀਜ਼ਾਂ ਭੀ ਨਹੀਂ ਮੋਹ ਸਕਦੀਆਂ।

**ਪਾਤਸ਼ਾਹੀਏ ਈਂ ਦੂ ਆਲਮ ਯਕ ਨਿਗਾਹੇ ਰੂਇਤੋ।**

SIKHBOOKCLUB.COM

**ਸਾਇਆ ਏਜ਼ੁਲਫੇ ਤੋ ਅਜ਼ ਬਾਲੇ ਹੁਮਾ ਖਾਹਦ ਗੁਜ਼ਸਤ ॥੨॥**

{ਦੂ ਆਲਮ=ਦੋਹਾਂ ਲੋਕਾਂ। ਯਕ ਨਿਗਾਹੇ=ਇਕ ਨਜ਼ਰ। ਰੂਇ=ਚਿਹਰੇ। ਤੋ-ਤੇਰੇ। ਸਾਇਆ=ਪ੍ਰਛਾਵਾਂ। ਅਜ਼=ਤੋਂ। ਬਾਲੇ ਹੁਮਾ=ਹੁਮਾ ਪੰਛੀ, ਫਾਰਸੀ ਕਵੀ ਮੰਨਦੇ ਹਨ ਕਿ ਜਿਨ੍ਹਾਂ ਉਤੇ ਹੁਮਾ ਪੰਛੀ ਦਾ ਪ੍ਰਛਾਵਾਂ ਪੈ ਜਾਵੇ, ਉਹ ਪਾਤਸ਼ਾਹ ਹੋ ਜਾਂਦਾ ਹੈ।}

*ਅਰਥ*—ਤੇਰੇ ਮੁਖੜੇ ਦੀ ਇਕ ਨਿਗਾਹ ਦੇ ਵਿਚ ਇਹਨਾਂ ਦੋਹਾਂ ਲੋਕਾਂ ਦੀ ਪਾਤਸ਼ਾਹੀ ਹੈ। ਤੇਰੀ ਜ਼ੁਲਫ ਦਾ ਪਰਛਾਵਾਂ, ਹੁਮਾ ਪੰਛੀ ਤੋਂ ਭੀ ਲੰਘ ਗਿਆ ਹੈ।

*ਭਾਵ*—ਹੁਮਾ ਪੰਛੀ ਦਾ ਪ੍ਰਛਾਵਾਂ ਇਕ ਲੋਕ ਦੀ ਬਾਦਸ਼ਾਹੀ ਦੇਂਦਾ ਹੈ, ਪਰ ਤੇਰੀ ਜ਼ੁਲਫ ਦਾ ਪ੍ਰਛਾਵਾਂ ਦੋਹਾਂ ਲੋਕਾਂ ਦੀ ਪਾਤਸ਼ਾਹੀ ਬਖਸ਼ਦਾ ਹੈ, ਇਸ ਲਈ ਇਹ ਉਸ ਤੋਂ ਭੀ ਲੰਘ ਗਿਆ ਹੈ।

**ਈਂ ਬਿਸਾਤੇ ਉਮਰ ਰਾ ਦਰਯਾਬ ਕੀ ਬਾਦੇ ਸਬਾ।**

**ਅਜ਼ ਕੁਜਾ ਆਮਦ ਨ ਦਾਨਮ ਅਜ਼ ਕੁਜਾ ਖਾਹਦ ਗੁਜ਼ਸਤ ॥੩॥**

{ਬਿਸਾਤੇ=ਪੂੰਜੀ ਮੁੜੀ। ਦਰਯਾਬ=ਪਕੜ। ਕੀਂ=ਜੋ ਇਹ। ਬਾਦੇ ਸਬਾ=ਸਵੇਰ ਦੀ ਹਵਾ। ਅਜ਼ ਕੁਜਾ=ਕਿਥੋਂ। ਆਮਦ=ਆਈ। ਦਾਨਮ=ਜਾਣਦਾ ਮੈਂ।}



Sri Satguru Jagjit Singh Ji eLibrary NamdhariElibrary@gmail.com

*ਅਰਥ*—ਇਸ ਉਮਰ ਦੀ ਪੂੰਜੀ ਨੂੰ ਪਕੜ, ਕਿਉਂ ਜੋ ਇਹ ਸਵੇਰ ਦੀ ਹਵਾ ਵਾਂਗੂੰ ਹੈ। ਮੈਂ ਨਹੀਂ ਜਾਣਦਾ, ਕਿਥੋਂ ਆਈ ਹੈ ਤੇ ਕਿਥੇ ਨੂੰ ਜਾ ਰਹੀ ਹੈ।

**ਬਾਦਸ਼ਾਹੀਏ ਈਂ ਜਹਾਂ ਜੁਜ਼ ਸ਼ੋਰੋ ਗ਼ੌਗ਼ਾ ਬੇਸ਼ ਨੇਸਤ।**
**ਪੇਸ਼ ਦਰਵੇਸ਼ੇ ਕਿ ਓ ਅਜ਼ ਮੁਦਾਅ ਖ਼ਾਹਦ ਗੁਜ਼ਸਤ ॥ ੪ ॥**

{ਜਹਾਂ=ਜਹਾਨ, ਜਗਤ। ਸ਼ੋਰੋ ਗ਼ੌਗ਼ਾ=ਰੌਲਾ ਰੱਪਾ, ਡੰਡ-ਰੌਲਾ। ਬੇਸ਼=ਬਹੁਤਾ। ਪੇਸ਼=ਅੱਗੇ, ਕੋਲ, ਸਾਹਮਣੇ। ਦਰਵੇਸ਼=ਫਕੀਰ ਦੇ। ਕਿ ਓ=ਜਿਹੜਾ ਕਿ। ਮੁਦਾਅ= ਕਾਮਨਾ, ਇਛਾ।}

*ਅਰਥ*—ਇਸ ਜਗਤ ਦੀ ਬਾਦਸ਼ਾਹੀ, ਸ਼ੋਰ-ਸ਼ਰਾਬੇ ਤੋਂ ਬਿਨਾਂ ਹੋਰ ਬਹੁਤਾ ਨਹੀਂ ਹੈ। ਉਸ ਦਰਵੇਸ਼ ਦੇ ਅੱਗੇ, ਜਿਹੜਾ ਕਿ ਕਾਮਨਾ ਤੋਂ ਲੰਘ ਗਿਆ ਹੈ।

*ਭਾਵ*—ਜਿਸ ਦੀਆਂ ਕਾਮਨਾਂ ਮਿਟ ਗਈਆਂ ਹਨ, ਉਸ ਨੂੰ ਇਸ ਦੁਨੀਆਂ ਦੀ ਬਾਦਸ਼ਾਹੀ ਸ਼ੋਰ-ਸ਼ਰਾਬਾ ਹੀ ਦਿੱਸਦੀ ਹੈ।

**ਅਜ਼ ਗੁਜ਼ਸਤਨਹਾ ਚਿ ਮੇ-ਪੁਰਸੀ ਦਰੀਂ ਦਹਿਰੇ ਖਰਾਬ।**
**ਬਾਦਸ਼ਾਹ ਖਾਹਦ ਗੁਜ਼ਸਤੋ ਹਮ ਗਦਾ ਖ਼੍ਵਾਹਦ ਗੁਜ਼ਸਤ ॥ ੫ ॥**

{ਗੁਜ਼ਸਤਨਹਾ=ਗੁਜ਼ਰ ਜਾਣਾ, ਮਰ ਜਾਣਾ। ਚਿ=ਕੀ। ਮੇ-ਪੁਰਸੀ=ਪੁਛਦਾ ਹੈਂ। ਦਰੀਂ= (ਦਰ+ਈਂ) ਇਸ ਵਿਚ। ਦਹਿਰੇ=ਜਗਤ। ਖਰਾਬ=ਨਿਕੰਮਾ, ਬੁਰਾ। ਖਾਹਦ ਗੁਜ਼ਸਤੋ=ਚਲਾ ਜਾਵੇਗਾ। ਹਮ=ਭੀ। ਗਦਾ=ਮੰਗਤਾ।}

*ਅਰਥ*—ਗੁਜ਼ਰ ਜਾਣ (ਦੀ ਗੱਲ) ਕੀ ਪੁਛਦੇ ਹੋ, ਇਸ ਨਿਕੰਮੇ ਜਗਤ ਵਿਚੋਂ। ਬਾਦਸ਼ਾਹ ਗੁਜ਼ਰ ਜਾਵੇਗਾ ਅਤੇ ਮੰਗਤਾ ਭੀ ਗੁਜ਼ਰ ਜਾਵੇਗਾ।

**ਸ਼ਿਅਰਿ ਗੋਯਾਂ ਜ਼ਿੰਦਗੀ ਬਖ਼ਸ਼ ਅਸਤ ਚੂੰ ਆਬੇ ਹਯਾਤ।**
**ਬਲਕਿ ਅਜ਼ ਪਾਕੀਜ਼ਗੀ ਜ਼ਾਬੇ ਬਕਾ ਖ਼੍ਵਾਹਦ ਗੁਜ਼ਸਤ ॥ ੬ ॥**

{ਸ਼ਿਅਰਿ=ਬਚਨ, ਕਵਿਤਾ। ਜ਼ਿੰਦਗੀ=ਜੀਵਨ। ਬਖ਼ਸ਼ ਅਸਤ=ਬਖਸ਼ਣ ਵਾਲੇ ਹਨ। ਚੂੰ=ਜੈਸੇ, ਵਾਂਗੂੰ। ਆਬੇ ਹਯਾਤ*=ਕਾਯਮ ਰੱਖਣ ਵਾਲਾ ਪਾਣੀ, ਅੰਮ੍ਰਿਤ। ਬਲਕਿ=ਸਗੋਂ। ਪਾਕੀਜ਼ਗੀ=ਪਵਿੱਤ੍ਰਤਾ। ਜ਼ਾਬੇ ਬਕਾ=ਅੰਮ੍ਰਿਤ।}

---

**ਯੂਨਾਨ ਦੇ ਪੁਰਾਣੇ ਇਤਿਹਾਸਕਾਰਾਂ ਦਾ ਇਹ ਖਿਆਲ ਸੀ ਕਿ ਬਹਰ ਜ਼ੁਲਮਾਤ ਵਿਚ ਇਕ 'ਚਸ਼ਮਾਯ ਹੈਵਾਨ' ਨਾਮ ਦਾ ਇਕ ਪਾਣੀ ਦਾ ਤਲਾਉ ਹੈ, ਜਿਸ ਦਾ ਪਾਣੀ ਪੀਣ ਨਾਲ ਮਨੁਖ ਸਦਾ ਜੀਉਂਦਾ ਰਹਿੰਦਾ ਹੈ, ਕਹਿੰਦੇ ਹਨ ਸਿਕੰਦਰ ਆਜ਼ਮ ਨੇ ਇਸ ਚਸ਼ਮੇ ਨੂੰ ਲਭਿਆ ਸੀ।*



Sri Satguru Jagjit Singh Ji eLibrary NamdhariElibrary@gmail.com

*ਅਰਥ*—ਨੰਦ ਲਾਲ ਦੀ ਕਵਿਤਾ ਜੀਵਨ ਬਖਸ਼ਣ ਵਾਲੀ ਹੈ, ਅੰਮ੍ਰਿਤ ਵਾਂਗੂੰ। ਸਗੋਂ ਪਵਿੱਤ੍ਰਤਾ ਵਿਚ ਤਾਂ ਅੰਮ੍ਰਿਤ ਨਾਲੋਂ ਭੀ ਅਗਾਂਹ ਲੰਘ ਗਈ ਹੈ।

## ਪੰਜਾਬੀ ਉਲਥਾ-

ਮੁਖ ਪ੍ਰੀਤਮ ਦੇ ਕੇਸ ਕੁੰਡਲ ਚੋਂ ਜੇਕਰ ਮਨ ਹੈ ਲੰਘ ਗਿਆ।
ਖੁਤਨ ਮੁਲਕ ਦੇ ਸੁਟ ਕੇ ਨਾਫੇ ਚੀਨ ਮਚੀਨੋਂ ਲੰਘ ਗਿਆ।
ਦੋਹੁੰ ਲੋਕਾਂ ਦੀ ਬਾਦਸ਼ਾਹੀ ਇਕ ਦਰਸ ਮਾਹੀ ਤੋਂ ਮਿਲਦੀ ਏ,
ਪ੍ਰੀਤਮ ਜ਼ੁਲਫ ਸੰਦਾ ਪ੍ਰਛਾਵਾਂ ਹੁਮਾਅ ਸਾਯਾ ਤੋਂ ਲੰਘ ਗਿਆ।
ਪੂੰਜੀ ਉਮਰਾਂ ਵਾਲੀ ਪਕੜੋ, ਪਵਨ-ਸਵੇਰ ਦੀ ਵਾਂਗੂੰ ਜੋ,
ਕਿਥੋਂ ਆਏ ਕਿਥੇ ਜਾਣਾ? ਇਸ ਖਬਰ ਤੋਂ ਲੰਘ ਗਿਆ।
ਬਾਦਸ਼ਾਹੀ ਜੁ ਜਗ ਸਾਰੇ ਦੀ ਸ਼ੋਰ ਗੌਂਗੇ ਤੋਂ ਵਧ ਨਹੀਂ,
ਉਸ ਸੰਤ ਦੀ ਨਜ਼ਰ ਦੇ ਅੰਦਰ, ਜੋ ਇਛਾ ਤੋਂ ਲੰਘ ਗਿਆ।
ਲੰਘ ਜਾਣ ਦੀ ਗੱਲ ਕੀ ਪੁਛੇਂ ਏਸ ਨਿਕੰਮੀ ਦੁਨੀਆਂ ਚੋਂ,
ਬਾਦਸ਼ਾਹ ਜੋ ਲੰਘ ਗਿਆ ਹੈ ਮੰਗਤਾ ਭੀ ਹੈ ਲੰਘ ਗਿਆ।
ਜੀਵਨ ਦਾਤਾ ਬਚਨ ਲਾਲ ਦਾ, ਅੰਮ੍ਰਿਤ ਵਾਂਗੂੰ ਮਿੱਠਾ ਏ,
ਪਰ ਪਵਿੱਤ੍ਰਤਾ ਅੰਦਰ ਜਾਣੋ, ਅੰਮ੍ਰਿਤ ਤੋਂ ਭੀ ਲੰਘ ਗਿਆ। ੧੧।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੧੨

**ਦਿਲ ! ਇਮ ਸ਼ਬ ਬ ਤਮਾਸ਼ਾਇ ਰੁਖ਼ੇ ਯਾਰ ਤੁਆਂ ਰਫ਼ਤ।**

**ਸੂਏ ਬੁਤਿ ਆਸ਼ਿਕ ਕੁਸ਼ਿ ਅੱਯਾਰ ਤੁਆਂ ਰਫ਼ਤ॥ ੧ ॥**

{ਇਮ=ਅੱਜ। ਸ਼ਬ=ਰਾਤ। ਬ=ਨੂੰ, ਸਾਥ। ਤਮਾਸ਼ਾਇ=ਤਮਾਸ਼ੇ। ਰੁਖ਼ੇ=ਚਿਹਰਾ, ਮੁਖ, ਦਰਸ਼ਨ। ਯਾਰ=ਮਿੱਤ੍ਰ। ਤੁਆਂ=(ਤਵਾਨ) ਸਕੀਦਾ। ਰਫ਼ਤ=ਜਾਣਾ ਜਾ। ਸੂਏ= ਵਲ, ਤਰਫ। ਬੁਤੇ=ਮੂਰਤੀ, ਸ਼ਕਲ, ਸਰੀਰ। ਕੁਸ਼ੇ=ਕਤਲ ਕਰਨ ਵਾਲਾ। ਅੱਯਾਰ= ਚਲਾਕ, ਬਹੁਰੂਪੀਆ।}

*ਅਰਥ*--ਹੇ ਮਨ ! ਅੱਜ ਰਾਤ ਨੂੰ ਤਮਾਸ਼ੇ (ਤੇ ਜਾਣ ਵਾਂਗੂੰ) ਮਿੱਤਰ ਦੇ ਦਰਸ਼ਨ ਨੂੰ ਜਾ ਸਕਦਾ ਹੈਂ ? ਆਸ਼ਕਾਂ ਨੂੰ ਕਤਲ ਕਰਨ ਵਾਲੇ ਚਲਾਕ ਸਰੀਰ ਵਲ ਜਾ ਸਕਦਾ ਹੈਂ।

*ਭਾਵ*—ਜਿਵੇਂ ਰਾਤ ਨੂੰ ਤਮਾਸ਼ਾ ਦੇਖਣ ਲਈ ਸ਼ੌਕ ਨਾਲ ਜਾਈਦਾ ਹੈ, ਇਵੇਂ ਹੀ ਹੇ ਮਨ ! ਤੂੰ ਸਤਿਗੁਰੂ ਦੇ ਦਰਸ਼ਨ ਨੂੰ ਜਾ ਸਕਦਾ ਹੈਂ ? ਹੋਰ ਤਾਂ ਸਾਰੇ ਆਪਣੇ ਪ੍ਰੇਮੀਆਂ ਦਾ ਆਦਰ ਸਤਿਕਾਰ ਕਰਦੇ ਹਨ, ਪਰ ਸਤਿਗੁਰੂ ਆਪਣੇ ਪਿਆਰਿਆਂ ਨੂੰ ਤਲਵਾਰ ਨਾਲ ਸ਼ਹੀਦ ਕਰਦਾ ਹੈ। ਤਦੇ ਹੀ ਤਾਂ ਫੁਰਮਾਇਆ ਹੈ-

ਪਹਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਗਲ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥

**ਦਰ ਕੂਚਾਏ ਇਸ਼ਕ ਗ਼ਰਚਿ ਮੁਹਾਲ ਅਸਤ ਰਸੀਦਨ।**

**ਮਨਸੂਰ ਸਿਫ਼ਤ ਬਰ ਕਦਮ ਦਾਰ ਤੁਆਂ ਰਫ਼ਤ॥ ੨ ॥**

{ਦਰ=ਵਿਚ। ਕੂਚਾਏ=ਗਲੀ ਦੇ। ਇਸ਼ਕ=ਪ੍ਰੇਮ। ਗ਼ਰਚਿ=ਭਾਵੇਂ। ਮੁਹਾਲ=ਔਖਾ, ਮੁਸ਼ਕਲ। ਅਸਤ=ਹੈ। ਰਸੀਦਨ=ਪੁਜਣਾ, ਜਾਣਾ। ਸਿਫਤ=ਵਾਂਗੂੰ। ਬਰ=ਉਤੇ। ਕਦਮ=ਪੈਰ। ਦਾਰ=ਸੂਲੀ। ਤੁਆਂ ਰਫਤ=ਜਾ ਸਕਦਾ ਹੈ।}

*ਅਰਥ*—ਭਾਵੇਂ ਪ੍ਰੇਮ ਦੇ ਕੂਚੇ ਵਿਚ ਜਾਣਾ ਬਹੁਤ ਹੀ ਔਖਾ ਹੈ। (ਪਰ) ਮਨਸੂਰ ਵਾਂਗੂੰ ਸੂਲੀ ਤੇ ਕਦਮ (ਰਖ ਕੇ) ਜਾ ਸਕਦਾ ਹੈ।

*ਭਾਵ*— ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥

*ਯਥਾ*- ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥



Sri Satguru Jagjit Singh Ji eLibrary NamdhariElibrary@gmail.com

ਐ ਦਿਲ ਬਸੂਏ ਮਦਰਸਹ ਗਰ ਮੈਲ ਨ ਦਾਰੀ।
ਬਾਰੇ ਬਸੂਏ ਖ਼ਾਨਾਏ ਖ਼ੁਮਾਰ ਤਵਾਂ ਰਫ਼ਤ॥ ੩॥

{ਬਸੂਏ=ਵਲੇ। ਮਦਰਸਹ=ਪਾਠਸ਼ਾਲਾ, ਸਕੂਲ, ਮਕਤਬ। ਗਰ=ਜੇ, ਜੇਕਰ। ਮੈਲ=ਚਾਉ, ਸ਼ੌਕ, ਇੱਛਾ। ਨ ਦਾਰੀ=ਤੂੰ ਨਹੀਂ ਰੱਖਦਾ। ਬਾਰੇ=ਸਮਾਂ ਹੈ, ਵੇਲਾ ਹੈ। ਖ਼ਾਨਾਏ ਖ਼ੁਮਾਰ=ਮਸਤੀ ਦਾ ਘਰ ਸ਼ਰਾਬਖ਼ਾਨਾ ਭਾਵ ਸਤਿਸੰਗ, ਜਿਥੋਂ ਨਾਮ ਖ਼ੁਮਾਰੀ ਚੜ੍ਹਦੀ ਹੈ।}

*ਅਰਥ*—ਹੇ ਮਨ! ਜੇਕਰ ਤੂੰ ਮਦਰੱਸੇ ਵਲ ਜਾਣ ਦਾ ਸ਼ੌਂਕ ਰੱਖਦਾ ਹੈਂ, ਤਾਂ ਹੁਣ ਵੇਲਾ ਹੈ, ਸ਼ਰਾਬਖਾਨੇ ਵਲ ਜਾ ਸਕਦਾ ਹੈਂ।

ਚੂੰ ਖ਼ਾਤਰਮ ਅਜ਼ ਅਸ਼ਕੇ ਤੋਂ ਸ਼ੁਦ ਰਸ਼ਕੇ ਗੁਲਿਸਤਾਂ।
ਬੇਹੂਦਾ ਚਰਾ ਜਾਨਬੇ ਗੁਲਜ਼ਾਰ ਤਵਾਂ ਰਫ਼ਤ॥੪॥

{ਚੂੰ=ਜਦ। ਖ਼ਾਤਰਮ=ਖਾਤਰ ਮੇਰੀ। ਅਜ਼=ਤੋਂ, ਸੇ, ਕਰ ਕੇ, ਵਲੋਂ। ਅਸ਼ਕੇ=ਅੱਥਰੂ, ਹੰਝੂ, ਆਂਸੂ। ਰਸ਼ਕੇ=ਈਰਖਾ ਕਰਨ ਯੋਗ। ਗੁਲਿਸਤਾਂ=(ਗੁਲਿਸਤਾਨ) ਫੁਲਵਾੜੀ, ਬਗੀਚੀ। ਤੋਂ=ਤੇਰਾ। ਬੇਹੂਦਾ=ਬੇਅਰਥ, ਬੇਫਾਇਦਾ। ਚਰਾ=ਕਿਉਂ। ਜਾਨਬੇ=ਵਲ, ਤਰਫ। ਗੁਲਜ਼ਾਰ=ਬਗੀਚੇ, ਰੌਣਕ ਵਾਲੀ ਜਗ੍ਹਾ। ਤਵਾਂ ਰਫਤ=ਜਾ ਸਕਦਾ।}

SIKHBOOKCLUB.COM

*ਅਰਥ*—ਜਦ ਮੇਰੀ ਖ਼ਾਤਰ ਕਰਕੇ ਤੇਰਾ ਅੱਥਰੂ ਫੁੱਲਵਾੜੀ ਨੂੰ ਰਿਸ਼ਕ ਦੇਣ ਵਾਲਾ ਹੋਇਆ, ਤਦ ਫਿਰ ਬੇਫ਼ਾਇਦਾ ਬਾਗ ਵਲ ਕਿਉਂ ਜਾਣਾ ਹੋਇਆ।

ਐ ਦਿਲ ! ਚੁ ਸ਼ੁਦੀ ਵਾਕਿਫ਼ਿ ਇਸਰਾਰ ਇਲਾਹੀ।
ਦਰ ਸੀਨਹ ਅਮ ਆਂ ਮਖ਼ਜ਼ਨੇ ਇਸਰਾਰ ਤਵਾਂ ਰਫ਼ਤ॥੫॥

{ਚੁ=ਜਦ। ਸ਼ੁਦੀ=ਹੋ ਗਿਓਂ। ਵਾਕਿਫਿ=ਜਾਣੂ, ਜਾਣਨ ਵਾਲਾ। ਇਸਰਾਰ=ਭੇਦਾ। ਇਲਾਹੀ=ਰੱਬੀ। ਦਰ=ਵਿਚੋਂ। ਸੀਨਹ=ਛਾਤੀ, ਕਲੇਜਾ, ਭਾਵ ਦਿਲ। ਅਮ=ਮੈਂ, ਮੇਰੇ। ਆਂ=ਉਹ। ਮਖ਼ਜ਼ਨੇ=ਖ਼ਜ਼ਾਨਾ।}

*ਅਰਥ*—ਹੇ ਮਨ! ਜਦ ਤੂੰ ਰੱਬੀ ਭੇਦਾਂ ਦਾ ਜਾਣੂ ਹੋ ਗਿਓਂ, ਤਾਂ ਫਿਰ ਮੇਰੇ ਸੀਨੇ ਵਿਚੋਂ, ਉਹ ਭੇਦਾਂ ਦਾ ਖਜ਼ਾਨਾ (ਵਾਹਿਗੁਰੂ) ਕਿਤੇ ਜਾ ਸਕਦਾ ਹੈ?

ਸਦ ਰੋਜ਼ਾ ਏ ਰੁਜ਼ਵਾਂਸਤ ਚੂੰ ਦਰ ਖ਼ਾਨਾ ਸ਼ਗੁਫਤਹ।
ਗੋਯਾ ਬਚਿਹ ਸੂਏ ਦਰੋ ਦੀਵਾਰ ਤਵਾਂ ਰਫ਼ਤ॥ ੬॥



Sri Satguru Jagjit Singh Ji eLibrary NamdhariElibrary@gmail.com

{ਸਦ=ਸੌ, ਸੈਂਕੜੇ। ਰੋਜ਼ਾ ਏ=ਬਾਗ। ਰੁਜ਼ਵਾਂ=ਬਹਿਸ਼ਤਾਂ ਦੇ। ਚੂੰ=ਵਾਂਗ। ਦਰ-ਵਿਚ। ਖਾਨਾ=ਘਰ। ਸ਼ਗੁਫਤਹ=ਖਿੜੇ ਹੋਏ, ਪ੍ਰਫੁਲਿਤ। ਬਚਿਹ=ਕਿਸ ਵਾਸਤੇ, ਕਿਉਂ। ਸੂਏ=ਤਰਫ, ਵਲ। ਦਰੋ=ਦਰਵਾਜ਼ੇ। ਦੀਵਾਰ=ਕੰਧਾਂ, ਭਾਵ ਘਰਾਂ।}

***ਅਰਥ***—ਜਦ ਕਿ ਘਰ ਵਿਚ ਸੈਂਕੜੇ ਹੀ ਬਹਿਸ਼ਤੀ ਬਾਗ ਖਿੜੇ ਹੋਏ ਹਨ। (ਤਦ ਫਿਰ) ਨੰਦ ਲਾਲ ਕਿਸ ਵਾਸਤੇ ਹੋਰਨਾਂ ਘਰਾਂ ਦੇ ਬੂਹੇ ਵਲ ਜਾ ਸਕਦਾ ਹੈ।

## ਪੰਜਾਬੀ ਉਲਥਾ-

ਅੱਜ ਦੀ ਰਾਤੀਂ ਵਾਂਗੂ ਤਮਾਸ਼ੇ, ਦਰਸ ਪੀਆ ਦੇ ਜਾਣਾ ਏਂ।
ਕਰਦਾ ਕਤਲ ਪ੍ਰੇਮੀ ਅਪਨੇ, ਵੱਲ ਉਸੇ ਦੇ ਧਾਣਾ ਏਂ।
ਗਲੀ ਪ੍ਰੇਮ ਵਿਚ ਜਾਣਾ ਭਾਵੇਂ ਡਾਢਾ ਔਖਾ ਦਿਸਦਾ ਏ,
ਵਾਂਗੂੰ ਸ਼ਾਹ ਮਨਸੂਰ ਅਸਾਂ ਨੇ, ਸੂਲੀ ਚੜ੍ਹ ਕੇ ਜਾਣਾ ਏਂ।
ਹੇ ਦਿਲ! ਵਲ ਮਦਰਸੇ ਜਾਣ ਦੀ, ਇੱਛਾ ਜੇ ਤੂੰ ਰਖਦਾ ਨਹੀਂ,
ਏਹੋ ਵੇਲਾ ਸਾਧ ਸੰਗਤ ਕਰ ਮਯ-ਖਾਨੇ ਵੱਲ ਜਾਣਾ ਏਂ।
ਪਾਣੀ ਪ੍ਰੇਮ ਹੰਝੂ ਦਾ ਪਾ ਕੇ, ਦਿਲ ਦਾ ਬਾਗ ਖਿੜਾਇਆ ਜੇ,
ਬਿਰਥਾ ਕਿਉਂ ਪਿਆ ਦੁਖ ਉਠਾਣਾ, ਵੱਲ ਬਗੀਚੇ ਜਾਣਾ ਏਂ।
ਹੇ ਦਿਲ! ਜੇ ਤੂੰ ਵਾਕਫ਼ ਹੋਵੇਂ, ਵਾਹਿਗੁਰੂ ਦੇ ਭੇਤਾਂ ਦਾ,
ਭੇਦ-ਖ਼ਜ਼ਾਨਾ ਵਾਹਿਗੁਰੂ ਸਦਾ ਦਿਲ ਵਿਚੋਂ ਕਿਤ ਜਾਣਾ ਏਂ।
ਸੈਂਕੜੇ ਬਾਗ਼ ਬਹਿਸ਼ਤਾਂ ਵਾਲੇ ਘਰ ਅੰਦਰ ਜਦ ਖਿੜੇ ਹੋਏ,
ਨੰਦ ਲਾਲ ਫਿਰ ਦਰ-ਘਰ ਦੂਜੇ ਵੱਲ ਅਸਾਂ ਕਿਉਂ ਜਾਣਾ ਏਂ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੧੩

**ਦੀਦੀ ਆਖ਼ਿਰ ਤਾਲਬੇ ਮੌਲਾ ਰਹੇ ਗਰਿਫ਼ਤ।**
**ਹਾਸਿਲੇ ਉਮਰੇ ਗਿਰਾਮੀ ਰਾ ਅਜ਼ੀਂ ਦੁਨੀਆ ਗਰਿਫਤ॥੧॥**

{ਦੀਦੀ=ਤੂੰ ਵੇਖਿਆ ਹੈ। ਆਖ਼ਿਰ=ਓੜਕ, ਅਖੀਰ, ਅੰਤ। ਤਾਲਬੇ=ਇਛਾ ਵਾਲਾ ਖੋਜੀ। ਮੌਲਾ=ਰੱਬ। ਰਹੇ=ਰਾਹ, ਰਸਤਾ। ਗਰਿਫਤ=ਫੜਿਆ। ਹਾਸਿਲੇ=ਲਾਭ, ਪ੍ਰਾਪਤ, ਨਫਾ। ਗਿਰਾਮੀ=ਪਿਆਰੀ। ਰਾ=ਦਾ। ਅਜ਼ੀ=ਇਸ। ਗਰਿਫ਼ਤ=ਫੜ ਲਿਆ, ਪਾ ਲਿਆ।}

*ਅਰਥ*—ਤੂੰ ਵੇਖ ਲਿਆ ਹੈ, ਕਿ ਰੱਬ ਦੇ ਖੋਜੀ ਨੇ, ਓੜਕ ਨੂੰ ਰੱਬ ਦਾ ਰਾਹ ਪਾ ਲਿਆ ਹੈ। ਇਸ ਦੁਨੀਆਂ ਵਿਚ ਉਸ ਨੇ ਪਿਆਰੀ ਜ਼ਿੰਦਗੀ ਦਾ ਨਫਾ ਪਾ ਲਿਆ ਹੈ।

**ਹੇਚ ਕਸ ਬੇਰੂੰਨ ਬਾਸ਼ਦ ਅਜ਼ ਸਵਾਦੇ ਜ਼ੁਲਫਿ ਤੋ ਈਂ।**
**ਦਿਲੇ ਦੀਵਾਨਹਅਮ ਆਖਿਰ ਹਮੀ ਸੌਦਾ ਗਰਿਫ਼ਤ॥੨॥**

{ਹੇਚ=ਕੋਈ। ਕਸ=ਆਦਮੀ। ਬੇਰੂੰਨ=ਬਾਹਰ। ਬਾਸ਼ਦ=ਹੁੰਦਾ। ਅਜ਼=ਤੋਂ। ਸਵਾਦੇ=ਕਾਲੀ, ਸਿਆਹੀ। ਤੋ=ਤੇਰੀ। ਈਂ=ਇਸ। ਦੀਵਾਨਹ=ਪਾਗਲ। ਅਮ=ਮੇਰੇ। ਆਖ਼ਿਰ=ਓੜਕ। ਹਮੀਂ=ਭੀ। ਗਰਿਫ਼ਤ=ਲਿਆ।}

*ਅਰਥ*—ਕੋਈ ਆਦਮੀ ਭੀ, ਤੇਰੀ ਕਾਲੀ ਜ਼ੁਲਫ ਦੇ ਘੇਰੇ ਤੋਂ ਬਾਹਰ ਨਹੀਂ ਹੁੰਦਾ। ਮੇਰੇ ਪਾਗਲ ਮਨ ਨੇ ਭੀ, ਅਖ਼ੀਰ ਨੂੰ ਇਹੋ ਸੌਦਾ ਲਿਆ ਹੈ।

*ਭਾਵ*—ਹੇ ਸਤਿਗੁਰੂ! ਤੇਰਾ ਦਰਸ਼ਨ ਕਰਨ ਵਾਲਾ ਕੋਈ ਭੀ ਆਪਣੀ ਸੁਧ ਵਿਚ ਨਹੀਂ ਰਹਿੰਦਾ, ਅਰਥਾਤ ਦਰਸ਼ਨ ਕਰਨ ਵਾਲੇ ਦਾ ਮਨ ਪ੍ਰੀਤ ਤਾਰ ਵਿਚ ਪ੍ਰੋਤਾ ਜਾਂਦਾ ਹੈ। ਜਿਸ ਕਰ ਕੇ 'ਦਰਸਨ ਦੇਖਤ ਹੀ ਸੁਧਿ ਕੀ ਨ ਸੁਧ ਰਹੀ' ਵਾਲੀ ਅਵਸਥਾ ਹੋ ਜਾਂਦੀ ਹੈ, ਅਤੇ 'ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ' ਮੈਂ ਸਦਕੇ ਜਾਵਾਂ, ਸਤਿਗੁਰੂ ਜੀ, ਆਪ ਦਾ ਦਰਸ਼ਨ ਵੇਖਦੇ ਹੀ ਮੇਰੀ ਬੁਧੀ ਮੋਹੀ ਗਈ ਹੈ।

**ਗ਼ੈਰਿ ਆਂ ਸਰਵੇ ਰਵਾਂ ਹਰਗਿਜ਼ ਨਿਆਯਦ ਦਰ ਨਜ਼ਰ।**
**ਤਾ ਕਦੇ ਰਾਨਾਇ ਓ ਦਰ ਦੀਦਾ ਏ ਮਾ ਜਾ ਗਰਿਫਤ॥੩॥**

{ਗੈਰਿ=ਹੋਰ ਕੋਈ। ਆਂ=ਉਸ। ਸਰਵੇ ਰਵਾਂ*=ਤੁਰਦਾ ਫਿਰਦਾ ਸਰੂ ਭਾਵ 'ਚ



Sri Satguru Jagjit Singh Ji eLibrary NamdhariElibrary@gmail.com

ਪ੍ਰੀਤਮ, ਮਾਸ਼ੂਕ। ਹਰਗਿਜ਼=ਕਦੇ ਭੀ। ਨਿਆਯਦ=ਨਹੀਂ ਆਉਂਦਾ। ਦਰ=ਹੇਠਾਂ। ਤਾ=ਜਦ ਤੋਂ। ਕਦੇ=ਕੱਦ ਨੇ, ਸਰੀਰ ਨੇ। ਰਾਨਾਇ=ਸੋਹਣਾ। ਦਰ=ਵਿਚ। ਦੀਦਾ ਏ=ਨਜ਼ਰ, ਅੱਖਾਂ। ਮਾ=ਮੇਰੀ, ਜਾ=ਜਗ੍ਹਾ। ਗਰਿਫ਼ਤ=ਫੜੀ ਹੈ।}

*ਅਰਥ*—ਉਸ ਤੁਰਦੇ ਫਿਰਦੇ ਸਰੂ ਤੋਂ ਬਿਨਾਂ ਹੋਰ ਕੋਈ ਕਦੇ ਭੀ ਨਜ਼ਰ ਹੇਠਾਂ ਨਹੀਂ ਆਉਂਦਾ। ਜਦ ਤੋਂ ਉਸ ਸੋਹਣੇ ਸਰੀਰ ਨੇ ਮੇਰੀਆਂ ਅੱਖਾਂ ਵਿਚ ਥਾਂ ਫੜੀ ਹੈ।

**ਅਜ਼ ਨਦਾਏ ਨਾਕਾ ਏ ਲੈਲਾ ਦਿਲੇ ਸ਼ੋਰੀਦਹ ਅਮ।**
**ਹਮ ਚੁ ਮਜਨੂ ਮਸਤ ਗਸ਼ਤੋ ਰਾਹ ਸੂਏ ਸਹਿਰਾ ਗਰਿਫਤ ॥੪॥**

{ਨਦਾਏ=ਅਵਾਜ਼। ਨਾਕਾ=ਸਾਂਢਨੀ, ਡਾਚੀ, ਸਾਦਾ ਊਠ। ਏ=ਦੀ। ਸੋਰੀਦਹ=ਪਾਗਲ। ਹਮ ਚੁ=ਵਾਂਗੂੰ। ਗਸ਼ਤੋ=ਹੋਇਆ। ਰਾਹ=ਰਸਤਾ। ਸੂਏ=ਤਰਫ, ਵਲ। ਸਹਿਰਾ=ਜੰਗਲ, ਉਜਾੜ।}

*ਅਰਥ*—ਲੈਲਾਂ ਦੀ ਊਠਣੀ ਦੀ ਅਵਾਜ਼ ਨਾਲ ਮੇਰਾ ਦਿਲ ਪਾਗਲ ਹੋ ਗਿਆ ਹੈ। ਮਜਨੂੰ ਵਾਂਗੂੰ ਮਸਤ ਹੋਇਆ ਹੈ ਤੇ ਜੰਗਲ ਦਾ ਰਾਹ ਫੜਿਆ ਹੈ।

*ਭਾਵ*—ਸਾਧ ਸੰਗਤ ਵਿਚੋਂ ਵੈਰਾਗ ਦੀ ਸੱਦ ਸੁਣ ਕੇ ਸਾਡਾ ਮਨ ਆਪੇ ਦੀ ਹੋਸ਼ ਭੁਲਾ ਕੇ, ਗੁਰ ਚਰਨਾਂ ਵੱਲ ਉੱਠ ਭੱਜਿਆ ਹੈ।

SIKHBOOKCLUB.COM

**ਖੁਸ਼ ਨਮੇ ਆਯਦ ਮਰਾ ਗਾਹੇ ਬਗ਼ੈਰ ਅਜ਼ ਯਾਦਿ ਹੱਕ।**
**ਤਾ ਹਦੀਸੇ ਇਸ਼ਕੇ ਓ ਅੰਦਰ ਦਿਲਮ ਮਾਵਾ ਗਰਿਫਤ ॥੫॥**

{ਖੁਸ਼=ਚੰਗੀ। ਨਮੇ ਆਯਬ=ਨਹੀਂ ਲੱਗਦੀ। ਮਰਾ=ਮੈਨੂੰ। ਗਾਹੇ=ਕੋਈ ਭੀ। ਬਗੈਰ=ਬਿਨਾਂ। ਅਜ਼=ਤੋਂ। ਯਾਦਿ=ਸਿਮਰਨ। ਹੱਕ=ਵਾਹਿਗੁਰੂ। ਤਾ=ਜਦ ਤੋਂ। ਹਦੀਸੇ= ਕਥਾ ਨੇ। ਇਸ਼ਕੇ=ਪ੍ਰੇਮ ਦੀ। ਓ=ਉਸ। ਅੰਦਰ ਦਿਲਮ=ਵਿਚ ਦਿਲ ਮੇਰੇ! ਮਾਵਾ=ਜਗ੍ਹਾ, ਥਾਂ।}

*ਅਰਥ*—ਤਦ ਤੋਂ ਚੰਗੀ ਨਹੀਂ ਲੱਗਦੀ, ਮੈਨੂੰ ਕੋਈ ਭੀ ਚੀਜ਼ ਬਿਨਾਂ ਵਾਹਿਗੁਰੂ ਦੇ ਸਿਮਰਨ ਤੋਂ। ਜਦ ਤੋਂ ਉਸ ਦੇ ਪ੍ਰੇਮ ਦੀ ਕਥਾ ਨੇ ਮੇਰੇ ਦਿਲ ਅੰਦਰ ਜਗ੍ਹਾ ਫੜੀ ਹੈ।

**ਤਾ ਬਿਆਈ ਯਕ ਨਫ਼ਸ ਬਹਿਰੇ ਨਿਸਾਰੇ ਖਿਦਮਤਤ।**

---

**ਸਰਵੇ ਰਵਾਂ, ਸਰੂ ਦਾ ਬੂਟਾ ਲੰਮਾ ਤੇ ਸਡੌਲ ਹੁੰਦਾ ਹੈ, ਪਰ ਉਹ ਜੜ੍ਹ ਹੋਣ ਕਰ ਕੇ ਤੁਰ ਫਿਰ ਨਹੀਂ ਸਕਦਾ। ਫ਼ਾਰਸੀ ਕਵੀਆਂ ਨੇ ਮਾਸ਼ੂਕ ਨੂੰ ਸਰੂ ਦੀ ਉਪਮਾ ਦਿੱਤੀ ਹੈ, ਪਰ ਉਸ ਦੇ ਨਾਲ 'ਰਵਾਂ' ਪਦ ਲਾ ਕੇ ਜ਼ਾਹਰ ਕੀਤਾ ਹੈ ਕਿ ਮੇਰਾ ਮਾਹੀ ਤੁਰਦਾ ਫਿਰਦਾ ਸਰੂ ਹੈ।*



Sri Satguru Jagjit Singh Ji eLibrary NamdhariElibrary@gmail.com

## ਚਸ਼ਮੇ ਗੌਹਰ ਬਾਰਿ ਮਾ ਖੁਸ਼ ਲੂਲੂ ਏ ਲਾਲਾ ਗਰਿਫ਼ਤ ॥ ੬ ॥

{ਤਾ=ਜਦ ਤਕ। ਬਿਆਈ=ਆਵੇਂ। ਨਫ਼ਸ=ਸਵਾਸ। ਬਹਿਰੇ=ਵਾਸਤੇ। ਨਿਸਾਰੇ= ਵਾਰਨੇ, ਸਦਕੇ, ਕੁਰਬਾਨ। ਖਿਦਮਤ=ਸੇਵਾ। ਤ=ਤੇਰੀ। ਚਸ਼ਮੇ=ਅੱਖ। ਗੌਹਰ ਬਾਰਿ=ਮੋਤੀ ਬਰਸਾਉਣ ਵਾਲੀ, (ਭਾਵ-ਵੈਰਾਗ ਨਾਲ ਰੋਣ ਵਾਲੀ)। ਮਾ=ਮੇਰੀ। ਖੁਸ਼=ਚੰਗੇ। ਲੂਲੂ=ਮੋਤੀ। ਲਾਲਾ=ਲਾਲ ਰੰਗ ਵਾਲੇ।}

*ਅਰਥ*—ਜਦ ਤਕ ਇਕ ਸਵਾਸ ਭੀ ਆਉਂਦਾ ਹੈ, ਤੇਰੀ ਸੇਵਾ ਵਾਸਤੇ ਕੁਰਬਾਨ ਕਰਦਾ ਹਾਂ। ਮੋਤੀਆਂ ਦੀ ਬਾਰਸ਼ ਕਰਨ ਵਾਲੀ ਮੇਰੀ ਅੱਖ ਨੇ ਲਾਲ ਰੰਗ ਦੇ ਚੰਗੇ ਮੋਤੀ ਫੜੇ ਹਨ।

*ਭਾਵ*—ਜੀਵਨ ਦੇ ਅੰਤਲੇ ਸਵਾਸ ਤਕ ਭੀ ਪ੍ਰੀਤਮ ਦੇ ਦਰਸ਼ਨ ਤੋਂ ਸਦਕੇ ਹਾਂ, ਪਰ ਇਸ ਦੇ ਭੇਦ ਨੂੰ ਉਸੇ ਅੱਖ ਨੇ ਪਛਾਤਾ ਹੈ, ਜਿਸ ਤੋਂ 'ਨੀਰ ਵਹੇ ਵਹਿ ਚਲੈ ਜੀਉ' ਹੁੰਦਾ ਹੈ, ਅਤੇ ਇਸ ਦੇ ਅਕਹਿ ਸਵਾਦ ਨੂੰ ਓਹੀ ਮਾਣਦੀ ਹੈ।

## ਮੇ ਬਰਾਯਦ ਜਾਨੇ ਮਨ ! ਇਮ ਰੋਜ਼ ਅਜ਼ ਰਾਹੇ ਦੁ ਚਸ਼ਮ।
## ਨੌਬਤੇ ਦੀਦਾਰੇ ਓ ਤਾ ਵਾਦਾ ਏ ਫ਼ਰਦਾ ਗਰਿਫ਼ਤ ॥ ੭ ॥

SIKHBOOKCLUB.COM

{ਮੇ ਬਰਾਯਦ=ਬਾਹਰ ਆਉਂਦੀ ਹੈ, ਨਿਕਲ ਰਹੀ ਹੈ। ਜਾਨੇ ਮਨ=ਜਾਨ ਮੇਰੀ। ਇਮ=ਅੱਜ। ਰੋਜ਼=ਦਿਨ। ਅਜ਼=ਤੋਂ। ਦੁ ਚਸ਼ਮ=ਦੋਹੁੰ ਅੱਖਾਂ। ਨੌਬਤੇ=ਮੌਕਾ, ਸਮਾਂ। ਦੀਦਾਰੇ= ਦਰਸ਼ਨ ਦੇ। ਓ=ਉਸਦੇ। ਵਾਦਾ ਏ=ਇਕਰਾਰ। ਫ਼ਰਦਾ=ਕਲ੍ਹ ਦਾ, ਅਗਲੇ ਦਿਨ ਦਾ। ਗਰਿਫ਼ਤ=ਹੋ ਗਿਆ।}

*ਅਰਥ*—ਅੱਜ ਦੇ ਦਿਨ ਮੇਰੀ ਜਾਨ ਦੋਹਾਂ ਅੱਖਾਂ ਦੇ ਰਾਹ ਤੋਂ ਬਾਹਰ ਨਿਕਲ ਰਹੀ ਹੈ। ਕਿਉਂਕਿ ਉਸ ਦੇ ਦਰਸ਼ਨ ਦਾ ਸਮਾਂ, ਜੋ ਕਲ੍ਹ ਦੇ ਇਕਰਾਰ ਦਾ ਸੀ, ਉਹ ਆ ਗਿਆ ਹੈ।

## ਗ਼ੈਰ ਹਮਦੇ ਹਕ ਨਿਆਯਦ ਬਰ ਜ਼ਬਾਨਮ ਹੇਚਗਾਹ।
## ਹਾਸਿਲੇ ਈਂ ਉਮਰ ਗਾ ਆਖ਼ਰਿ ਦਿਲੇ ਗੋਯਾ ਗਰਿਫ਼ਤ ॥ ੮ ॥

{ਗ਼ੈਰ=ਬਿਨਾਂ, ਸਵਾਏ। ਹਮਦੇ=(ਹਮਦ) ਉਸਤਤਿ, ਤਾਰੀਫ, ਉਪਮਾਂ। ਹਕ=ਵਾਹਿਗੁਰੂ। ਬਰ=ਉਪਰ, ਉਤੇ। ਜ਼ਬਾਨਮ=ਜੀਭ। ਹੇਚਗਾਹ=ਕਦੀ ਭੀ। ਹਾਸਿਲੇ=ਲਾਭ, ਨਫ਼ਾ। ਈਂ=ਇਸ। ਉਮਰ ਗਾ=ਉਮਰ ਦਾ। ਆਖ਼ਰਿ=ਅੰਤ ਨੂੰ। ਦਿਲੇ=ਦਿਲ ਨੇ। ਗਰਿਫ਼ਤ=ਫੜ ਲਿਆ, ਪਾ ਲਿਆ।}



Sri Satguru Jagjit Singh Ji eLibrary NamdhariElibrary@gmail.com

*ਅਰਥ* — ਵਾਹਿਗੁਰੂ ਦੀ ਉਪਮਾਂ ਤੋਂ ਬਿਨਾਂ, (ਹੋਰ ਕੋਈ ਸ਼ਬਦ) ਮੈਂ ਆਪਣੀ ਜੀਭ ਉਤੇ ਕਦੇ ਭੀ ਨਹੀਂ ਲਿਆਉਂਦਾ। ਇਸ ਉਮਰ ਦਾ ਨਫਾ, ਨੰਦ ਲਾਲ ਦੇ ਦਿਲ ਨੇ ਓੜਕ ਨੂੰ (ਇਹ) ਪਾ ਲਿਆ ਹੈ।

## ਪੰਜਾਬੀ ਉਲਥਾ–

ਵੇਖ ਲਿਆ ਤੂੰ ਰੱਬ ਦੇ ਖੋਜੀ, ਰਸਤਾ ਓੜਕ ਪਾ ਲਿਆ।
ਇਸ ਦੁਨੀਆਂ ਚਿ ਜੀਵਨ ਸੰਦਾ, ਸਭ ਨਫ਼ਾ ਓਸ ਪਾ ਲਿਆ।
ਜ਼ੁਲਫ਼ ਕਾਲੀ ਦੇ ਘੇਰੇ ਵਿਚੋਂ ਕੋਈ ਬਾਹਰ ਹੋਵੇ ਨਾ,
ਆਖਿਰ ਮੇਰੇ ਮਨ ਨੇ ਭੀ ਹੈ, ਇਹੋ ਪਦਾਰਥ ਪਾ ਲਿਆ।
ਤੁਰਦੇ ਫਿਰਦੇ ਸਰੂ ਮੀਤ ਬਿਨ, ਹੋਰ ਨਜ਼ਰ ਕੁਝ ਆਵੇ ਨਾ,
ਜਦ ਤੋਂ ਮੇਰੀਆਂ ਅੱਖਾਂ ਅੰਦਰ ਡੇਰਾ ਮੀਤ ਨੇ ਪਾ ਲਿਆ।
ਰੌਲਾ ਊਠਨਿ ਲੈਲਾਂ ਦੀ ਨੇ, ਪਾਇਆ ਕੰਨੀਂ ਸੁਣਿਆ ਜਦ,
ਮਜਨੂੰ ਮਨ ਮਤਵਾਲਾ ਹੋ ਕੇ ਜੰਗਲ ਦਾ ਰਾਹ ਪਾ ਲਿਆ।
ਵਾਹਿਗੁਰੂ ਦੇ ਸਿਮਰਨ ਬਾਝੋਂ, ਹੋਰ ਨਾ ਚੰਗਾ ਲਗਦਾ ਕੁਝ,
ਜਦ ਮਾਹੀ ਦੀ ਪ੍ਰੇਮ ਕਥਾ ਨੇ, ਦਿਲ ਅੰਦਰ ਥਾਉਂ ਪਾ ਲਿਆ।
ਜੇ ਇਕ ਛਿਨ ਭੀ ਹਿਰਦੇ ਆਵੇਂ, ਭੇਟ ਕਰਨ ਨੂੰ ਦਾਸੀ ਨੇ,
ਹੰਝੂ ਮੋਤੀ ਲਾਲ ਪਿਆਰਾ, ਪਲਕ ਨੈਣਾਂ ਵਿਚ ਪਾ ਲਿਆ।
ਨੈਣਾਂ ਰਾਹੀਂ ਨੀਰ ਰੂਪ ਹੋ, ਜਿੰਦ ਹੀ ਵਗਦੀ ਜਾਂਦੀ ਏ,
ਸਮਾਂ ਆਵਣ ਦਾ ਸੇਜਾ ਉਤੇ, ਇਕਰਾਰ ਕਲ੍ਹ ਦਾ ਪਾ ਲਿਆ।
ਵਾਹਿਗੁਰੂ ਦੀ ਉਪਮਾ ਬਾਝੋਂ ਜੀਭ ਹੋਰ ਨਾ ਬੋਲੇ ਕੁਝ,
ਨੰਦ ਲਾਲ ਨੇ ਇਸ ਉਮਰ ਦਾ ਏਹੋ ਨਫ਼ਾ ਹੈ ਪਾ ਲਿਆ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੧੪

**ਦਿਲਿ ਮਨ ਦਰ ਫ਼ਿਰਾਕਿ ਯਾਰ ਬਿਸੋਖਤ।**
**ਜਾਨਿ ਮਨ ਬਹਰਿ ਆਂ ਨਿਗਾਰਿ ਬਿਸੋਖਤ॥ ੧॥**

{ਦਿਲਿ ਮਨ=ਮੇਰਾ ਦਿਲ। ਦਰ=ਵਿਛੋੜਾ। ਫ਼ਿਰਾਕਿ=ਵਿਛੋੜੇ ਦੇ। ਬਿਸੋਖਤ=ਸੜ ਗਿਆ। ਬਹਰਿ=ਵਾਸਤੇ। ਆਂ=ਉਸ। ਨਿਗਾਰਿ=ਸੋਹਣੇ ਦੇ।}

*ਅਰਥ*—ਮੇਰਾ ਦਿਲ ਭੀ, ਯਾਰ ਦੇ ਵਿਛੋੜੇ ਵਿਚ ਸੜ ਗਿਆ ਹੈ। ਜਿੰਦ ਮੇਰੀ ਭੀ, ਉਸ ਸੋਹਣੇ ਵਾਸਤੇ ਸੜ ਗਈ।

**ਆਂ ਚੁਨਾ ਸੋਖ਼ਤਮ ਅਜ਼ਾਂ ਆਤਿਸ਼।**
**ਹਰ ਕਿ ਬਿਸ਼ੁਨੀਦ ਚੂੰ ਚਿਨਾਰ ਬਿਸੋਖਤ॥ ੨॥**

{ਆਂ ਚੁਨਾ=ਇਹੋ ਜਿਹਾ। ਸੋਖ਼ਤਮ=ਸੜ ਗਿਆ ਮੈਂ। ਬਿਸ਼ੁਨੀਦ=ਸੁਣਿਆ। ਹਰ ਕਿ=ਜਿਸ ਕਿਸੇ ਨੇ। ਚੂੰ=ਵਾਂਗੂੰ। ਚਿਨਾਰ=ਇਕ ਦਰੱਖ਼ਤ ਦਾ ਨਾਮ ਹੈ, ਜਿਸ ਵਿਚੋਂ ਹਮੇਸ਼ਾਂ ਧੂੰਆਂ ਨਿਕਲਦਾ ਰਹਿੰਦਾ ਹੈ। ਅਜ਼ਾਂ=ਉਸ।}

SIKHBOOKCLUB.COM

*ਅਰਥ*—ਇਹੋ ਜਿਹਾ ਸੜ ਗਿਆ ਹਾਂ ਮੈਂ, ਉਸ ਅੱਗ ਨਾਲ। ਜਿਸ ਕਿਸੇ ਨੇ ਸੁਣਿਆ ਹੈ, ਉਹ ਭੀ ਚਿਨਾਰ ਰੁਖ ਵਾਂਗੂੰ ਸੜ ਗਿਆ ਹੈ।

**ਮਨ ਨ ਹੈ ਤਨਹਾ ਬਿਸੋਖ਼ਤਮ ਅਜ਼ ਇਸ਼ਕ।**
**ਅਮਾ ਆਲਮ ਅਜ਼ੀ ਸ਼ਰਾਰ ਬਿਸੋਖਤ॥ ੩॥**

{ਮਨ=ਮੈਂ। ਤਨਹਾ=ਇਕੱਲਾ। ਅਜ਼=ਨਾਲ। ਇਸ਼ਕ=ਪ੍ਰੇਮ ਅਗਨੀ। ਅਮਾ=ਸਾਰਾ। ਆਲਮ=ਸੰਸਾਰ, ਜਗਤ। ਅਜ਼ੀ=ਇਸ। ਸ਼ਰਾਰ=ਸ਼ੋਅਲੇ, ਅੱਗ ਦੇ ਲੰਬੇ।}

*ਅਰਥ*—ਮੈਂ ਇਕੱਲਾ ਪ੍ਰੇਮ ਅੱਗ ਨਾਲ ਨਹੀਂ ਸੜਿਆ ਹਾਂ। ਸਾਰਾ ਜਗਤ ਇਹਨਾਂ ਸ਼ੋਅਲਿਆਂ ਨਾਲ ਸੜ ਗਿਆ ਹੈ।

**ਸੋਖ਼ਤਮ ਦਰ ਫ਼ਿਰਾਕਿ ਆਤਿਸ਼ੇ ਯਾਰ॥**
**ਹਮ ਚੁਨੀ ਕਾਮਿਆ ਬਕਾਰ ਬਿਸੋਖ਼ਤ॥ ੪॥**

{ਸ਼ੋਖ਼ਤਮ=ਸੜਿਆ ਹਾਂ ਮੈਂ। ਦਰ ਫਿਰਾਕਿ=ਵਿਛੋੜੇ ਵਿਚ। ਆਤਿਸ਼ੇ=ਅੱਗ ਦੇ। ਹਮ ਚੁਨੀ=ਜਿਸ ਤਰ੍ਹਾਂ। ਕੀਮਿਆ=ਕੀਮੀਆ ਗਰ, ਰਸਾਇਣੀ, ਪਾਰੇ ਨਾਲ ਤਾਂਬੇ ਨੂੰ ਸੋਨਾ ਬਣਾਉਣ ਵਾਲਾ। ਬਕਾਰ=ਅਰਥ, ਮਤਲਬ, ਭਾਵ ਰਸਾਇਣੀ ਵਸਤੂ।}



Sri Satguru Jagjit Singh Ji eLibrary NamdhariElibrary@gmail.com

ਅਰਥ-(ਇਸ ਤਰ੍ਹਾਂ) ਸੜਿਆ ਹਾਂ ਮੈਂ ਪ੍ਰੀਤਮ ਦੇ ਵਿਛੋੜੇ ਦੀ ਅੱਗ ਵਿਚ ਜਿਸ ਤਰ੍ਹਾਂ ਰਸੈਣੀ (ਆਪਣੇ) ਮਤਲਬ ਵਾਸਤੇ ਸੜ ਗਿਆ ਹੈ।

**ਆਫ਼ਰੀਂ ਬਾਦ ਬਰ ਦਿਲੇ ਗੋਯਾ।**
**ਕਿ ਈਂ ਬ ਉਮੀਦਿ ਰੂਇ ਯਾਰ ਬਿਸੋਖ਼ਤ॥ ੫॥**

{ਆਫ਼ਰੀਂ=ਆਫ਼ਰੀਨ, ਸ਼ਾਬਾਸ਼। ਬਾਦ=ਹੋਵਾਂ। ਬਰ=ਉਪਰ। ਦਿਲੇ=ਦਿਲ ਦੇ। ਕਿ=ਜੋ, ਜਿਹੜਾ। ਈਂ=ਇਸ। ਬ=ਉਤੇ। ਉਮੀਦਿ=ਆਸ ਦੇ। ਰੂਇ ਯਾਰ=ਪਰੀਤਮ ਦਾ ਮੁਖ।}

*ਅਰਥ*—ਨੰਦ ਲਾਲ! ਉਸ ਦਿਲ ਨੂੰ ਸ਼ਾਬਾਸ਼ ਹੋਵੇ। ਜੋ ਇਸ ਉਮੀਦ ਉਤੇ ਸੜਿਆ ਹੈ, (ਕਿ ਮੈਨੂੰ) ਯਾਰ ਦਾ ਮੁਖ (ਨਸੀਬ ਹੋਵੇਗਾ)।

### ਪੰਜਾਬੀ ਉਲਥਾ-

ਪ੍ਰੀਤਮ ਦੇ ਵਿਛੋੜੇ ਅੰਦਰ ਮੇਰਾ ਦਿਲ ਹੈ ਸੜ ਗਿਆ।
ਉਸ ਸੋਹਣੇ ਦੇ ਦਰਸ਼ਨ ਬਾਝੋਂ ਤਨ ਤੇ ਮਨ ਭੀ ਸੜ ਗਿਆ।
ਏਹੋ ਜੇਹਾ ਮੈਂ ਹਾਂ ਸੜਿਆ, ਓਸ ਅੱਗ ਦੇ ਅੰਦਰ ਹੀ,
ਜਿਸ ਕਿਸ ਸੁਣਿਆ ਓਹ ਭੀ ਯਾਰੋ, ਵਾਂਗ ਚਿਨਾਰ ਦੇ ਸੜ ਗਿਆ।
ਇਕ ਇਕੱਲਾ ਮੈਂ ਨਹੀਂ ਸੜਿਆ, ਏਸ ਇਸ਼ਕ ਅਗਨੀ ਦੇ ਨਾਲ,
ਸਾਰਾ ਜਗਤ ਦੇਖ ਲੌ ਸਹੀਓ! ਇਸ ਤਾਂਬੜ ਵਿਚ ਸੜ ਗਿਆ।
ਯਾਰ ਵਿਛੋੜੇ ਅਗਨੀ ਅੰਦਰ, ਏਸ ਤਰ੍ਹਾਂ ਮੈਂ ਸੜਿਆ ਹਾਂ,
ਜਿਵੇਂ ਕੀਮੀਆ ਗਰ ਦਾ ਪਾਰਾ, ਵਿਚ ਅੱਗ ਦੇ ਸੜ ਗਿਆ।
ਨੰਦ ਲਾਲ ਦੇ ਦਿਲ ਦੇ ਉਤੇ, ਸਦ-ਆਫਰੀਂ ਹੋਵੇ ਹੈ,
ਜੋ ਪ੍ਰੀਤਮ ਦੇ ਮੁਖ ਦੇਖਣ ਦੀ ਆਸਾ ਅੰਦਰ ਸੜ ਗਿਆ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੧੫

**ਅਜ਼ ਦੂ ਚਸ਼ਮੇ ਮਸਤ ਸ਼ੁਹਲਾ ਅਲਗ਼ਯਾਸ।**
**ਅਜ਼ ਲਬੋ ਦਹਨੇ ਸ਼ਕਰਖ਼ਾਂ ਅਲਗ਼ਯਾਸ ॥ ੧ ॥**

{ਦੂ ਚਸ਼ਮੇ=ਦੋਹੁੰ ਅੱਖਾਂ। ਸ਼ੁਹਲਾ=ਅੱਗ ਦੀ ਲਾਟ ਵਰਗੇ ਲਾਲ। ਅਲਗ਼ਯਾਸ= ਦੁਹਾਈ, ਤੋਬਾ। ਲਬੋ=ਬੁੱਲ੍ਹਾਂ ਤੇ। ਦਹਨੇ=ਮੂੰਹ। ਸ਼ਕਰਖਾਂ=ਮੁਸਕਾਉਣ ਵਾਲਾ, ਮਿੱਠਾ ਬੋਲਣ ਵਾਲਾ।}

*ਅਰਥ*—ਸ਼ੋਅਲੇ ਵਾਂਗੂੰ ਤੇਜ਼ ਪੂਰਨ ਮਸਤ ਦੋਹਾਂ ਅੱਖਾਂ ਵਲੋਂ ਦੁਹਾਈ ਹੈ। ਮਿੱਠਾ-ਮਿੱਠਾ ਮੁਸਕ੍ਰਾਉਣ ਵਾਲੇ ਬੁੱਲ੍ਹਾਂ ਤੇ ਮੂੰਹ ਵਲੋਂ ਦੁਹਾਈ ਹੈ।

**ਵਾਇ ਬਰ ਨਫ਼ਸੇ ਕਿ ਬੇਹੂਦਹ ਗੁਜ਼ਸਤ।**
**ਅਲਗ਼ਯਾਸ ਅਜ਼ ਗ਼ਫ਼ਲਤੇ ਮਾ ਅਲਗ਼ਯਾਸ ॥ ੨ ॥**

{ਵਾਇ=ਸ਼ੋਕ। ਨਫ਼ਸੇ=ਦਮ, ਸਵਾਸ। ਬਰ=ਉਤੇ, ਉਪਰ। ਕਿ=ਜੋ। ਅਜ਼=ਵਲੋਂ। ਬੇਹੂਦਹ=ਬੇਅਰਥ। ਗੁਜ਼ਸਤ=ਲੰਘ ਗਿਆ, ਗੁਜ਼ਰ ਗਿਆ। ਗ਼ਫ਼ਲਤੇ=ਸੁਸਤੀ।}

*ਅਰਥ*—ਅਫ਼ਸੋਸ ਹੈ, ਉਸ ਸਵਾਸ ਉਤੇ, ਜੋ ਬਿਅਰਥ ਗੁਜ਼ਰ ਗਿਆ ਹੈ, ਦੁਹਾਈ ਹੈ, ਗਫਲਤ ਵਲੋਂ ਮੇਰੀ ਦੁਹਾਈ ਹੈ।

**ਅਜ਼ ਨਿਜ਼ਾਏ ਕੁਫ਼ਰੋ ਦੀਂ ਦਿਲ ਬਰਹਮ ਅਸਤ।**
**ਬਰ ਦਰੇ ਦਰਗਾਹੇ ਮੌਲਾ ਅਲਗ਼ਯਾਸ ॥ ੩ ॥**

{ਨਿਜ਼ਾਏ=(ਨਜ਼ਾ) ਝਗੜੇ। ਕੁਫ਼ਰੋ ਦੀਂ=ਕੁਫ਼ਰ ਤੇ ਦੀਨ, ਅਧਰਮ ਤੇ ਧਰਮ, ਨਾਸਤਕਤਾ ਤੇ ਆਸਤਕਤਾ, ਗੈਰ ਸ਼ਰਾਅ ਤੇ ਸ਼ਰਾਅ। ਬਰਹਮ=ਘਾਬਰਿਆ ਹੋਇਆ। ਅਸਤ=ਹੈ। ਬਰ=ਉਪਰ, ਅੱਗੇ। ਦਰੇ-ਬੂਹੇ। ਦਰਗਾਹੇ ਮੌਲਾ=ਰੱਬ ਦੀ ਦਰਗਾਹ, ਵਾਹਿਗੁਰੂ ਦੇ ਦਰਬਾਰ, ਸਤਿਸੰਗ।}

*ਅਰਥ*—ਧਰਮ ਅਧਰਮ ਦੇ ਝਗੜਿਆਂ ਵਲੋਂ ਦਿਲ ਘਾਬਰਿਆ ਹੋਇਆ ਹੈ। ਇਸ ਲਈ ਮੇਰੀ ਵਾਹਿਗੁਰੂ ਦੇ ਦਰਬਾਰ (ਸਤਿਸੰਗ) ਦੇ ਬੂਹੇ ਉਤੇ ਦੁਹਾਈ ਹੈ।

**ਲੋਲੀਆਨੇ ਸ਼ੋਖ਼ ਆਲਮ ਦਿਲੇ ਰਬੂਦ।**
**ਮੇਂ ਕੁਨਮ ਅਜ਼ ਦਸਤ ਆਹਾਂ ਅਲਗ਼ਯਾਸ ॥ ੪ ॥**



Sri Satguru Jagjit Singh Ji eLibrary NamdhariElibrary@gmail.com

{ਲੋਲੀਆਨੇ=ਚਪਲ ਇਸਤ੍ਰੀ, ਵੇਸਵਾ ਭਾਵ ਮਾਇਆ। ਸ਼ੋਖ਼=ਚੰਚਲ, ਸ਼ੋਖ਼ੀ ਕਰਨ ਵਾਲੀ। ਰਬੂਦ=ਖੋਹ ਕੇ ਲੈ ਗਈ ਹੈ। ਮੇਂ ਕੁਨਮ=ਮੈਂ ਕਰ ਰਿਹਾ ਹਾਂ। ਦਸਤ=ਹੱਥ। ਆਹਾਂ= ਉਸ ਦੇ।}

*ਅਰਥ*—ਚਪਲ ਤੇ ਚੰਚਲ ਇਸਤ੍ਰੀ (ਮਾਇਆ) ਜਗਤ ਦੇ ਦਿਲ ਨੂੰ ਖੋਹ ਕੇ ਲੈ ਗਈ ਹੈ। ਇਸ ਦੇ ਹੱਥੋਂ ਮੈਂ ਦੁਹਾਈ-ਦੁਹਾਈ ਕਰ ਰਿਹਾ ਹਾਂ।

**ਕੈ ਜਿ ਦਸਤੇ ਖ਼ੰਜਰੇ ਮਯਗਾਨਿ ਓਸਤ।**
**ਮੇਂ ਸ਼ਵਦ ਖ਼ਾਮੋਸ਼ ਗੋਯਾ ਅਲਗ਼ਯਾਸ ॥ ੫ ॥**

{ਕੈ ਜਿ=ਕਿੰਨਾ ਚਿਰ ਤਕ। ਦਸਤੇ=ਹੱਥ ਦੇ। ਖੰਜਰੇ=ਕਟਾਰ, ਬਰਛੀ, ਖੰਜਰ। ਮਯਗਾਨਿ=ਝਿੰਮਣੀਆਂ, ਪਲਕਾਂ, ਅੱਖ ਦੇ ਉਪਰਲੇ ਪੜਦੇ ਉਤਲੇ ਵਾਲਾਂ ਦਾ ਨਾਮ ਹੈ। ਓਸਤ=ਉਹ ਹੈ। ਮੇਂ ਸ਼ਵਦ=ਹੋ ਸਕਦੀ ਹੈ, ਹੋਵੇ। ਖ਼ਾਮੋਸ਼=ਚੁਪ।}

*ਅਰਥ*—ਉਸ ਦੀਆਂ ਝਿੰਮਣੀਆਂ ਦੇ ਖ਼ੰਜਰ ਹੱਥੋਂ ਕਿੰਨੇ ਚਿਰ ਤਕ ਚੁੱਪ ਹੋ ਸਕਦੀ ਹੈ ? ਨੰਦ ਲਾਲ ਦੀ ਦੁਹਾਈ ਹੈ। ੧੫।

SIKHBOOKCLUB.COM

### ਪੰਜਾਬੀ ਉਲਥਾ-

ਸ਼ੋਅਲਾ ਅੱਗ ਦੇ ਮਸਤ ਨੈਣਾਂ ਤੋਂ ਮੇਰੀ ਨਿੱਤ ਦੁਹਾਈ ਏ।
ਮਿਠ ਬੋਲਾ ਮੁਖ-ਹੋਠ ਹੱਸਦੇ, ਵਲੋਂ ਮੇਰੀ ਦੁਹਾਈ ਏ।
ਐਵੇਂ ਉਮਰ ਗੁਜ਼ਾਰੀ ਬਿਰਥਾ, ਲਾਹਾ ਕੁਝ ਭੀ ਖੱਟਿਆ ਨਾ,
ਇਸ ਗ਼ਫ਼ਲਤ ਦੀ ਨੀਂਦਰ ਵਲੋਂ ਮੇਰੀ ਨਿੱਤ ਦੁਹਾਈ ਏ।
ਦੀਨ ਮਜ਼ਹਬ ਦੇ ਝਗੜਿਆਂ ਵਲੋਂ ਦਿਲ ਘਬਰਾਇਆ ਮੇਰਾ ਏ,
ਵਾਹਿਗੁਰੂ ਦੇ ਦਰ ਦੇ ਉਤੇ ਮੇਰੀ ਨਿੱਤ ਦੁਹਾਈ ਏ।
ਚੰਚਲ ਮੋਹਣੀ ਮਾਇਆ ਨੇ ਹੈ ਦਿਲ ਦੁਨੀਆਂ ਦਾ ਖਸ ਲਿਆ,
ਰੱਖ ਲੈ ਸਤਿਗੁਰ ਮੈਨੂੰ ਇਸ ਤੋਂ, ਮੇਰੀ ਨਿੱਤ ਦੁਹਾਈ ਏ।
ਤਿੱਖੇ ਤੀਰ ਚਲਾਵੇਂ ਨਿੱਤ ਹੀ, ਆਪਣੇ ਖ਼ੂਨੀ ਨੈਣਾਂ ਤੋਂ,
ਕਦ ਤਕ ਚੁੱਪ ਰਹਾਂਗਾ ਮੈਂ ਭੀ ਗੋਯਾ ਨਿੱਤ ਦੁਹਾਈ ਹੈ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੧੬

**ਮਸਤ ਰਾ ਬਾ ਜਾਮਿ ਰੰਗੀਂ ਇਹਤਿਆਜ।**
**ਤਿਸ਼ਨਹ ਰਾ ਬਾ ਆਬਿ ਸ਼ੀਰੀਂ ਇਹਤਿਆਜ॥ ੧ ॥**

{ਮਸਤ ਰਾ=ਮਸਤਾਨੇ ਨੂੰ। ਜਾਮਿ=ਪਿਆਲਾ। ਰੰਗੀਂ=ਰੰਗੀਨ, ਸੁਰਖ, ਲਾਲ ਰੰਗ ਵਾਲਾ। ਇਹਤਿਆਜ=ਲੋੜ ਹੈ। ਤ੍ਰਿਸ਼ਨਹ=ਪਿਆਸਾ, ਤਰੇਹ ਵਾਲੇ ਪੁਰਖ ਨੂੰ। ਆਬਿ=ਪਾਣੀ। ਸ਼ੀਰੀਂ=ਮਿੱਠਾ।}

*ਅਰਥ*—ਮਸਤਾਨੇ ਨੂੰ ਰੰਗੀਨ ਪਿਆਲੇ ਦੀ ਇਸ ਤਰ੍ਹਾਂ ਲੋੜ ਹੈ। ਜਿਵੇਂ ਪਿਆਸੇ ਪੁਰਖ ਨੂੰ ਮਿੱਠੇ ਪਾਣੀ ਦੀ ਲੋੜ ਹੈ।

**ਸੁਹਬਤੇ ਮਰਦਾਨਿ ਹੱਕ ਬਸ ਅਨਵਰ ਅਸਤ।**
**ਤਾਲਿਬਾਂ ਰਾ ਹਸਤ ਚੰਦੀਂ ਇਹਤਿਆਜ॥ ੨ ॥**

{ਸੁਹਬਤੇ=ਸੰਗਤ। ਮਰਦਾਨਿ ਹੱਕ=ਸਤਿਪੁਰਸ਼ਾਂ, ਸੰਤਾਂ। ਬਸ=ਬਹੁਤ। ਅਨਵਰ=ਨੂਰ, ਰੋਸ਼ਨ। ਅਸਤ=ਹੈ। ਤਾਲਿਬਾਂ=ਲੋੜਵੰਦਾਂ, ਜਗਿਆਸੂਆਂ। ਰਾ=ਨੂੰ। ਹਸਤ=ਹੈ। ਚੰਦੀਂ=ਉਸਦੀ। ਇਹਤਿਆਜ=ਲੋੜ ਹੈ।}

SIKHBOOKCLUB.COM

*ਅਰਥ*—ਸੰਤਾਂ ਦੀ ਸੰਗਤ ਹੀ ਬਹੁਤ ਰੋਸ਼ਨ ਹੈ, ਜਗਿਆਸੂਆਂ ਨੂੰ ਬਸ ਉਸੇ ਦੀ ਲੋੜ ਹੈ।

**ਅਜ਼ ਤਬੱਸੁਮ ਕਰਦਾ ਈ ਗੁਲਸ਼ਨ ਜਹਾਂ।**
**ਹਰ ਕਿ ਦੀਦਸ਼ ਕੈ ਬਾ ਗੁਲਚੀਂ ਇਹਤਿਆਜ॥ ੩ ॥**

{ਅਜ਼=ਤੋਂ। ਤਬੱਸੁਮ=ਮੁਸਕਰਾਹਟ। ਕਰਦਾ ਈ=ਤੂੰ ਕੀਤਾ ਹੈ। ਗੁਲਸ਼ਨ=ਗੁਲਜ਼ਾਰ। ਜਹਾਂ=ਜਹਾਨ, ਜਗਤ। ਹਰ ਕਿ=ਜਿਸ ਨੇ। ਦੀਦਸ਼=ਵੇਖਿਆ ਉਸ ਨੂੰ। ਕੈ=ਕੀ, ਕਿਆ। ਗੁਲਚੀਂ=ਫੁਲੇਰੇ।}

*ਅਰਥ*—ਮੁਸਕਰਾਹਟ ਨਾਲ, ਜਗਤ ਨੂੰ ਤੂੰ ਗੁਲਜ਼ਾਰ ਕੀਤਾ ਹੈ। ਜਿਸ ਕਿਸੇ ਨੇ ਵੇਖਿਆ ਹੈ, ਉਸ ਨੂੰ ਫੁਲੇਰੇ ਦੀ ਕੀ ਲੋੜ ਹੈ।

**ਯਕ ਨਿਗਾਹੇ ਲੁਤਫ਼ੇ ਤੇ ਦਿਲ ਮੇ-ਬੁਰਦ।**
**ਬਾਜ਼ ਮੇ ਦਾਰਮ ਅਜ਼ਾਂ ਈਂ ਇਹਤਿਆਜ॥ ੪ ॥**



Sri Satguru Jagjit Singh Ji eLibrary NamdhariElibrary@gmail.com

{ਨਿਗਾਹੇ=ਨਜ਼ਰ ਨਾਲ। ਲੁਤਫ਼ੇ=ਕ੍ਰਿਪਾ। ਤੋ=ਤੇਰੀ। ਮੇ-ਬੁਰਦ=ਲੈ ਜਾਂਦੀ ਹੈ। ਬਾਜ਼=ਫਿਰ। ਮੇ ਦਾਰਮ=ਰਖਦਾ ਹਾਂ ਮੈਂ। ਅਜ਼ਾਂ ਈਂ=ਉਸ ਦੀ।}

*ਅਰਥ*—ਤੇਰੀ ਕ੍ਰਿਪਾ ਦੀ ਇਕ ਨਜਰ ਦਿਲ ਲੈ ਜਾਂਦੀ ਹੈ। ਫਿਰ ਮੈਂ ਉਸ ਦੀ ਲੋੜ ਰੱਖਦਾ ਹਾਂ।

**ਨੇਸਤ ਗੋਯਾ ਗ਼ੈਰਿ ਤੋ ਦਰ ਦੋ ਜਹਾ।**
**ਬਾ ਤੋ ਦਾਰਮ ਅਜ਼ ਦਿਲੋ ਦੀਂ ਇਹਤਿਆਜ॥ ੫॥**

{ਨੇਸਤ=ਨਹੀਂ ਹੈ। ਗ਼ੈਰਿ ਤੋ=ਤੈਥੋਂ ਬਿਨਾਂ। ਦੋ ਜਹਾਂ=ਦੋਹਾਂ ਲੋਕਾਂ, ਲੋਕ-ਪ੍ਰਲੋਕ। ਬਾ=ਸਾਥ, ਨਾਲ। ਤੋ=ਤੇਰੇ। ਦਾਰਮ=ਮੈਂ ਰੱਖਦਾ ਹਾਂ। ਦੀਂ=ਦੀਨ, ਧਰਮ, ਭਾਵ ਪ੍ਰਲੋਕ।}

*ਅਰਥ*—ਨੰਦ ਲਾਲ ਜੀ ਕਹਿੰਦੇ ਹਨ-ਹੇ ਸਤਿਗੁਰੂ ! ਤੈਥੋਂ ਬਿਨਾਂ, ਦੋਹਾਂ ਲੋਕਾਂ ਵਿਚ ਹੋਰ ਕੋਈ ਨਹੀਂ ਹੈ। ਇਸ ਵਾਸਤੇ ਲੋਕ-ਪ੍ਰਲੋਕ ਦੀ ਲੋੜ ਤੇਰੇ ਨਾਲ ਮੈਂ ਰੱਖਦਾ ਹਾਂ।

### ਪੰਜਾਬੀ ਉਲਥਾ-

SIKHBOOKCLUB.COM

ਇਕੋ ਜਾਮ ਨਕੋ ਨਕ ਭਰਿਆ ਜਿਉਂ ਅਮਲੀ ਨੂੰ ਲੋੜ ਏਹੋ।
ਠੰਢੇ-ਮਿਠੇ-ਪਾਣੀ ਸੰਦੀ, ਜਿਉਂ ਪਿਆਸੇ ਨੂੰ ਲੋੜ ਏਹੋ।
ਗੁਰਸਿਖੀ ਦੀ ਸੰਗਤ ਸੁਚੀ, ਦਿਲ ਨੂੰ ਚਾਨਣ ਕਰਦੀ ਜੋ,
ਉਸ ਬਿਨ ਹੋਰ ਨਾ ਕੁਝ ਹੀ ਮੰਗਦੇ, ਇਕ ਅਸਾਨੂੰ ਲੋੜ ਏਹੋ।
ਇਕ ਮੁਸਕਰਾਹਟ ਨਾਲ ਜਗਤ ਦਾ, ਖ਼ੁਸ਼ੀਆਂ ਬਾਗ ਖਿੜਾਇਆ ਜੇ,
ਜਿਸ ਕਿਸ ਉਸ ਦਾ ਦਰਸ਼ਨ ਕੀਤਾ, ਉਸਨੂੰ ਭਾਵੇਂ ਲੋੜ ਏਹੋ।
ਇਕੋ ਨਜ਼ਰ ਮਿਹਰ ਦੀ ਤੇਰੀ, ਦਿਲ ਮੇਰੇ ਨੂੰ ਖੱਸਦੀ ਏ,
ਫਿਰ ਭੀ ਮੈਨੂੰ ਮੇਰੇ ਪ੍ਰੀਤਮ! ਹਰ ਦਮ ਰਹਿੰਦੀ ਲੋੜ ਏਹੋ।
ਹੇ ਸਤਿਗੁਰ ਜੀ! ਦੋਹੁੰ ਲੋਕਾਂ ਵਿਚ, ਤੈਥੋਂ ਬਿਨ ਕੋਈ ਹੋਰ ਨਹੀਂ,
ਨੰਦ ਲਾਲ ਦਿਲ ਵਿਚ ਹੈ ਰੱਖਦਾ, ਲੋਕ-ਪ੍ਰਲੋਕ ਦੀ ਲੋੜ ਏਹੋ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੧੭

**ਐ ਜ਼ੁਲਫ਼ਿ ਅੰਬਰੀਨ ਤੋ ਗੋਯਾ ਨਕਾਬ ਸ਼ੁਬਹ।**

**ਪਿਨਹ ਚੁ ਜ਼ੇਰਿ ਅਬਰਿ ਸਜਾਹ ਆਫ਼ਤਾਬਿ ਸੁਬਹ ॥੧॥**

{ਅੰਬਰੀਨ=*ਅੰਬਰ ਜੇਹੀ ਸੁਗੰਧੀ ਵਾਲੀ। ਨਕਾਬ=ਪੜਦਾ, ਮੂੰਹ ਉਪਰਲਾ ਪੜਦਾ, ਘੁੰਡ। ਪਿਨਹ=ਲੁਕਿਆ ਹੋਇਆ। ਜ਼ੇਰਿ=ਹੇਠਾਂ। ਅਬਰਿ=ਬੱਦਲ। ਸਜਾਹ=ਕਾਲਾ। ਆਫ਼ਤਾਬਿ=ਸੂਰਜ। ਸੁਬਹ=ਸਵੇਰ ਦਾ। ਗੋਯਾ=ਮਾਨੋ।}

*ਅਰਥ*—ਹੇ ਅੰਬਰ ਦੀ ਸੁਗੰਧੀ ਵਾਲੀ ਜ਼ੁਲਫ ! ਤੂੰ ਮਾਨੋ ਸਵੇਰ ਦਾ ਘੁੰਡ ਹੈਂ। (ਜਾਂ) ਜਿਵੇਂ ਕਾਲੇ ਬੱਦਲ ਹੇਠਾਂ ਸਵੇਰ ਦਾ ਸੂਰਜ ਲੁਕਿਆ ਹੈ।

**ਬੇਰੂੰ ਬ ਆਮਦ ਆਂ ਮਹੇ ਮਨ ਚੂੰ ਜ਼ਿ ਖ਼ਾਬੇ ਨਾਜ਼।**

**ਸਦ ਤਾਨਾ ਮੀਂ-ਜਨਦ ਬਰੂਏ ਆਫ਼ਤਾਬਿ ਸੁਬਹ ॥੨॥**

{ਬੇਰੂੰ=ਬਾਹਰ। ਬਰ ਆਮਦ=ਆਇਆ। ਮਹੇ ਮਨ=ਮੇਰਾ ਚੰਦਰਮਾ, ਭਾਵ ਚੰਦ ਮੁਖੜੇ ਵਾਲਾ ਸਤਿਗੁਰੂ। ਚੂੰ=ਜਦ। ਖ਼ਾਬੇ=ਨੀਂਦਰ। ਨਾਜ਼=ਲਾਡ। ਸਦ=ਸੈਂਕੜੇ। ਤਾਨਾ=ਤਾਅਨੇ, ਮਿਹਣੇ, ਉਲਾਂਭੇ। ਮੀਂ-ਜਨਦ=ਮਾਰਦਾ ਹੈ। ਬਰੂਏ=ਚੇਹਰੇ ਉਤੇ, ਮੂੰਹ ਉਤੇ।}

*ਅਰਥ*—ਉਹ ਮੇਰਾ ਚੰਦ੍ਰਮਾ-ਪਿਆਰ ਭਰੀ ਨੀਂਦ ਤੋਂ ਜਦੋਂ ਬਾਹਰ ਆਉਂਦਾ ਹੈ। (ਤਾਂ)-ਸਵੇਰ ਦੇ ਸੂਰਜ ਦੇ ਮੂੰਹ ਉਤੇ ਸੈਂਕੜੇ ਤਾਅਨੇ ਮਾਰਦਾ ਹੈ, (ਅਰਥਾਤ ਸ੍ਰੀ ਗੁਰੂ ਜੀ ਦੇ ਦਰਸ਼ਨ ਦੀ ਬਰਾਬਰੀ ਸੂਰਜ ਨਹੀਂ ਕਰ ਸਕਦਾ)।

**ਬਾ ਦੀਦਹ ਖ਼ਾਬ ਨਾਕ ਚੂੰ ਬੇਰੂੰ ਬਰ ਆਮਦੀ।**

**ਸ਼ਰਮਿੰਦਾ ਗਸ਼ਤ ਅਜ਼ ਰੁਖੇ ਤੋ ਆਫ਼ਤਾਬੇ ਸੁਬਹ ॥੩॥**

{ਬਾ=ਸਾਥ, ਨਾਲ। ਦੀਦਹ=ਅੱਖਾਂ। ਖ਼ਾਬ ਨਾਕ=ਨੀਂਦਰ ਭਰੀਆਂ। ਆਮਦੀ=ਤੂੰ

---

*ਅੰਬਰ ਵੇਲ ਨਾਮ ਦੀ ਮੱਛੀ ਦਾ ਪਿੱਤਾ ਹੀ 'ਅੰਬਰ' ਨਾਮ ਦੀ ਸੁਗੰਧੀ ਹੁੰਦੀ ਹੈ। ਇਸੇ ਨੂੰ ਮੁਸਕੰਬਰ ਕਹਿੰਦੇ ਹਨ। ਪਰ ਕਈਆਂ ਦਾ ਖਿਆਲ ਹੈ, ਬਾਘੜ ਬਿੱਲਾ ਨਾਮ ਦੀ ਇਕ ਬਿੱਲੀ ਹੁੰਦੀ ਹੈ, ਜੋ ਅਕਸਰ ਬਿੱਲੀ ਲੋਟਨ ਜਾਂ ਛੈਲ ਛਲੀਰਾ ਨਾਮ ਦੀ ਬੂਟੀ ਖਾਂਦੀ ਹੈ, ਉਸ ਦਾ ਵਿਸ਼ਟਾ ਮੁਸਕੰਬਰ ਹੁੰਦਾ ਹੈ, ਪਰ ਕਈ ਕਹਿੰਦੇ ਹਨ, ਉਸ ਬਿੱਲੀ ਦਾ ਪਿੱਤਾ ਹੁੰਦਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ-'ਮੁਸਕੁ ਬਿਲੀਅਹੁ ਮੇਦੁ ਕਰਿ'



Sri Satguru Jagjit Singh Ji eLibrary NamdhariElibrary@gmail.com

ਆਉਂਦਾ ਹੈਂ। ਗਸ਼ਤ=ਹੁੰਦਾ ਹੈ। ਅਜ਼=ਅੱਗੇ। ਰੁਖ਼ੇ ਤੋ=ਤੇਰੇ ਚੇਹਰੇ ਉਤੇ।}

*ਅਰਥ*—ਜਦ ਨੀਂਦਰ ਵਾਲੇ ਨੈਣਾਂ ਨਾਲ ਤੂੰ ਬਾਹਰ ਆਉਂਦਾ ਹੈਂ। (ਉਸ ਵੇਲੇ) ਤੇਰੇ ਚੇਹਰੇ ਦੇ ਸਾਹਮਣੇ, ਸਵੇਰ ਦਾ ਸੂਰਜ ਸ਼ਰਮਿੰਦਾ ਹੁੰਦਾ ਹੈ।

**ਅਜ਼ ਮਕਦਮੇ ਸ਼ਰੀਫ਼ ਜਹਾਂ ਰਾ ਦਿਹਦ ਫ਼ਿਰੋਗ।**
**ਚੂੰ ਬਰ ਕਸ਼ਦ ਨਿਕਾਲ ਜ਼ਿ ਰੁਖ਼ ਆਫ਼ਤਾਬਿ ਸੁਬਹ ॥੪॥**

{ਅਜ਼=ਨਾਲ। ਮਕਦਮੇ=ਕਦਮਾਂ ਦੇ, ਪੈਰਾਂ ਦੇ। ਸ਼ਰੀਫ਼=ਪਵਿੱਤ੍ਰ। ਜਹਾਂ ਰਾ=ਜਗਤ ਨੂੰ। ਦਿਹਦ=ਦੇਂਦਾ ਹੈ। ਫ਼ਿਰੋਗ=ਵਡਿਆਈ। ਚੂੰ=ਜਦ। ਬਰ=ਉਤੋਂ। ਕਸ਼ਦ=ਖਿੱਚਦਾ, ਚੁਕਦਾ। ਨਿਕਾਬ=ਮੂੰਹ ਉਪਰਲਾ ਪੜਦਾ, ਘੁੰਡ। ਜ਼ਿ ਰੁਖ਼=ਚੇਹਰੇ ਤੋਂ, ਮੂੰਹ ਤੋਂ।}

*ਅਰਥ*—ਪਵਿੱਤ੍ਰ ਚਰਨਾਂ ਨਾਲ (ਤੂੰ) ਜਗਤ ਨੂੰ ਵਡਿਆਈ ਦੇਂਦਾ ਹੈਂ। ਜਦੋਂ ਸਵੇਰ ਦਾ ਸੂਰਜ, ਮੂੰਹ ਉਤੋਂ ਪੜਦਾ ਖਿੱਚਦਾ ਹੈ।

*ਭਾਵ*—ਜਦ ਸੂਰਜ ਰਾਤ ਦੇ ਪੜਦੇ ਤੋਂ ਬਾਹਰ ਨਿਕਲਦਾ ਹੈ, ਉਸ ਵੇਲੇ ਆਪ ਜੀ ਦੇ ਪਵਿੱਤ੍ਰ ਚਰਨ ਜਗਤ ਨੂੰ ਵਡਿਆਈ ਬਖਸ਼ਦੇ ਹਨ।

SIKHBOOKCLUB.COM

**ਬਿਦਾਰੀ ਅਸਤ ਜ਼ਿੰਦਗੀ ਏ ਸਾਹਿਬਾਨੇ ਸ਼ੌਂਕ।**
**ਗੋਯਾ ਹਰਾਮ ਕਰਦਮ ਆਇੰਦਾ ਖ਼੍ਵਾਬੇ ਸੁਬਹ ॥ ੫ ॥**

{ਬਿਦਾਰੀ=ਸਾਵਧਾਨਤਾ, ਜਾਗ੍ਰਤਵਸਥਾ, ਜਾਗਣਾ। ਸਾਹਿਬਾਨੇ ਸ਼ੌਂਕ=ਮਾਲਕ ਦੇ ਸ਼ੌਕ ਵਾਲੇ ਪੁਰਸ਼। ਹਰਾਮ=ਤਰਕ, ਤਿਆਗ। ਕਰਦਮ=ਕਰ ਦਿਤੀ ਹੈ ਮੈਂ। ਆਇੰਦਾ=ਅੱਗੇ ਨੂੰ। ਖ਼੍ਵਾਬੇ ਸੁਬਹ=ਸਵੇਰ ਦੀ ਨੀਂਦਰ, ਅੰਮ੍ਰਿਤ ਵੇਲੇ ਦਾ ਸੌਣਾ।}

*ਅਰਥ*—ਮਾਲਕ (ਨੂੰ ਮਿਲਣ) ਦੇ ਸ਼ੌਂਕ (ਵਾਲੇ ਪੁਰਸ਼ਾਂ ਦੀ) ਜ਼ਿੰਦਗੀ ਜਾਗਣਾ ਹੈ। (ਇਸ ਲਈ) ਨੰਦ ਲਾਲ ਨੇ ਸਵੇਰ ਦੀ ਨੀਂਦ ਤਰਕ ਕਰ (ਛੱਡ) ਦਿਤੀ ਹੈ।

### ਪੰਜਾਬੀ ਉਲਥਾ-

ਅੰਬਰੀ ਜ਼ੁਲਫ਼ ਮਾਹੀ ਦੀ ਕਾਲੀ ਪੜਦਾ ਮੁਖ ਤੇ ਪਾਇਆ।
ਜਿਉਂ ਸਵੇਰ ਦਾ ਸੂਰਜ ਹੇਠਾਂ ਕਾਲੇ ਬੱਦਲ ਆਇਆ।
ਚੰਦ ਮੁਖੜਾ ਸਤਿਗੁਰ ਮੇਰਾ ਜਦ ਪਜਾਰ ਨੀਂਦ ਤੋਂ ਜਾਗੇ,
ਚੜ੍ਹਦੇ-ਸੂਰਜ ਦੇ ਮੁਖ ਉਤੇ, ਉਸ ਸੌ ਸੌ ਤਾਨ੍ਹਾ ਲਾਇਆ।
ਨੀਂਦਰ ਭਰੇ ਮਸਤ ਨੈਣਾਂ ਸੰਗ, ਜਦ ਤੂੰ ਬਾਹਰ ਆਵੇਂ,



Sri Satguru Jagjit Singh Ji eLibrary NamdhariElibrary@gmail.com

ਦਰਸ ਤਿਰੇ ਦੇ ਸੌਂਹੇ ਆ ਕੇ, ਬਾਲ-ਸੂਰਜ ਸ਼ਰਮਾਇਆ।
ਪਵਿੱਤ੍ਰ ਚਰਨ ਕਮਲ ਆਪਣੇ ਸੰਗ, ਜੱਗ ਨੂੰ ਦੇਇਂ ਵਡਿਆਈ,
ਬਾਲ ਸੂਰਜ ਨੇ ਨਿਜ ਮੁਖੜੇ ਤੋਂ, ਜਦ ਪੜਦਾ ਰਾਤ ਹਟਾਇਆ।
ਹਰ ਦਮ ਸਦ ਜਾਗਦੇ ਰਹਿਣਾ, ਗੁਰ ਸਿੱਖ ਦਾ ਜੀਵਨ,
ਅੰਮ੍ਰਿਤ ਵੇਲੇ ਦੀ ਨੀਂਦ ਕਰਨ ਨੂੰ ਲਾਲ ਨੇ ਤਰਕ ਕਰਾਇਆ। ੧੭।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੧੮

**ਬਹੋਸ਼ ਬਾਸ਼ ਕਿ ਹੰਗਾਮਿ ਨੌ ਬਹਾਰ ਆਮਦ।**
**ਬਹਾਰ ਆਮਦੋ, ਯਾਰ ਆਮਦੋ, ਕਰਾਰ ਆਮਦ॥੧॥**

{ਬਹੋਸ਼=ਹੋਸ਼ ਵਿਚ, ਸੁਰਤ ਵਾਲਾ। ਬਾਸ਼=ਹੋ। ਕਿ=ਜੋ। ਹੰਗਾਮਿ=ਮੌਕਾ, ਵੇਲਾ। ਨੌ ਬਹਾਰ=ਨਵੀਂ ਰੁੱਤ, ਬਸੰਤ ਰੁੱਤ। ਆਮਦੋਂ=ਆ ਗਈ ਹੈ। ਕਰਾਰ=ਸੰਤੋਖ, ਧੀਰਜ। (੨) ਵਾਇਦਾ, ਇਕਰਾਰ।}

*ਅਰਥ*—ਸੁਰਤ ਵਾਲਾ ਹੋ, ਬਸੰਤ ਰੁੱਤ ਦਾ ਵੇਲਾ ਆ ਗਿਆ ਹੈ। ਬਸੰਤ ਰੁੱਤ ਆਈ ਹੈ, ਮਿੱਤਰ (ਗੁਰੂ) ਆਇਆ ਹੈ, (ਤਦੇ ਹੀ ਮਨ ਨੂੰ) ਧੀਰਜ ਆਇਆ ਹੈ।

**ਦਰੂਨਿ ਮਰਦਮਿ ਚਸ਼ਮਮ ਜ਼ਿ ਬਸ ਕਿ ਜਲਵਹ ਗਰਸਤ।**
**ਬਹਰ ਤਰਫ਼ ਕਿ ਨਜ਼ਰ ਕੁਨਮ ਰੂਇ ਯਾਰ ਆਮਦ॥੨॥**

{ਦਰੂਨਿ=ਅੰਦਰ, ਵਿਚ। ਮਰਦਮਿ ਚਸ਼ਮਮ=ਧੀਰੀ ਅੱਖਾਂ ਦੀ ਮੇਰੀ। ਜ਼ਿ ਬਸ=ਜਦ ਤੋਂ। ਜਲਵਹ=ਪ੍ਰਕਾਸ਼ ਕਰਨ ਵਾਲੀ। ਅਸਤ=ਹੈ। ਨਜ਼ਰ ਕੁਨਮ=ਨਿਗਾਹ ਕਰਦਾ ਹਾਂ ਮੈਂ, ਮੈਂ ਵੇਖਦਾ ਹਾਂ। ਰੂਇ=ਚੇਹਰਾ, ਮੁਖੜਾ, ਦਰਸ਼ਨ। ਆਮਦ=ਆਉਂਦਾ ਹੈ।}

SIKHBOOKCLUB.COM

*ਅਰਥ*—ਜਦ ਤੋਂ ਮੇਰੀਆਂ ਅੱਖਾਂ ਦੀ ਧੀਰੀ ਅੰਦਰ ਪ੍ਰਕਾਸ਼ ਕਰਨ ਵਾਲਾ ਹੋਇਆ ਹੈ। (ਤਦ ਤੋਂ) ਜਿਸ ਪਾਸੇ ਵੀ ਮੈਂ ਨਜ਼ਰ ਕਰਦਾ ਹਾਂ, ਮਿੱਤਰ ਦਾ ਮੁਖ (ਹੀ ਸਭਨੀ ਪਾਸੀਂ ਨਜ਼ਰ) ਆਉਂਦਾ ਹੈ।

**ਬਹਰ ਤਰਫ਼ ਕਿ ਰਵਦ ਦੀਦਹ ਮੇ-ਰਵਦ ਚਿ ਕੁਨਮ?**
**ਦਰ ਈਂ ਮੁਕੱਦਮਹ ਮਾ ਰਾ ਚਿ ਅਖ਼ਤਯਾਰ ਆਮਦ?॥੩॥**

{ਰਵਦ=ਤੂੰ ਜਾਂਦਾ ਹੈਂ। ਦੀਦਹ=ਅੱਖ। ਮੇ-ਰਵਦ=ਜਾਂਦੀ ਹੈ। ਕੁਨਮ=ਮੈਂ ਕੀ ਕਰਾਂ। ਦਰ=ਵਿਚ। ਈਂ=ਇਸ। ਮੁਕੱਦਮਹ=ਝਗੜਾ। ਮਾ ਰਾ=ਮੈਨੂੰ। ਚਿ=ਕੀ। ਅਖ਼ਤਯਾਰ=ਵੱਸ ਚਾਰਾ।}

*ਅਰਥ*—ਜਿਸ ਪਾਸੇ ਵੱਲ ਵੀ ਤੂੰ ਜਾਂਦਾ ਹੈਂ, ਮੇਰੀ ਅੱਖ (ਮਗਰੇ) ਜਾਂਦੀ ਹੈ, (ਇਸ ਦਾ) ਮੈਂ ਕੀ ਕਰਾਂ? ਇਸ ਝਗੜੇ ਵਿਚ, ਮੇਰੇ ਅਖਤਿਆਰ ਕੀ ਆਇਆ ਹੈ, (ਭਾਵ-ਮੇਰੀ



Sri Satguru Jagjit Singh Ji eLibrary NamdhariElibrary@gmail.com

ਅੱਖ ਤੇਰੇ ਰੂਪ ਦੇ ਮਗਰ-ਮਗਰ ਜਾਂਦੀ ਹੈ। ਉਸਨੂੰ ਰੋਕ ਰੱਖਣ ਦੀ ਗੱਲ, ਮੇਰੇ ਅਖਤਿਆਰ ਤੋਂ ਬਾਹਰ ਹੈ।

**ਖ਼ਬਰ ਦਿਹੰਦ ਬ ਯਾਰਾਨਿ ਮੁਦਈ ਇਮ ਸ਼ਬ।**
**ਅਨਲਹੱਕ ਜ਼ਦਹ ਮਨਸੂਰ ਸੂਏ ਦਾਰ ਆਮਦ॥੪॥**

{ਖ਼ਬਰ=ਪਤਾ, ਸਮਾਚਾਰ। ਦਿਹੰਦ=ਦੇ ਦੇਵੋ। ਬ ਯਾਰਾਨਿ=ਮਿੱਤਰਾਂ ਕੋਲ। ਮੁਦਈ= ਆਸਵੰਦਾਂ। ਇਮ=ਅੱਜ। ਸ਼ਬ=ਰਾਤ। ਅਨਲਹੱਕ=ਮੈਂ ਹੀ ਰੱਬ ਹਾਂ। ਜ਼ਦਹ=ਮਾਰਿਆ, ਨਾਹਰਾ ਮਾਰਿਆ, ਹੋਕਾ ਦੇਂਦਾ ਹੋਇਆ। ਸੂਏ-ਵੱਲ, ਤਰਫ। ਆਮਦ=ਆਇਆ।}

*ਅਰਥ*—ਆਸਵੰਦਾਂ ਮਿੱਤ੍ਰਾਂ ਕੋਲ ਖ਼ਬਰ ਪੁਚਾ ਦੇਵੋ, ਕਿ ਅੱਜ ਰਾਤੀ :-'ਮੈਂ ਹੀ ਰੱਬ ਹਾਂ।' (ਦਾ) ਹੋਕਾ ਦੇਂਦਾ ਹੋਇਆ, ਮਨਸੂਰ ਸੂਲੀ ਵਲ ਆਇਆ ਹੈ।

**ਖ਼ਬਰ ਦਿਹੰਦ ਬ ਗੁਲਹਾ ਕਿ ਬਿ ਸ਼ਗੁਫ਼ਤੰਦ ਹਮਹ।**
**ਅਜ਼ੀਂ ਨਵੇਦ ਕਿ ਆਂ ਬੁਲਬੁਲੇ ਹਜ਼ਾਰ ਆਮਦ॥੫॥**

{ਬ ਗੁਲਹਾ=ਫੁੱਲਾਂ ਕੋਲ। ਕਿ=ਜੋ। ਬਿ ਸ਼ਗੁਫ਼ਤੰਦ=ਖਿੜਨ, ਪ੍ਰਫੁੱਲਤ ਹੋ ਜਾਣ। ਹਮਹ=ਸਾਰੇ। ਅਜ਼ੀਂ=ਇਸ ਤੋਂ। ਨਵੇਦ=ਖ਼ੁਸ਼ਖ਼ਬਰੀ। ਆਂ=ਉਹ। *ਬੁਲਬੁਲੇ ਹਜ਼ਾਰ=ਹਜ਼ਾਰ ਤਰ੍ਹਾਂ ਦੀ ਬੋਲੀ ਬੋਲਣ ਵਾਲੀ ਬੁਲਬੁਲ। (੨) ਮਿੱਠ ਬੋਲੀ ਬੁਲਬੁਲ ਤੁਰਕਸਤਾਨ ਦੀ ਬੁਲਬੁਲ।}

*ਅਰਥ*—ਫੁੱਲਾਂ ਕੋਲ ਖਬਰ ਪੁਚਾ ਦਿਓ, ਜੋ ਸਾਰੇ ਹੀ ਖਿੜ ਪੈਣ। ਇਸ ਖੁਸ਼ਖ਼ਬਰੀ ਨਾਲ, ਜੋ ਉਹ ਹਜ਼ਾਰ ਬੋਲੀਆਂ ਵਾਲੀ ਬੁਲਬੁਲ ਆ ਗਈ ਹੈ।

**ਖ਼ਿਆਲਿ ਹਲਕਾਏ ਜ਼ੁਲਫ਼ੇ ਤੋ ਮੇ ਕੁਨਦ ਗੋਯਾ।**
**ਅਜ਼ੀਂ ਸਬਬ ਕਿ ਦਿਲ ਅਜ਼ ਸ਼ੌਕ ਬੇ ਕਰਾਰ ਆਮਦ॥੬॥**

{ਖ਼ਿਆਲਿ=ਧਿਆਨ। ਹਲਕਾਏ=ਘੇਰਾ, ਕੁੰਡਲ। ਜ਼ੁਲਫ਼ੇ=ਕੇਸਾਂ ਦੀ ਲਿਟ। ਤੋ=ਤੇਰੇ। ਮੇ ਕੁਨਦ=ਕਰਦਾ ਹਾਂ। ਅਜ਼ੀਂ=ਇਸੇ ਹੀ। ਸਬਬ=ਕਾਰਨ। ਕਿ=ਜੋ। ਅਜ਼

---

**ਬੁਲਬੁਲ ਇਕ ਨਿਕੇ ਜਿੰਨੇ ਪੰਛੀ ਦਾ ਨਾਮ ਹੈ, ਇਸਦੀ ਬੋਲੀ ਬੜੀ ਮਿੱਠੀ ਹੁੰਦੀ ਹੈ, ਪੰਜਾਬ ਦੀ ਬੁਲਬੁਲ ਨਾਲੋਂ ਤੁਰਕਸਤਾਨ ਦੀ ਬੁਲਬੁਲ ਕੱਦ ਵਿਚ ਛੋਟੀ ਹੁੰਦੀ ਹੈ, ਪਰ ਉਸ ਵਿਚ ਏਹ ਸਿਫਤ ਹੈ ਕਿ ਜਿਸ ਭੀ ਪਸ਼ੂ ਪੰਛੀ ਦੀ ਅਵਾਜ਼ ਸੁਣ ਲਵੇ, ਉਸੇ ਦੀ ਨਕਲ ਕਰ ਲੈਂਦੀ ਹੈ, ਇਸੇ ਕਰਕੇ ਉਸਦਾ ਨਾਮ ਹੀ 'ਬੁਲਬੁਲੇ ਹਜ਼ਾਰ' ਕਿਹਾ ਜਾਂਦਾ ਹੈ।*



Sri Satguru Jagjit Singh Ji eLibrary NamdhariElibrary@gmail.com

ਸ਼ੌਕ=ਉਤਸ਼ਾਹ ਨਾਲ, ਪ੍ਰੇਮ ਨਾਲ। ਬੇਕਰਾਰ=ਬੇਚੈਨ।}

*ਅਰਥ*—ਨੰਦ ਲਾਲ ਤੇਰੀ ਕੁੰਡਲ ਵਾਲੀ ਜ਼ੁਲਫ਼ ਦਾ ਧਿਆਨ ਧਰਦਾ ਹੈ। ਇਸੇ ਸਬੱਬ ਕਰਕੇ, ਜੋ ਦਿਲ ਸ਼ੌਕ ਨਾਲ ਬੇਕਰਾਰ ਆਯਾ ਹੈ।

## ਪੰਜਾਬੀ ਉਲਥਾ-

ਮਸਤੋ! ਉਠਕੇ ਸੁਰਤ ਸੰਭਾਲੋ, ਰੁਤ ਬਸੰਤ ਹੁਣ ਆਈ ਏ।
ਰੁੱਤ ਆਈ ਤੇ ਮਿੱਤਰ ਆਯਾ, ਦਿਲ ਨੂੰ ਧੀਰਜ ਆਈ ਏ।
ਅੱਖ ਮੇਰੀ ਧੀਰੀ ਦੇ ਅੰਦਰ, ਸ਼ਕਲ ਸੱਜਣ ਦੀ ਵੱਸ ਗਈ,
ਜਿਸ ਵੱਲ ਨਜ਼ਰ ਮੇਰੀ ਹੈ ਜਾਂਦੀ, ਸੂਰਤ ਯਾਰ ਦਿਸਾਈ ਏ।
ਜਿਸ ਪਾਸੇ ਵੱਲ ਮਿੱਤਰ ਜਾਂਦਾ, ਮਗਰ ਨਜ਼ਰ ਮੇਰੀ ਜਾਵੇ,
ਜੇ ਰੋਕਾਂ ਤਾਂ ਰੁਕਦੀ ਨਾਹੀਂ, ਪੇਸ਼ ਨਾ ਜਾਂਦੀ ਕਾਈ ਏ।
ਆਸਵੰਦ ਜੋ ਮਿੱਤਰ ਪਿਆਰੇ, ਖ਼ਬਰ ਉਨ੍ਹਾਂ ਅੱਜ ਕਰ ਦੇਣੀ,
'ਅਨਲਹੱਕ' ਦਾ ਹੋਕਾ ਦੇ ਕੇ, ਸੂਲੀ ਜਾਨ ਟੰਗਾਈ ਏ।
ਕਰ ਦਿਓ ਖ਼ਬਰ ਸਭ ਫੁੱਲਾਂ ਤਾਈਂ ਉਸ ਸਾਰੇ ਹੀ ਖਿੜ ਜਾਵਣ,
ਵੇਖਣ ਚਾਉ ਦਿਲੇ ਵਿਚ ਲੈ ਮਿੱਠ-ਬੋਲੀ ਬੁਲਬੁਲ ਆਈ ਏ।
ਕੁੰਡਲਦਾਰ ਜ਼ੁਲਫ਼ ਜੋ ਤੇਰੀ, ਨੰਦ ਓਸਦਾ ਧਰਦਾ ਧਿਆਨ,
ਇਸੇ ਸਬਬ, ਜੋ ਨਾਲ ਸ਼ੌਂਕ ਦੇ ਬੇਕਰਾਰ ਦਿਲ ਆਈ ਏ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੧੯

**ਤਬੀਬੇ ਆਸ਼ਕੇ ਬੇ ਦਰਦ ਰਾ ਦਵਾ ਚਿ ਕੁਨਦ।**

**ਤੁਰਾ ਕਿ ਪਾਏ ਬਵਦ ਲੰਗ ਰਹਿਨੁਮਾ ਚਿ ਕੁਨਦ ॥੧॥**

{ਤਬੀਬੇ=ਹਕੀਮ। ਆਸ਼ਕੇ=ਆਸ਼ਕ ਨੂੰ, ਪ੍ਰੇਮੀ ਨੂੰ। ਬੇਦਰਦ=ਕਠੋਰ ਚਿੱਤ, ਪੀੜ ਤੋਂ ਹੀਣਾ। ਚਿ ਕੁਨਦ=ਕੀ ਕਰਦੀ ਹੈ। ਤੁਰਾ=ਤੇਰੇ। ਕਿ=ਜੋ। ਪਾਏ=ਪੈਰ। ਬਵਦ= ਹੋਵਣ। ਲੰਗ=ਲੰਗੜਾ, 'ਪਾਏ ਲੰਗ' ਦਾ ਮਤਲਬ ਹੈ ਕਿ ਪੈਰ ਟੁਟੇ ਹੋਣ, ਪੈਰਾਂ ਨਾਲ ਤੁਰਨ ਦੀ ਤਾਕਤ ਨਾ ਹੋਵੇ। ਰਹਿਨੁਮਾ=ਰਾਹ ਵਿਖਾਉਣ ਵਾਲਾ, ਆਗੂ, ਪੇਸ਼ਵਾ।}

*ਅਰਥ*—ਹੇ ਵੈਦ! ਬੇਦਰਦ ਆਸ਼ਕ ਨੂੰ ਦਵਾਈ ਕੀ ਕਰ ਸਕਦੀ ਹੈ? ਤੇਰੇ ਜੇ ਪੈਰ ਲੰਗੜੇ ਹੋਣ (ਤਾਂ) ਰਾਹ ਵਿਖਾਉਣ ਵਾਲਾ ਕੀ ਕਰੇ?

**ਜਮਾਲੇ ਓ ਹਮਹ ਜਾ ਬੇ ਹਜਾਬ ਜਲਵਾਗਰ ਅਸਤ।**

**ਤੋ ਕਿ ਦਰ ਹਜਾਬੇ ਖੁਦੀ ਯਾਰੇ ਮਹਲਕਾ ਕਿ ਕੁਨਦ ॥੨॥**

SIKHBOOKCLUB.COM

{ਜਮਾਲੇ=ਰੂਪ। ਹਮਹ ਜਾ=ਸਭਨਾਂ ਜਗ੍ਹਾਂ ਤੇ। ਬੇ=ਬਿਨਾਂ। ਹਜਾਬ=ਪੜਦਾ। ਜਲਵਾਗਰ=ਪ੍ਰਕਾਸ਼ ਕਰਤਾ। ਦਰ ਹਜਾਬੇ=ਪੜਦੇ ਵਿਚ। ਖੁਦੀ=ਹੰਕਾਰ। ਮਹਲਕਾ=ਚੰਦ੍ਰ ਮੁਖੜਾ।}

*ਅਰਥ*—ਉਸਦਾ ਰੂਪ ਪੜਦੇ ਤੋਂ ਬਿਨਾਂ ਸਭਨਾਂ ਜਗ੍ਹਾਂ ਤੇ ਪ੍ਰਕਾਸ਼ਵਾਨ ਹੈ। ਜਦ ਕਿ ਤੂੰ ਖੁਦੀ ਦੇ ਪੜਦੇ ਵਿਚ ਹੈਂ, (ਤਾਂ) ਚੰਦ੍ਰ ਮੁਖੜਾ ਯਾਰ ਕੀ ਕਰੇ?

**ਤੁਰਾ ਕਿ ਨੇਸਤ ਬਯਕ ਗੂਨਹ ਖਾਤਿਰੇ ਮਜਮੂਹ।**

**ਮਕਾਮ ਅਮਨਿ ਖੁਸ਼ ਗੋਸ਼ਹ ਓ ਸਰਾ ਚਿ ਕੁਨਦ ॥੩॥**

{ਤੁਰਾ=ਤੈਨੂੰ। ਨੇਸਤ=ਨਹੀਂ ਹੈ। ਬਯਕ ਗੂਨਹ=ਨਾਲ ਇਕ ਰੰਗ ਦੇ। ਖਾਤਿਰੇ=ਦਿਲ। ਮਜਮੂਹ=ਇਕੱਠ। ਮਕਾਮ=ਜਗ੍ਹਾ। ਅਮਨਿ=ਅਮਨ। ਖੁਸ਼=ਚੰਗਾ। ਗੋਸ਼ਹ=ਕੋਨਾ, ਨੁਕਰ, ਇਕਲਵੰਜਾ। ਸਰਾ=ਮੁਸਾਫਰਖਾਨਾ।}

*ਅਰਥ*—ਜਦ ਕਿ ਤੇਰੇ ਦਿਲ ਨੂੰ ਇਕ ਰੰਗ ਨਾਲ ਇਕੱਠ ਮੇਲ ਨਹੀਂ ਹੈ। ਉਸਨੂੰ ਚੰਗੀ ਅਮਨ ਦੀ ਜਗ੍ਹਾ ਸਰਾਂ ਦਾ ਗੋਸ਼ਾ ਕਿਵੇਂ ਕਰ ਸਕਦੀ ਹੈ?

**ਬਗ਼ੈਰ ਬਦਰ ਕਾਏ ਇਸ਼ਕ ਕੈ ਰਸੀ ਬਾ ਦੋਸਤ।**



Sri Satguru Jagjit Singh Ji eLibrary NamdhariElibrary@gmail.com

## ਬਗ਼ੈਰ ਜਜ਼ਬਾਏ ਸ਼ੌਕੈ ਤੋ ਰਹਨੁਮਾ ਕਿ ਕੁਨਦ॥ ੪॥

{ਬਦਰਕਾਏ=ਰਾਹ ਦੱਸਣ ਵਾਲਾ, ਸਾਥੀ। ਇਸ਼ਕ=ਪ੍ਰੇਮ। ਰਸੀ=ਪਹੁੰਚੇਂਗਾ। ਬਾ ਦੋਸਤ=ਕੋਲ ਯਾਰ। ਜਜ਼ਬਾਏ=ਦਿਲ ਦੇ ਭਾਵ, (ਜਜ਼ਬੇ ਦਾ ਬ: ਬ:) ਸ਼ੌਂਕ=ਉਤਸ਼ਾਹ। ਰਹਿਨੁਮਾ=ਆਗੂ ਮੋਢੀ।}

*ਅਰਥ*—ਰਾਹ ਦਸਣ ਵਾਲੇ ਸਾਥੀ ਤੋਂ ਬਿਨਾਂ ਇਸ਼ਕ ਦੇ ਰਾਹ ਵਿਚ ਯਾਰ ਕੋਲ ਕਿਵੇਂ ਪਹੁੰਚੇਂਗਾ? ਤੇਰਾ ਦਿਲ ਸ਼ੌਕ ਦੇ ਜਜਬੇ ਤੋਂ ਬਗੈਰ ਹੈ, ਤਾਂ ਫਿਰ ਆਗੂ ਕੀ ਕਰੇਗਾ?

## ਚੁ ਸੁਰਮਹ ਦੀਦਹ ਕੁਨੀ ਖ਼ਾਕਿ ਮੁਰਸ਼ਿਦ ਐ ਗੋਯਾ।
## ਜਮਾਲ ਹੱਕ ਨਿਗਰੀ ਬਾ ਤੋ ਤੋਤੀਆ ਚਿ ਕੁਨਦ? ॥੫॥

{ਕੁਨੀ=ਤੂੰ ਕਰੇਂ, ਬਣਾ ਲਵੇਂ। ਖ਼ਾਕਿ=ਮਿੱਟੀ, ਚਰਨਾਂ ਦੀ ਧੂੜੀ। ਮੁਰਸ਼ਦ=ਗੁਰੂ, ਪੀਰ। ਜਮਾਲ=ਸਰੂਪ, ਤੇਜ ਪੁੰਜ ਸੁੰਦਰ ਰੂਪ। ਹੱਕ=ਸੱਚ ਵਾਹਿਗੁਰੂ। ਨਿਗਰੀ=ਵੇਖੇਂਗਾ। ਤੋਤੀਆ=ਮਰੀਰਾ।}

*ਅਰਥ*—ਹੇ ਨੰਦ ਲਾਲ! ਜਦ (ਕਿ) ਤੂੰ ਸਤਿਗੁਰੂ ਦੀ ਚਰਨ ਧੂੜੀ ਨੂੰ ਅੱਖਾਂ ਦਾ ਸੁਰਮਾ ਬਣਾ ਲਵੇਂ। (ਜਿਸ) ਨਾਲ ਤੂੰ ਵਾਹਿਗੁਰੂ ਦਾ ਸਰੂਪ ਤਰੇਂਗਾ, ਤੂੰ ਮਮੀਰੇ ਨੂੰ ਕੀ ਕਰਨਾ ਹੈ?

SIKHBOOKCLUB.COM

ਨੋਟ-ਮਮੀਰਾ ਨਾਮ ਦੀ ਇਕ ਬੂਟੀ ਬਰਫ਼ਾਨੀ ਪਹਾੜਾਂ ਵਿਚ ਹੁੰਦੀ ਹੈ, ਉਸ ਦੀ ਜੜ੍ਹ ਫਿਕੇ ਪੀਲੇ ਰੰਗ ਦੀ ਆਮ ਪਸਾਰੀਆਂ ਕੋਲੋਂ ਦੋ-ਤਿੰਨ ਪੈਸੇ ਤੋਲੇ ਤੋਂ ਮਿਲਦੀ ਹੈ। ਜੇਕਰ ਏਹ ਜੜ੍ਹ ਪੰਜਾਹ ਵਰ੍ਹੇ ਤਕ ਜ਼ਿਮੀਂ ਵਿਚ ਹੀ ਦੱਬੀ ਰਹੇ ਤਾਂ ਇਸਦਾ ਰੰਗ ਗੂੜ੍ਹਾ ਪੀਲਾ ਹੋ ਜਾਂਦਾ ਹੈ, ਸੌ ਤੋਂ ਉਪਰ ਡੇਢ ਸੌ ਵਰ੍ਹੇ ਤਕ ਦੱਬੀ ਰਹੇ ਤਾਂ ਰੰਗ ਚਿੱਟਾ ਹੋ ਜਾਂਦਾ ਹੈ, ਅਤੇ ਜੇ ਦੋ ਸੌ ਵਰ੍ਹੇ ਤਕ ਦੱਬੀ ਰਹੇ ਤਾਂ ਇਸ ਦਾ ਰੰਗ ਕਾਲਾ ਹੋ ਜਾਂਦਾ ਹੈ।

ਜਿਸ ਵੇਲੇ ਇਸ ਦਾ ਰੰਗ ਗੂੜ੍ਹਾ ਪੀਲਾ ਹੋ ਜਾਂਦਾ ਹੈ, ਫਿਰ ਇਹ ਮਮੀਰੀ ਤੋਂ ਮਮੀਰਾ ਹੋ ਜਾਂਦਾ ਹੈ, ਪੀਲੇ ਮੋਤੀਏ ਦੂਰ ਕਰਨ ਲਈ ਪੀਲਾ ਮਮੀਰਾ, ਚਿੱਟੇ ਮੋਤੀਏ ਦੂਰ ਕਰਨ ਲਈ ਚਿੱਟਾ ਤੇ ਕਾਲੇ ਮੋਤੀਏ ਨੂੰ ਦੂਰ ਕਰਨ ਲਈ ਕਾਲਾ ਮਮੀਰਾ ਵਰਤਿਆ ਜਾਂਦਾ ਹੈ, ਕਾਲਾ ਮਮੀਰਾ ਤਿੰਨੇ ਤਰ੍ਹਾਂ ਦੇ ਮੋਤੀਏ ਲਈ ਅਕਸੀਰ ਹੈ, ਚਿੱਟਾ ਮਮੀਰਾ ਪੀਲੇ ਤੇ ਚਿੱਟੇ ਮੋਤੀਏ ਨੂੰ ਦੂਰ ਕਰਦਾ ਹੈ, ਪਰ ਪੀਲਾ ਮਮੀਰਾ ਕੇਵਲ ਪੀਲੇ ਮੋਤੀਏ ਨੂੰ ਹੀ ਦੂਰ ਕਰਦਾ ਹੈ। ਇਕ ਸੇਰ ਭਰ ਪਾਣੀ ਪਿਆਲੇ ਵਿਚ ਭਰ ਕੇ, ਉਸ ਵਿਚ ਇਕ ਮਾਸਾ ਭਰ ਕਾਲਾ ਮਮੀਰਾ ਪਾ ਦਿਤਾ ਜਾਵੇ ਤਾਂ ਸਾਰੇ ਦਾ ਸਾਰਾ ਪਾਣੀ ਉਛਲ ਕੇ ਪਿਆਲੇ ਤੋਂ ਬਾਹਰ ਜਾ ਪਵੇਗਾ ਅਤੇ ਜੇਕਰ ਉਸ ਗੰਢੀ ਨੂੰ ਤਲਾਉ ਵਿਚ ਸੁਟਿਆ ਜਾਵੇ ਤਾਂ ਉਹ ਗੰਢੀ ਉਡ ਕੇ



Sri Satguru Jagjit Singh Ji eLibrary NamdhariElibrary@gmail.com

ਪਾਣੀ ਤੋਂ ਬਾਹਰ ਆ ਜਾਵੇਗੀ, ਜੇਕਰ ਵਗਦੇ ਦਰਿਆ ਵਿਚ ਗੰਢੀ ਸੁਟੀ ਜਾਵੇ, ਤਾਂ ਗੰਢੀ ਤਰਦੀ ਹੋਈ ਪਾਣੀ ਦੇ ਚੜ੍ਹਦੇ ਵਲ ਨੂੰ ਜਾ ਕੇ ਕੰਢੇ ਉਤੇ ਬਾਹਰ ਆ ਪਵੇਗੀ, ਅਸਲੀ ਮਮੀਰੇ ਦੀ ਏਹ ਪਛਾਣ ਕੀਤੀ ਜਾਂਦੀ ਹੈ ਸੁਣਿਆ ਜਾਂਦਾ ਹੈ, ਜੇ ਕਦੀ ਬਾਜ ਦਾ ਬੱਚਾ ਅੰਨ੍ਹਾ ਹੋ ਜਾਵੇ ਤਾਂ ਉਹ ਮਮੀਰੇ ਨੂੰ ਪੱਟ ਕੇ ਲਿਆਉਂਦਾ ਹੈ ਤੇ ਬੱਚੇ ਦੀਆਂ ਅੱਖਾਂ ਵਿਚ ਫੇਰ ਕੇ ਉਸਨੂੰ ਸੁਜਾਖਾ ਕਰ ਲੈਂਦਾ ਹੈ, ਸ਼ਿਕਾਰੀ ਲੋਕ ਬਾਜਾਂ ਦੇ ਆਲ੍ਹਣੇ ਵਿਚੋਂ ਹੀ ਮਮੀਰਾ ਲਿਆ ਕੇ ਦੇਂਦੇ ਹਨ, ਇਸ ਤਰ੍ਹਾਂ ਨਾਲ ਮਮੀਰਾ ਪ੍ਰਾਪਤ ਕੀਤਾ ਜਾਂਦਾ ਹੈ।

ਪਰ ਅੱਜ-ਕੱਲ੍ਹ ਠੱਗੀ ਦੇ ਜ਼ਮਾਨੇ ਵਿਚ ਕਈ ਠੱਗ ਲੋਕ ਦੁਨੀਆਂ ਨੂੰ ਧੋਖਾ ਦੇਣ ਲਈ ਹਲਦੀ ਦੀ ਗੰਢੀ ਨੂੰ ਹਲਕੇ ਜੇਹੇ ਤੇਜ਼ਾਬ ਵਿਚ ੨੧ ਦਿਨ ਤਕ ਭਿਉਂ ਰਖਦੇ ਹਨ, ਫਿਰ ਸੁਕਾ ਕੇ ਲੋਕਾਂ ਦੇ ਸਾਹਮਣੇ ਕਾਲੀ ਟਾਕੀ ਉਪਰ ਉਸ ਨਾਲ ਲਕੀਰ ਖਿੱਚ ਕੇ, ਕਪੜੇ ਦੇ ਰੰਗ ਨੂੰ ਕੱਟ ਕੇ ਵਿਖਾ ਦੇਂਦੇ ਹਨ ਤੇ ਆਖਿਆ ਕਰਦੇ ਹਨ, ਏਹੋ ਅਸਲੀ ਮਮੀਰਾ ਹੈ, ਜੋ ਕਾਲੇ ਰੰਗ ਨੂੰ ਕੱਟ ਕੇ, ਕਪੜੇ ਨੂੰ ਚਿੱਟਾ ਕਰ ਦੇਂਦਾ ਹੈ।

ਅਸਲ ਮਮੀਰਾ ਦੁਰਲੱਭ ਹੈ, ਇਸ ਲਈ ਕਈ ਸੰਨਿਆਸੀ ਸਾਧੂ ਇਸਦੇ ਬਦਲ ਦੀ ਇਕ ਹੋਰ ਦਵਾਈ ਬਣਾਇਆ ਕਰਦੇ ਹਨ, ਜੋ ਇਸ ਤਰ੍ਹਾਂ ਹੈ-

ਤੁੰਮੇ ਦੀ ਵੇਲ ਨੂੰ ਜਦ ਇਕ ਤੁੰਮਾ ਲਗ ਜਾਵੇ ਤਾਂ ਉਸ ਤੁੰਮੇ ਵਿਚ ੧ ਤੋਲੇ ਦੀ ਇਕੋ ਗੰਢੀ ਹਲਦੀ ਦੀ, ਜੋ ਵਜ਼ਨ ਵਿਚ ਘੱਟ ਵੱਧ ਨਾ ਹੋਵੇ, ਤੁੰਮੇ ਵਿਚ ਛੇਕ ਕਰਕੇ, ਉਹ ਗੰਢੀ ਉਸ ਵਿਚ ਰੱਖ ਕੇ, ਉਪਰ ਤੁੰਮੇ ਦਾ ਗੁਦਾ ਵਗੈਰਾ ਜੋ ਕੁਝ ਬਾਹਰ ਨਿਕਲਿਆ ਹੋਵੇ ਉਹ ਰੱਖ ਕੇ ਮਿੱਟੀ ਲਾ ਕੇ ਛੇਕ ਬੰਦ ਕਰ ਦੇਂਦੇ ਹਨ ਤੇ ਫਿਰ ਕੱਪੜ ਮਿੱਟੀ ਕਰ ਛੱਡਦੇ ਹਨ, ਉਸ ਤੋਂ ਬਿਨਾਂ ਵੇਲ ਨਾਲ ਹੋਰ ਕੋਈ ਫੁਲ ਜਾਂ ਫਲ ਨਹੀਂ ਰਹਿਣ ਦੇਂਦੇ ਅਤੇ ਸਦਾ ਧਿਆਨ ਰਖਦੇ ਹਨ, ਜੋ ਹੋਰ ਕੋਈ ਫੁੱਲ ਫਲ ਨਾ ਲੱਗੇ, ਜੇ ਕੋਈ ਫੁੱਲ ਪੈਦਾ ਹੁੰਦਾ ਹੈ, ਤਾਂ ਉਸਨੂੰ ਤੋੜ ਸੁੱਟਦੇ ਹਨ, ਇਉਂ ਕਰਦਿਆਂ ਜਦ ਤੁੰਮਾ ਪੱਕ ਜਾਂਦਾ ਹੈ, ਅਤੇ ਆਪਣੇ ਸਮੇਂ ਸਿਰ ਵੇਲ ਸੁੱਕ ਜਾਂਦੀ ਹੈ ਤਾਂ ਉਹ ਕਪੜ ਮਿਟੀ ਵਾਲਾ ਤੁੰਮਾ ਚੁਕ ਕੇ ਕਿਸੇ ਉੱਚੀ ਜਗ੍ਹਾ ਤੇ ਟੰਗ ਛਡਦੇ ਹਨ ਜਿਥੇ ਬਾਰਸ਼ ਤੇ ਧੁਪ ਤੋਂ ਬਚਿਆ ਰਹਿੰਦਾ ਹੈ ਤੇ ਜ਼ਮੀਨ ਨਾਲ ਭੀ ਨਾ ਲਗੇ ਇਸੇ ਤਰ੍ਹਾਂ ਪਿਆਂ ਪਿਆਂ ਤੁੰਮਾ ਜਦ ਬਿਲਕੁਲ ਸੁਕ ਜਾਂਦਾ ਹੈ ਤਾਂ ਉਸਨੂੰ ਤੋੜ ਕੇ ਵਿਚੋਂ ਹਲਦੀ ਦੀ ਗੰਢੀ ਕਢ ਲੈਂਦੇ ਹਨ, ਉਸਦਾ ਸੁਰਮਾ ਬਣਾਕੇ ਮੋਤੀਏ ਦੇ ਰੋਗੀ ਦੀਆਂ ਅੱਖਾਂ ਵਿਚ ਪਾਉਂਦੇ ਹਨ, ਵਾਹਿਗੁਰੂ ਦੀ ਮੇਹਰ ਨਾਲ ਸੌ-ਰੋਗੀਆਂ ਵਿਚੋਂ ਸੱਤਰ ਰੋਗੀਆਂ ਦਾ ਰੋਗ ਜ਼ਰੂਰ ਹੀ ਦੂਰ ਹੋ ਜਾਂਦਾ ਹੈ।

ਕਾਬਲ ਦੇ ਇਲਾਕੇ ਮਾਨ ਸਰੋਵਰ ਦੀ ਤਰਾਈ ਵਿਚ ਇਕ ਸੰਨਿਆਸੀ ਮਹਾਤਮਾ ਜੀ ਨੇ ਇਹ ਸਾਰੀ ਵਾਰਤਾ ਦੱਸੀ ਸੀ, ਜੋ ਇਸ ਪ੍ਰਯੋਗ ਨੂੰ ਕਰ ਰਹੇ ਸਨ, ਅਗੇ-

'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ॥'



Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਉਲਥਾ-

ਆਸ਼ਕ ਬੇਦਰਦੇ ਦਾ ਦਾਰੂ ਦਸੇ ਵੈਦ ਸਿਆਣਾ ਕੀ?
ਪੈਰੋਂ ਲੰਙਾ ਤੁਰ ਨਾ ਸਕਦਾ ਰਹਿਬਰ ਦੇਸ ਲਗਾਣਾ ਕੀ?
ਸਾਂਈ ਨੂਰ ਫੈਲਿਆ ਹਰ ਥਾਂ ਲਿਸ਼ਕਾਂ ਦਮਕਾਂ ਮਾਰ ਰਿਹਾ,
ਦੂਈ ਵਾਲਾ ਜਿਸ ਅੱਖ ਪੜਦਾ ਤਿਸਨੂੰ ਹੈ ਦਿਸ ਆਣਾ ਕੀ?
ਤੈਨੂੰ ਸਾਂਤਿ ਨਹੀਂ ਦਿਲ ਅੰਦਰ, ਚਿਤ ਟਿਕਾਣੇ ਨਹੀਂ ਤੇਰਾ,
ਲਾਭ ਨਹੀਂ ਕੁਝ ਮਿਲਣਾ ਓਥੇ, ਜੰਗਲਾਂ ਅੰਦਰ ਜਾਣਾ ਕੀ?
ਪ੍ਰੇਮ ਸਾਂਈ ਦੇ ਸਾਥੀ ਬਿਨਾਂ, ਪ੍ਰੀਤਮ ਪਿਆਰਾ ਮਿਲਦਾ ਨਾ,
ਸਿੱਕ ਬਾਝ ਜੇ ਸੁੰਞਾ ਹਿਰਦਾ, ਮੁਰਸ਼ਦ ਪਾਸੋਂ ਪਾਣਾ ਕੀ?
ਗੁਰ ਚਰਨਾਂ ਦੀ ਧੂੜੀ ਸੁਰਮਾ ਜੇਕਰ ਨੈਣੀ ਪਾਵੇਂ ਤੂੰ,
ਦਰਸ਼ਨ ਹਰ ਥਾਂ ਨਜ਼ਰੀਂ ਆਵੇ, ਮਮੀਰਾ ਹੋਰ ਲਭਾਣਾ ਕੀ?

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੨੦

**ਸਬਾ ਚੂੰ ਹਲਕਾਹਾਏ ਜ਼ੁਲਫ਼ਿ ਊ ਰਾ ਸਾਨਹ ਮੇ ਸਾਜ਼ਦ।**
**ਅਜਬ ਜ਼ੰਜੀਰ ਅਜ਼ ਬਹਿਰੇ ਦਿਲ ਦੀਵਾਨਹ ਮੇ ਸਾਜ਼ਦ ॥੧॥**

{ਸਬਾ=ਸਵੇਰ ਦੀ ਹਵਾ, ਪ੍ਰਭਾਤ ਦੀ ਪਵਨ। ਚੂੰ=ਜਦ। ਹਲਕਾਹਾਏ=ਕੁੰਡਲਾਂ ਦਾ। ਊ ਰਾ= ਉਸ ਦੀ। ਸਾਨਹ=ਕੰਘੀ। ਮੇਂ ਸਾਜ਼ਦ=ਕਰਦੀ ਹੈ। (੨) ਬਣਾਂਦੀ ਹੈ। ਅਜਬ=ਅਨੋਖੀ, ਅਚਰਜ। ਜ਼ੰਜੀਰ=ਸੰਗਲ। ਅਜ਼=ਵਾਸਤੇ।}

*ਅਰਥ*—ਜਦ ਸਵੇਰ ਦੀ ਹਵਾ, ਉਸ ਦੀਆਂ ਜ਼ੁਲਫਾਂ ਦੇ ਕੁੰਡਲਾਂ ਵਿਚ ਕੰਘੀ ਕਰਦੀ ਹੈ। (ਤਾਂ ਮੇਰੇ) ਦੀਵਾਨੇ ਦਿਲ ਦੇ ਵਾਸਤੇ ਅਚਰਜ ਸੰਗਲ ਬਣਾਂਦੀ ਹੈ।

**ਮਨ ਅਜ਼ ਰੋਜ਼ੇ ਅਜ਼ਲ ਈਂ ਨਕਸੇ ਆਦਮ ਰਾ ਨਦਾਨਿਸਤਮ।**
**ਕਿ ਨਕਾਸ਼ ਅਜ਼ ਬਰਾਇ ਮਾਂਦਨੇ ਖ਼ੁਦ ਖਾਨਹ ਮੇ ਸਾਜ਼ਦ ॥੨॥**

{ਮਨ=ਮੈਂ। ਅਜ਼=ਤੋਂ। ਰੋਜ਼ੇ=ਦਿਨ ਤੋਂ। ਅਜ਼ਲ=ਪੈਦਾਇਸ਼ ਦੇ। ਈਂ=ਇਸ। ਨਕਸ਼ੇ= ਪੁਤਲੀ। ਨਦਾਨਿਸਤਮ=ਨਹੀਂ ਜਾਣਦਾ ਸਾਂ। ਨਕਾਸ਼=ਚਿਤ੍ਰਕਾਰ। ਬਰਾਏ=ਵਾਸਤੇ। ਮਾਂਦਨੇ=ਰਹਿਣਾ। ਖ਼ੁਦ=ਆਪਨਾ। ਖਾਨਹ=ਘਰ। ਮੇਸਾਜ਼ਦ= ਬਣਾਇਆ।}

*ਅਰਥ*—ਮੈਂ ਜਨਮ ਦੇ ਸਮੇਂ ਤੋਂ ਲੈ ਕੇ, ਇਸ ਮਨੁੱਖ ਦੀ ਪੁਤਲੀ ਨੂੰ ਨਹੀਂ ਜਾਣਦਾ ਸਾਂ। ਕਿ ਬਨਾਉਣ ਵਾਲੇ ਨੇ (ਆਪਣੇ) ਰਹਿਣ ਵਾਸਤੇ (ਇਸ ਨੂੰ) ਆਪਣਾ ਘਰ ਬਣਾਇਆ ਹੈ।

**ਦਿਲੇ ਆਸ਼ਕ ਬ ਅੰਦਕ ਫ਼ੁਰਸਤੇ ਮਾਸੂਕ ਮੇ ਗ਼ਰਦਦ।**
**ਸਰਾ ਪਾ ਜਾਂ ਸ਼ਵਦ ਹਰਕਸ਼ ਕਿ ਬਾ ਜਾਨਾਨ ਨਾ ਮੇ ਸਾਜ਼ਦ ॥੩॥**

{ਬ ਅੰਦਕ=ਥੋੜ੍ਹੀ ਜੇਹੀ। ਫਰਸਤੇ=ਵੇਹਲ ਦਾ ਸਮਾਂ। ਮੇ ਗ਼ਰਦਦ=ਹੋ ਜਾਂਦਾ ਹੈ। ਸਰਾ ਪਾ=ਸਿਰ ਤੋਂ ਪੈਰਾਂ ਤਕ। ਜਾਂ=ਜਾਨ, ਜਿੰਦ। ਸ਼ਵਦ=ਹੁੰਦਾ ਹੈ। ਹਰ ਕਸ਼=ਜੋ ਕਈ। ਜਾਨਾਨ=ਮਿੱਤ੍ਰ, ਪਿਆਰਾ ਪ੍ਰੀਤਮ। ਮੇ ਸਾਜ਼ਦ=ਬਣਾਂਦਾ ਹੈ।}

*ਅਰਥ*—ਆਸ਼ਕ ਦਾ ਦਿਲ, ਥੋੜ੍ਹੀ ਜਿੰਨੀ ਵੇਹਲ (ਵਿਯੋਗ ਜਾਂ ਵਿੱਥ) ਨਾਲ ਮਾਸ਼ੂਕ ਹੀ ਬਣ ਜਾਂਦਾ ਹੈ। ਸਿਰ ਤੋਂ ਪੈਰਾਂ ਤਕ ਜਾਨ (ਜਿੰਦ) ਹੋ ਜਾਂਦਾ ਹੈ, ਜਿਹੜਾ ਕੋਈ ਆਦਮੀ ਮਿੱਤਰ ਨਾਲ ਬਣਾ ਲੈਂਦਾ ਹੈ।



Sri Satguru Jagjit Singh Ji eLibrary NamdhariElibrary@gmail.com

**ਬਰਾਏ ਗਿਰਦਾਏ ਨਾਂ ਗ਼ਿਰਦ ਹਰਦੂਨਾ ਚਿ ਮੇ ਗਿਰਦੀ।**
**ਤਮਹ ਦੀਦੀ ਕਿ ਆਦਮ ਰਾ ਅਸ਼ੀਰੇ ਦਾਨਹਿ ਮੇ ਸਾਜ਼ਦ ॥੪ ॥**

{ਬਰਾਏ=ਵਾਸਤੇ। ਗਿਰਦਾਏ ਨਾਂ=ਗੁਲਾਈਦਾਰ ਰੋਟੀ, ਨਾਨ। ਗਿਰਦ=ਉਦਾਲੇ। ਦੂਨਾ=ਕਮੀਨਾ। ਮੇ ਗਿਰਦੀ=ਤੂੰ ਫਿਰਦਾ ਹੈਂ? ਤਮਹ=ਇੱਛਾ, ਲਾਲਚ, ਖਾਹਸ਼। ਦੀਦੀ=ਤੂੰ ਵੇਖਿਆ। ਆਦਮ=ਮੁਸਲਮਾਨੀ ਕਿਤਾਬਾਂ ਅਨੁਸਾਰ, ਪਹਿਲਾ ਮਨੁੱਖ ਜਿਸਨੂੰ ਸ਼ੈਤਾਨ ਨੇ ਵਰਗ ਲਾਕੇ ਬਹਿਸ਼ਤ ਤੋਂ ਡਿਗਵਾ ਦਿੱਤਾ ਸੀ। ਰਾ=ਨੂੰ। ਅਸੀਰੇ=ਕੈਦੀ। ਦਾਨਹ=ਅੰਨ ਦਾ ਇਕ ਦਾਣਾ।}

*ਅਰਥ*—ਰੋਟੀ ਦੇ ਵਾਸਤੇ, ਹਰ ਇਕ ਕਮੀਨੇ ਦੇ ਚੁਫੇਰੇ ਤੂੰ ਕੀ ਭੌਂਦਾ ਹੈ? ਲਾਲਚ ਨੂੰ ਤੂੰ ਵੇਖਿਆ ਹੈ, ਜਿਸਨੇ ਆਦਮ ਨੂੰ ਇਕ ਦਾਣੇ ਦਾ (ਲਾਲਚ ਦੇ ਕੇ) ਕੈਦੀ ਬਣਾਇਆ ਹੈ।

**ਮਗੋ ਅਜ਼ ਹਾਲਿ ਲੈਲੀ ਬਾ ਦਿਲੇ ਸ਼ੋਰੀਦਾਏ ਗੋਯਾ।**
**ਕਿ ਸ਼ਰਹੇ ਕਿੱਸਾ ਏ ਮਜਨੂੰ ਮਰਾ ਦੀਵਾਨਾ ਮੇ ਸਾਜ਼ਦ ॥੫ ॥**

{ਮਗੋ=ਨਾ ਕਹੁ। ਬਾ ਦਿਲੇ=ਕੋਲ ਦਿਲ ਦੇ। ਸ਼ੋਰੀਦਾਏ=ਪਾਗਲ। ਕਿ ਸ਼ਰਹੇ= ਕਥਾ, ਵਾਰਤਾ। ਮਰਾ=ਮੈਨੂੰ। ਮੇ ਸਾਜ਼ਦ=ਬਣਾ ਦਿਤਾ।}

SIKHBOOKCLUB.COM

*ਅਰਥ*—ਨੰਦ ਲਾਲ ! ਪਾਗਲ ਦਿਲ ਦੇ ਕੋਲ ਲੇਲੀ ਦਾ ਹਾਲ ਨਾ ਸੁਣਾ। ਕਿਉਂ ? ਮਜਨੂੰ ਦੀ ਵਾਰਤਾ ਦੇ ਕਿੱਸੇ ਨੇ, (ਅਗੇ ਹੀ) ਦੀਵਾਨਾ ਬਣਾ ਦਿਤਾ ਹੈ।

### ਪੰਜਾਬੀ ਉਲਥਾ-

ਹਵਾ ਫਜ਼ਰ ਦੀ ਜ਼ੁਲਫ ਤੇਰੀ ਚਿ ਕੰਘੀ ਜਦ ਕਰਦੀ,
ਦਿਲ ਦੀਵਾਨੇ ਮੇਰੇ ਲਈ ਇਸ ਅਜਬ ਜੰਜੀਰ ਬਣਾ ਦਿਤਾ।
ਦਿਨ ਪਹਿਲੇ ਤੋਂ ਮੈਂ ਨਹੀਂ ਜਾਤਾ ਇਸ ਮਾਨੁਖ ਦੇਹੀ ਤਾਈਂ,
ਰਚਨਹਾਰ ਆਪਣੇ ਰਹਿਣੇ ਲਈ, ਨਿਜ ਘਰ ਏਹ ਬਣਾ ਦਿਤਾ।
ਦਿਲ ਪ੍ਰੇਮੀ ਦਾ ਥੋੜੇ ਵਿਚ ਹੀ ਸਰੂਪ ਪ੍ਰੀਤਮ ਹੋ ਜਾਂਦਾ,
ਸਿਰ ਪੈਰਾਂ ਤਕ ਜਿੰਦ ਹੋਂਵਦਾ, ਜਿਨ ਕੁਝ ਏਹ ਬਣਾ ਦਿਤਾ।
ਟੁਕੜੇ ਰੋਟੀ ਦੇ ਇਕ ਬਦਲੇ, ਮਗਰ ਕਮੀਨੇ ਫਿਰਦਾ ਕਿਉਂ?
ਬਾਬੇ ਆਦਮ ਨੂੰ ਇਕ ਦਾਣੇ ਕੈਦੀ ਲੋਭ ਬਣਾ ਦਿਤਾ।
ਲੈਲਾਂ ਹਾਲ ਕਦੇ ਭੀ ਨਾ ਕਹੁ ਸੌਦਾਈ ਦਿਲ ਮੇਰੇ ਨੂੰ,
ਮਜਨੂੰ ਦੇ ਕਿੱਸੇ ਨੇ ਪਹਿਲਾਂ, ਦੀਵਾਨਾ ਮੋਹਿ ਬਣਾ ਦਿਤਾ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੨੧

**ਹੱਯਦਹ ਹਜ਼ਾਰ ਸਿਜਦਹ ਬਸੂਏ ਤੋ ਮੇ ਕੁਨਦ।**
**ਹਰ ਦਮ ਤੁਫ਼ਾਇ ਕਾਬਾ ਏ ਕੂਏ ਤੋ ਮੇ ਕੁਨਦ॥੧॥**

{ਹੱਯਦਾਹ=ਅਠਾਰਾਂ। ਹਜ਼ਾਰ=ਦਸ ਸੌ ਦਾ ਇਕ ਹਜ਼ਾਰ ਹੁੰਦਾ ਹੈ। ਸਿਜਦਹ= ਨਮਸਕਾਰਾਂ, ਮੱਥਾ ਟੇਕਣਾ। ਬਸੂਏ=ਵਲ। ਤੋ=ਤੇਰੇ। ਹਮ ਦਮ=ਹਰ ਇਕ ਸ੍ਵਾਸ, ਹਰ ਵੇਲੇ। ਤੁਫਾਇ=ਪ੍ਰਕਰਮਾ। ਕੂਏ=ਕੂਚਾ, ਗਲੀ।}

*ਅਰਥ*—ਅਠਾਰਾਂ ਹਜ਼ਾਰ ਤੇਰੇ ਵਲ ਸਿਜਦੇ ਕਰਦੇ ਹਨ। ਹਰ ਵੇਲੇ ਤੇਰੇ ਕੂਚੇ (ਰੂਪ) ਕਾਬੇ ਦੀ ਪ੍ਰਦਖਣਾ ਕਰਦੇ ਹਨ।

**ਹਰ ਜਾ ਕਿ ਬਿਨਗਰੰਦ ਜਮਾਲੇ ਤੋ ਬਿਨਗਰੰਦ।**
**ਸਾਹਿਬ ਦਿਲਾਂ ਨਜ਼ਾਰਾ ਏ ਰੂਏ ਤੋ ਮੇ ਕੁਨੰਦ॥੨॥**

{ਹਰ ਜਾ ਕਿ=ਜਿਸ ਜਗ੍ਹਾਂ ਭੀ। ਬਿਨਗਰੰਦ=ਵੇਖਦੇ ਹਨ। ਜਮਾਲੇ=ਤੇਜ ਪੁੰਜ ਰੂਪ। ਸਾਹਿਬ ਦਿਲਾਂ=ਦਿਲ ਦੇ ਮਾਲਕ, (ਭਾਵ ਨਾਮ ਰਸੀਏ ਮਹਾਤਮਾ, ਸੰਤ ਜਨ)}

SIKHBOOKCLUB.COM

*ਅਰਥ*—ਜਿਸ ਜਗ੍ਹਾਂ ਭੀ ਵੇਖਦੇ ਹਨ, ਤੇਰਾ ਜਮਾਲ ਦੇਖਦੇ ਹਨ। ਨਾਮ ਰਸੀਏ ਮਹਾਤਮਾਂ ਤੇਰੇ ਮੁਖੜੇ ਦਾ ਨਜ਼ਾਰਾ ਕਰਦੇ ਹਨ।

**ਜਾਂ ਰਾ ਨਿਸਾਰਿ ਕਾਮਤੇ ਰਾਅਨਾ ਤੋਂ ਕ ਦਹ ਅੰਦ।**
**ਦਿਲਹਾਇ ਮੁਰਦਾ ਜ਼ਿੰਦਹ ਜ਼ਿ ਬੂਇ ਤੋ ਮੇ ਕੁਨਦ॥੩॥**

{ਜਾਂ ਰਾ=ਜਾਨ ਨੂੰ। ਨਿਸਾਰਿ=ਵਾਰਨੇ, ਸਦਕੇ, ਕੁਰਬਾਨ। ਕਾਮਤੇ=ਕੱਦ, ਸਰੀਰ। ਰਾਅਨਾ=ਸੋਹਣਾ। (੨) ਸੋਹਲ। ਕਰਦਹ ਅੰਦ=ਕੀਤਾ ਨੇ। ਦਿਲਹਾਇ=(ਦਿਲ ਦਾ ਬ: ਬ:) ਦਿਲਾਂ। ਜ਼ਿੰਦਹ=ਜੀਉਂਦਾ। ਬੂਇ=ਸੁਗੰਧੀ, ਵਾਸ਼ਨਾ। ਤੋ=ਤੇਰੀ।}

*ਅਰਥ*—ਉਨ੍ਹਾਂ ਨੇ ਆਪਣੀ ਜਾਨ ਨੂੰ ਤੇਰੇ ਸੋਹਣੇ ਸਰੀਰ ਤੋਂ ਸਦਕੇ ਕਰ ਦਿਤਾ ਹੈ। ਜਿਨ੍ਹਾਂ ਦੇ ਮੁਰਦੇ ਦਿਲਾਂ ਨੂੰ ਤੇਰੀ ਸੁਗੰਧੀ ਨੇ ਜੀਉਂਦਾ ਕੀਤਾ ਹੈ।

**ਆਈਨਾ ਏ ਖ਼ੁਦਾਏ ਨੁਮਾ ਹਸਤ ਰੂਏ ਤੋ।**
**ਦੀਦਾਰ ਹੱਕ ਜ਼ਿ ਆਈਨਾ ਰੂਇ ਤੋ ਮੇ ਕੁਨੰਦ॥੪॥**



Sri Satguru Jagjit Singh Ji eLibrary NamdhariElibrary@gmail.com

{ਆਈਨਾ ਏ=ਸ਼ੀਸ਼ਾ, ਦਰਪਣ। ਖ਼ੁਦਾਏ=ਵਾਹਿਗੁਰੂ ਨੂੰ। ਨੁਮਾ=ਵਿਖਾਉਣ ਵਾਲਾ। ਹਸਤ=ਹੈ। ਰੂਏ ਤੋ=ਚੇਹਰਾ ਤੇਰਾ, ਤੇਰਾ ਮੁਖ। ਦੀਦਾਰ=ਦਰਸ਼ਨ। ਹੱਕ=ਸੱਚ, ਵਾਹਿਗੁਰੂ ਜ਼ਿ=ਤੋਂ।}

*ਅਰਥ*—ਵਾਹਿਗੁਰੂ ਨੂੰ ਵਿਖਾਉਣ ਵਾਲਾ ਸ਼ੀਸ਼ਾ ਤੇਰਾ ਚੇਹਰਾ ਹੈ। ਦਰਸ਼ਨ ਵਾਹਿਗੁਰੂ ਦਾ, ਤੇਰੇ ਮੁਖ (ਰੂਪ) ਸ਼ੀਸ਼ੇ ਤੋਂ ਕੀਤਾ ਹੈ।

**ਤੀਰਹ ਦਿਲਾਂ ਕਿ ਚਸ਼ਮ ਨਦਾਰੰਦ ਮੁਤਲਿਕਨ।**
**ਖ਼ੁਰਸ਼ੈਦ ਰਾ ਮੁਕਾਬਲਿ ਰੂਏ ਤੋ ਮੇ ਕੁਨੰਦ॥ ੫॥**

{ਤੀਰਹ=ਹਨੇਰੇ। ਕਿ=ਜੋ। ਚਸ਼ਮ=ਅੱਖਾਂ। ਨ ਦਾਰੰਦ=ਨਹੀਂ ਰਖਦੇ। ਮੁਤਲਿਕਨ =ਮੂਲੋਂ ਹੀ, ਬਿਲਕੁਲ ਹੀ। ਖ਼ੁਰਸ਼ੈਦ=ਸੂਰਜ। ਰਾ=ਦੇ। ਮੁਕਾਬਲਿ=ਬਰਾਬਰੀ।}

*ਅਰਥ*—ਹਨੇਰੇ ਦਿਲਾਂ ਵਾਲੇ, ਜੋ ਮੂਲੋਂ ਹੀ ਅੱਖਾਂ ਨਹੀਂ ਰਖਦੇ, (ਅਰਥਾਤ ਜੋ ਬਿਲਕੁਲ ਹੀ ਅੰਨੇ ਹਨ)। (ਉਹ) ਸੂਰਜ ਨੂੰ ਤੇਰੇ ਚੇਹਰੇ ਦੇ ਬਰਾਬਰ ਕਰਦੇ ਹਨ, (ਅਰਥਾਤ ਅੰਨੇ ਪੁਰਸ਼ ਤੇਰੇ ਮੁਖ ਨੂੰ ਸੂਰਜ ਉਪਮਾ ਦੇਂਦੇ ਹਨ, ਜੋ ਬਿਲਕੁਲ ਹੀ ਅਯੋਗ ਹੈ, ਕਿਉਂਕਿ ਸੂਰਜ ਮਨ ਦੇ ਹਨੇਰੇ ਨੂੰ ਦੂਰ ਨਹੀਂ ਕਰ ਸਕਦਾ ਅਤੇ ਤੇਰੇ ਦਰਸਨ ਤੋਂ ਮਨ ਦਾ ਹਨੇਰਾ ਦੂਰ ਹੋ ਜਾਂਦਾ ਹੈ)।

SIKHBOOKCLUB.COM

**ਮਸਤਾਨਿ ਸ਼ੌਂਕ ਗ਼ਲਗਲਹ ਦਾਰੰਦ ਦਰਜਹਾਂ।**
**ਸਦ ਜਾਂ ਫਿਦਾਇ ਯਕ ਸਰੇ ਮੂਏ ਤੋ ਮੇ ਕੁਨੰਦ॥ ੬॥**

{ਮਸਤਾਨਿ ਸ਼ੌਂਕ=ਪ੍ਰੇਮ ਕਰਕੇ ਮਤਵਾਲੇ। ਗ਼ਲਗਲਹ=ਰੌਲਾ ਗੌਲਾ। ਦਾਰੰਦ=ਰਖਦੇ ਹਨ। ਦਰ ਜਹਾਂ=ਜਹਾਨ ਵਿਚ। ਸਦ=ਸੈਂਕੜੇ। ਜ਼ਾਂ=ਜਾਨਾ, ਜ਼ਿੰਦਗੀਆਂ। ਫਿਦਾਇ=ਕੁਰਬਾਨ। ਯਕ=ਇਕ। ਸਰੇ ਮੁਏ=ਸਿਰ ਦੇ ਵਾਲ।}

*ਅਰਥ*—ਪ੍ਰੇਮ ਮਸਤਾਨੇ ਜਗਤ ਵਿਚ ਰੌਲਾ-ਗੌਲਾ ਰਖਦੇ ਹਨ। ਤੇਰੇ ਸਿਰ ਦੇ ਵਾਲ ਤੋਂ ਸੈਂਕੜੇ ਜਾਨਾਂ ਕੁਰਬਾਨ ਕਰਦੇ ਹਨ।

**ਦਰ ਪਰਦਾ ਏ ਜਮਾਲਿ ਤੋ ਰੋਸ਼ਨ ਸ਼ਵਦ ਜਹਾਂ।**
**ਦਰ ਹਰ ਤਰਫ਼ ਕਿ ਜ਼ਿਕਰ ਜ਼ਿ ਰੂਏ ਤੁ ਮੇ ਕੁਨੰਦ॥ ੭॥**

{ਜਮਾਲਿ=ਪ੍ਰਕਾਸ਼। ਰੋਸ਼ਨ=ਚਾਨਣ, ਪ੍ਰਕਾਸ਼। ਸ਼ਵਦ=ਹੁੰਦਾ ਹੈ। ਦਰ ਹਰ ਤਰਫ=ਸਭਨਾਂ ਦਿਸਾਂ ਵਿਚ। ਜ਼ਿਕਰ=ਚਰਚਾ।}

*ਅਰਥ*—ਤੇਰੇ ਜਮਾਲ ਦੇ ਪੜਦੇ ਵਿਚ ਹੀ ਸਾਰਾ ਜਗਤ ਰੌਸ਼ਨ ਹੁੰਦਾ ਹੈ। ਸਭਨਾਂ



Sri Satguru Jagjit Singh Ji eLibrary NamdhariElibrary@gmail.com

ਦਿਸ਼ਾ ਵਿਚ, ਤੇਰੇ ਦਰਸ਼ਨ ਦਾ ਚਰਚਾ ਕੀਤਾ ਜਾ ਰਿਹਾ ਹੈ।

**ਆਸ਼ੁਫ਼ਤਗਾਨਿ ਸ਼ੌਕਿ ਤੋਂ ਗੋਯਾ ਸਿਫ਼ਤ ਮੁਦਾਮ।**
**ਆਵਾਜ਼ਿ ਖ਼ੁਸ਼ ਕਲਾਮ ਜ਼ਿ ਬੂਏ ਤੁ ਮੇ ਕੁਨੰਦ॥ ੮॥**

{ਆਸ਼ੁਫ਼ਤਗਾਨਿ=ਮਸਤਾਨੇ। ਸਿਫ਼ਤ=ਕੀਰਤਨ। ਮੁਦਾਮ=ਸਦਾ, ਹਮੇਸ਼ਾਂ। ਖ਼ੁਸ਼ ਕਲਾਮ=ਮਿੱਠੀ ਤੇ ਸੁਰੀਲੀ ਸੁਰ, ਚੰਗਾ ਬੋਲਣਾ। ਜ਼ਿ=ਤੋਂ।}

*ਅਰਥ*—ਨੰਦ ਲਾਲ (ਵਰਗੇ) ਪ੍ਰੇਮ ਮਸਤਾਨੇ ਹਮੇਸ਼ਾਂ ਤੇਰੀਆਂ ਸਿਫ਼ਤਾਂ ਦਾ ਕੀਰਤਨ ਕਰਦੇ ਹਨ। (ਜਿਨ੍ਹਾਂ ਨੇ) ਤੇਰੀ ਸੁਗੰਧੀ ਤੋਂ ਅਵਾਜ਼ ਨੂੰ ਮਿੱਠੀ ਤੇ ਸੁਰੀਲੀ ਕਰ ਲਿਆ ਹੈ।

### ਪੰਜਾਬੀ ਉਲਥਾ-

ਸਹੰਸ ਅਠਾਰਾਂ ਆਲਮ ਬੰਦੇ ਵਲ ਤੇਰੇ ਜ਼ਹਾਰ ਕਰਦੇ।
ਕਾਬਾ ਕੂਚੇ ਜਾਣ ਤੇਰੇ ਨੂੰ ਉਸ ਤੋਂ ਨਿਜਵਾਰ ਕਰਦੇ।
ਜਿਤ ਵਲ ਦੇਖਣ ਉਥੇ ਦੇਖਣ ਤੇਰਾ ਹੀ ਰੂਪ ਜਮਾਲੀ,
ਰਸੀਏ ਨਾਮ ਪ੍ਰੇਮੀ ਤੇਰੇ ਤੇਰਾ ਦਰਸ ਚਿਤਾਰ ਕਰਦੇ।
ਕੀਤੀ ਜਾਨ ਪਿਆਰੀ ਉਨ੍ਹਾਂ ਤੁਧ ਸੁੰਦਰ ਤਨ ਤੋਂ ਸਦਕੇ,
ਮੁਰਦੇ ਦਿਲ ਜਿਨ੍ਹਾਂ ਦੇ ਨੂੰ ਤੇਰੀ ਸੁਗੰਧੀ ਜਿੰਦਵਾਰ ਕਰਦੇ।
ਸਰੂਪ ਖੁਦਾ ਵਿਖਾਉਣ ਵਾਲਾ ਤੁਧ ਦਰਸ਼ਨ ਦਰਪਨ ਹੋਯਾ,
ਪ੍ਰਭ ਦਾ ਦਰਸ਼ਨ ਦਰਸ ਤੇਰੇ ਚੋਂ ਨਿਤ ਉਹ ਹਨ ਨਿਹਾਰ ਕਰਦੇ।
ਦਿਲ ਅਗ਼ਜਾਨ ਹਨੇਰਾ ਜਿਨ੍ਹਾਂ ਅਖੀਂ ਨਾ ਕੁਝ ਦਿਸਦਾ,
ਕਿਰਣਾਂ ਵਾਲੇ ਸੂਰਜ ਦਾ ਉਹ ਤੁਧ ਨਾਲ ਸਮ-ਸਾਰ ਕਰਦੇ।
ਪ੍ਰੇਮ ਭਰੇ ਮਸਤਾਨੇ ਲੋਕਾਂ ਪਾਯਾ ਜਗ ਵਿਚ ਰੌਲਾ,
ਤੇਰੇ ਸਿਰ ਦੇ ਵਾਲ ਇਕ ਤੋਂ ਸਦ ਜਾਨਾਂ ਬਲਿਹਾਰ ਕਰਦੇ।
ਪ੍ਰਕਾਸ਼ ਪੁੰਜ ਜੁ ਰੂਪ ਤੇਰੇ ਨੇ ਜਗ ਨੂੰ ਰੋਸ਼ਨ ਕੀਤਾ,
ਸਭ ਤਰਫਾਂ ਵਿਚ ਰੂਪ ਤੇਰੇ ਦਾ ਹਨ ਲੋਕੀ ਪ੍ਰਚਾਰ ਕਰਦੇ।
ਕੀਰਤਨ ਕਰਨ ਨਿਤ ਮਸਤਾਨੇ ਤੇਰੀਆਂ ਸਿਫਤਾਂ ਸੰਦਾ,
ਵਾਜ਼ ਜਿਨ੍ਹਾਂ ਦੀ ਸੁੰਦਰ ਮਿਠੀ ਸੋ ਭਗਤਿ ਭੰਡਾਰ ਭਰਦੇ।


Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੨੨

**ਐ ਗਰਦੀਸਿ ਚਸ਼ਮੇ ਤੋ ਕਿ ਅੱਯਾਮ ਨਦਾਰਦ।**
**ਖ਼ੁਰਸ਼ੈਦ ਫ਼ਲਕ ਪੇਸ਼ਿ ਰੁਖਤ ਨਾਮ ਨਦਾਰਦ॥ ੧॥**

{ਗਰਦੀਸਿ=ਫਿਰਨਾ, ਗੋਲ ਚਕਰ ਵਾਂਗੂੰ ਫਿਰਨਾ। ਅੱਯਾਮ=ਸਮਾਂ, ਵੇਲਾ। ਐ=(ਸੰਬੋਧਨ ਪਦ)। ਨਦਾਰਦ=ਨਹੀਂ ਰਖਦੇ। ਖ਼ੁਰਸ਼ੈਦ=ਸੂਰਜ। ਫ਼ਲਕ=ਅਕਾਸ਼। ਪੇਸ਼ਿ=ਅਗੇ। ਰੁਖਤ=ਮੂੰਹ ਤੇਰਾ।}

*ਅਰਥ*—ਹੇ ਪ੍ਰੀਤਮ! ਤੇਰੀ ਅੱਖ ਦੇ ਚੱਕਰ ਦੀ (ਬਰਾਬਰੀ) ਸਮੇਂ ਦਾ ਚੱਕਰ ਨਹੀਂ ਰੱਖਦਾ। ਅਕਾਸ਼ ਦਾ ਸੂਰਜ ਤੇਰੇ ਮੁਖ ਦੇ ਅਗੇ (ਆਪਣਾ) ਨਾਮ ਨਹੀਂ ਰੱਖਦਾ।

**ਸੱਯਾਦਿ ਕਜ਼ਾ ਅਜ਼ ਪਏ ਦਿਲ ਬੁਰਦਨਿ ਆਸ਼ਿਕ।**
**ਜੁਜ਼ ਹਲਕਾਏ ਜ਼ੁਲਫ਼ੇ ਤੋ ਦਿਗਰ ਦਾਮ ਨ ਦਾਰਦ॥੨॥**

{ਸੱਯਾਦਿ=ਸ਼ਿਕਾਰੀ। ਕਜ਼ਾ=ਮੌਤ। ਦਿਲ ਬੁਰਦਨਿ=ਜਿੰਦ ਕਢਣ ਵਾਸਤੇ। ਜੁਜ਼=ਬਿਨਾਂ। ਹਲਕਾਏ=ਘੇਰ, (ਭਾਵ ਫਾਹੀ)। ਦਿਗਰ=ਹੋਰ ਦੂਜੀ। ਦਾਮ=ਰੱਸਾ, ਫਾਹੀ।}

*ਅਰਥ*—ਮੌਤ (ਰੂਪ) ਸ਼ਿਕਾਰੀ, ਪਰੇਮੀ ਦੀ ਜਿੰਦ ਕਢਣ ਦੇ ਵਾਸਤੇ ਤੇਰੀ ਜ਼ੁਲਫ਼ ਦੀ ਫਾਹੀ ਤੋਂ ਬਿਨਾਂ ਹੋਰ (ਕੋਈ) ਦੂਜੀ ਫਾਹੀ ਨਹੀਂ ਦੇਖਦਾ।

**ਈਂ ਉਮਰਿ ਗਿਰਾਂ ਮਾਯਾ ਗ਼ਨੀਮਤ ਸ਼ੁਮਰ ਆਖ਼ਿਰ।**
**ਮਾ ਸੁਬਹੋ ਨ ਦੀਦੇਮ ਕਿ ਓ ਸ਼ਾਮ ਨ ਦਾਰਦ॥ ੩॥**

{ਈਂ=ਇਹ। ਗਿਰਾਂ=ਬਹੁਤ ਵਡੀ। ਮਾਯਾ=ਦੌਲਤ। ਗ਼ਨੀਮਤ=ਨਿਆਮਤ। ਸ਼ੁਮਰ=ਸ਼ੁਮਾਰ ਕਰ, ਗਿਣ। ਆਖ਼ਿਰ=ਓੜਕ। ਸੁਬਹੋ=ਸਵੇਰਾ। ਦੀਦੇਮ=ਵੇਖਿਆ ਮੈਂ। ਸ਼ਾਮ=ਸੰਝ ਸਮਾਂ, ਸੰਧਿਆਂ ਵੇਲਾ।}

*ਅਰਥ*—ਇਸ ਉਮਰ ਨੂੰ ਬਹੁ-ਮੁਲੀ ਦੌਲਤ ਤੇ ਨਿਆਮਤ ਗਿਣ। (ਕਿਉਂ) ਜੋ ਮੈਂ ਉਹ ਸਵੇਰਾ ਨਹੀਂ ਵੇਖਿਆ, ਜੋ ਅੰਤ ਨੂੰ ਸ਼ਾਮ ਨਹੀਂ ਰੱਖਦਾ। (ਅਰਥਾਤ=ਜਿਵੇਂ ਹਰ ਸਵੇਰ ਦੇ ਮਗਰੋਂ ਸ਼ਾਮ ਦਾ ਹੋਣਾ ਲਾਜ਼ਮੀ ਹੈ, ਇਵੇਂ ਹੀ ਜਨਮ ਦੇ ਮਗਰੋਂ ਅੰਤ ਮਰਨਾ ਜ਼ਰੂਰੀ ਹੈ, ਤਾਂ ਤੇ ਏਹੋ ਸਮਾਂ ਅਮੋਲਕ ਹੈ)।

**ਤਾ ਚੰਦ ਦਿਲਾਸਾ ਕੁਨਮ ਈਂ ਖਾਤਰੇ ਖ਼ੁਦ ਰਾ।**
**ਬੇ ਦੀਦਨਿ ਰੂਇ ਤੋ ਦਿਲ ਆਰਾਮ ਨ ਦਾਰਦ॥ ੪॥**



Sri Satguru Jagjit Singh Ji eLibrary NamdhariElibrary@gmail.com

{ਤਾ ਚੰਦ=ਕਿਥੋਂ ਤਕ। ਦਿਲਾਸਾ=ਤਸੱਲੀ, ਭਰੋਸਾ। ਕੁਨਮ=ਕਰਾਂ ਮੈਂ। ਖਾਤਰੇ=ਦਿਲ ਨੂੰ। ਖੁਦ ਰਾ=ਆਪ ਨੂੰ। ਬੇ ਦੀਦਨਿ=ਬਿਨਾਂ ਵੇਖੇ ਤੋਂ।}

*ਅਰਥ*—ਕਿਥੋਂ ਤਕ ਮੈਂ ਆਪਣੇ ਦਿਲ ਦੀ ਤਸੱਲੀ ਕਰਦਾ ਜਾਵਾਂ ? ਤੇਰੇ ਦਰਸਨ ਵੇਖੇ ਤੋਂ ਬਿਨਾਂ ਦਿਲ ਅਰਾਮ ਨਹੀਂ ਕਰਦਾ।

**ਈਂ ਚਸ਼ਮਿ ਗੌਹਰ ਬਾਰ ਕਿ ਦਰਿਆ ਸ਼ੁਦਹ ਗੋਯਾ।**
**ਬੇ ਰੂਏ ਦਿਲ ਆਰਾਇ ਤੋ ਆਰਾਮ ਨ ਦਾਰਦ॥ ੫॥**

{ਚਸ਼ਮਿ=ਅੱਖਾਂ। ਗੌਹਰ=ਮੋਤੀ। ਬਾਰ=ਬਰਸਾਉਣ ਵਾਲੀਆਂ। ਸ਼ੁਦਹ=ਹੋ ਗਿਆ, ਬਣ ਗਿਆ। ਗੋਯਾ=ਮਾਨੋ। ਬੇ ਰੂਏ=ਦਰਸ਼ਨ ਤੋਂ ਬਿਨਾਂ। ਆਰਾਇ=ਦਿਲ ਨੂੰ ਸੋਭਾ ਦੇਣ ਵਾਲਾ।}

*ਅਰਥ*—ਇਹ ਅੱਖਾਂ ਮੋਤੀ ਬਰਸਾਉਣ ਵਾਲੀਆਂ, ਜੋ ਮਾਨੋਂ ਦਰਿਆ ਹੋ ਗਈਆਂ ਹਨ। ਸੋਭਾ ਦੇਣ ਵਾਲੇ ਤੇਰੇ ਦਰਸ਼ਨ ਤੋਂ ਬਿਨਾਂ (ਮੇਰਾ) ਦਿਲ (ਆਪਣੇ ਆਪ ਵਿਚ) ਅਰਾਮ ਨਹੀਂ ਰਖ਼ਦਾ।

*ਭਾਵ*—ਅੱਖਾਂ ਵਿਚ ਆਂਸੂ ਨਹੀਂ ਬਰਸਦੇ, ਮਾਨੋ ਅੱਖਾਂ ਦਰਿਆ ਬਣ ਗਈਆਂ ਹਨ, ਜਿਨ੍ਹਾਂ ਵਿਚੋਂ 'ਨੀਰ ਵਹੈ ਵਹਿ ਚਲੈ ਜੀਉ॥' ਦੀ ਹਾਲਤ ਹੋ ਗਈ ਹੈ, ਇਸ ਲਈ ਤੁਹਾਡੇ ਦਰਸ਼ਨ ਤੋਂ ਬਿਨਾਂ, ਮਨ ਨੂੰ ਬੜੀ ਬੇਚੈਨੀ ਹੋ ਰਹੀ ਹੈ।

SIKHBOOKCLUB.COM

## ਪੰਜਾਬੀ ਉਲਥਾ-

ਅੱਖ ਮਿੱਤ੍ਰ ਦੀ ਚਾਲ ਬਰੋਬਰ ਫਿਰਦਾ ਚੱਕਰ ਕਾਲ ਨਹੀਂ।
ਨਭ ਵਿਚ ਸੂਰਜ ਡਾਢਾ ਚਮਕੇ ਮਿਲਦਾ ਮੁਖ ਦੇ ਨਾਲ ਨਹੀਂ।
ਆਸ਼ਕ ਦੀ ਜਿੰਦ ਕਬਜ ਕਰਨ ਨੂੰ ਜਗ ਵਿਚ ਮੌਤ ਸ਼ਿਕਾਰੀ ਨੇ,
ਮੁਖ ਮਾਹੀ ਦੀ ਜੁਲਫ਼ ਕੁੰਡਲ ਬਿਨ, ਫੜਿਆ ਕੋਈ ਜਾਲ ਨਹੀਂ।
ਏਹੋ ਉਮਰ ਅਮੋਲ ਪਦਾਰਥ ਜਗ ਵਿਚ ਅਪਨੀ ਗਿਣ ਲੇ ਤੂੰ,
ਐਸੀ ਸੁਬਹ ਨਾ ਦੇਖੀ ਕੋਈ ਅੰਤ ਸ਼ਾਮ ਜਿਸ ਨਾਲ ਨਹੀਂ।
ਕਿਥੋਂ ਤਕ ਮੈਂ ਦਿਲ ਆਪਣੇ ਨੂੰ ਦਈ ਦਿਲਾਸਾ ਜਾਵਾਂਗਾ,
ਦਰਸ ਤੇਰੇ ਬਿਨ ਪ੍ਰੀਤਮ ਮੇਰੇ ਹੋਇ ਅਰਾਮ ਸੁਖਾਲ ਨਹੀਂ।
ਅੱਖ ਮੋਤੀ ਬਰਸਾਉਣ ਵਾਲੀ, ਵਗਦੀ ਵਾਂਗੂੰ ਦਰਿਆ ਸਦਾ,
ਸੁਖ ਦਾਤੇ ਦਰਸ਼ਨ ਬਿਨ ਡਿੱਠੇ, ਦਿਲ ਨੂੰ ਸੁਖ ਰਵਾਲ ਨਹੀਂ।



Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ-੨੩

**ਤਾ ਲਾਲੇ ਜਾਂ ਫ਼ਿਜ਼ਾਇ ਤੁ-ਗੋਯਾ-ਨਮੇ ਸ਼ਵਦ।**
**ਦਿਰਮਾਨਿ ਦਰਦਿ ਮਾਸਤਕਿ ਪੈਦਾ ਨਮੇ ਸ਼ਵਦ॥੧॥**

{ਤਾ=ਜਦ ਤਕ। ਜਾਂ=ਜੀਵਨ, ਜ਼ਿੰਦਗੀ। ਫ਼ਿਜ਼ਾਇ=ਵਧਾਉਣ ਵਾਲਾ, ਦੇਣ ਵਾਲਾ। ਗੋਯਾ=ਉਚਾਰਨ। ਨਮੇ ਸ਼ਵਦ=ਨਹੀਂ ਹੁੰਦਾ। ਦਰਮਾਨਿ=ਇਲਾਜ, ਦਾਰੂ, ਉਪਾਉ। ਦਰਦਿ=ਦੁਖ, ਪੀੜ। ਮਾਸਤ=(ਮ+ਅਸਤ) ਮੇਰਾ ਹੈ। ਲਾਲ=ਮਾਹੀ ਪਿਆਰਾ।}

*ਅਰਥ*—ਜਦ ਤਕ ਪਿਆਰੇ ਜੀਵਨ ਦਾਤਾ ਤੇਰੇ (ਬੁੱਲ੍ਹਾਂ ਤੋਂ) ਉਚਾਰਨ ਨਹੀਂ ਹੁੰਦਾ। (ਤਦ ਤਕ) ਮੇਰੇ ਦੁਖ ਦਾ ਇਲਾਜ ਭੀ ਪੈਦਾ ਨਹੀਂ ਹੁੰਦਾ।

**ਲਬਹ ਤਿਸ਼ਨਹ ਰਾ ਬਆਬਿ ਲਬਤ ਹਸਤ ਆਰਜ਼ੂ।**
**ਤਸਕੀਨ ਮਾ ਜ਼ਿ ਖ਼ਿਜ਼ਰੁ ਮਸੀਹਾ ਨਮੇ ਸ਼ਵਦ॥੨॥**

{ਲਬਹ=ਹੋਠਾਂ, ਬੁੱਲ੍ਹਾਂ। ਤਿਸ਼ਨਹ=ਪਿਆਸੇ। ਰਾ=ਨੂੰ। ਬਆਬਿ=ਅੰਮ੍ਰਿਤ। ਲਬਤ=ਬੁੱਲ੍ਹਾਂ ਤੇਰੇ। ਹਸਤ=ਹੈ। ਆਰਜ਼ੂ=ਇੱਛਾ ਉਮੀਦ। ਤਸਕੀਨ=ਤਸੱਲੀ। ਖਿਜ਼ਰੁ=ਵਰਣ ਦੇਵਤਾ, ਪਾਣੀਆਂ ਦਾ ਦੇਵਤਾ। ਮਸੀਹਾ=(ਈਸਾਈਆਂ ਦੇ ਪੈਗੰਬਰ ਦਾ ਨਾਮ ਹੈ)}

*ਅਰਥ*—ਮੇਰੇ ਪਿਆਸੇ ਹੋਠਾਂ ਨੂੰ, ਤੇਰੇ ਹੋਠਾਂ ਦੇ ਅੰਮ੍ਰਿਤ ਦੀ ਇੱਛਾ ਹੈ। ਮੇਰੀ ਤਸੱਲੀ ਖਿਜ਼ਰ ਤੇ ਮਸੀਹਾ ਪਾਸੋਂ ਭੀ ਨਹੀਂ ਹੁੰਦੀ।

**ਦਾਰੇਮ ਦਰਦਿ ਦਿਲ ਕਿ ਮਰਾ ਓ ਰਾ ਇਲਾਜ ਨੇਸਤ।**
**ਤਾ ਜਾਂ ਨਮੇ ਦਿਹੇਮ ਮੁਦਾਵਾ ਨਮੇ ਸ਼ਵਦ॥੩॥**

{ਦਾਰੇਮ=ਰਖਦਾ ਹਾਂ, ਮੈਂ। ਮਰਾ=ਮੈਨੂੰ। ਨੇਸਤ=ਨਹੀਂ ਹੈ। ਤਾ=ਤਦ ਤੱਕ। ਜਾਂ=ਜਿੰਦ। ਦਿਹੇਮ=ਦੇ ਦੇਂਦਾ ਮੈਂ। ਮੁਦਾਵਾ=ਦਵਾਈ।}

*ਅਰਥ*—ਮੈਂ ਦਿਲ ਵਿਚ ਜੋ ਦੁਖ ਰਖਦਾ ਹਾਂ, ਮੈਨੂੰ ਉਸਦਾ ਇਲਾਜ (ਮਿਲਦਾ) ਨਹੀਂ ਹੈ। (ਜਿੰਨਾ ਚਿਰ) ਜਾਨ ਨਹੀਂ ਦੇ ਦੇਂਦਾ, ਤਦ ਤਕ ਦਾਰੂ ਨਹੀਂ ਹੁੰਦਾ।

**ਗੁਫ਼ਤਮ ਕਿ ਜਾਂ ਦਿਹਮ ਇਵਜ਼ੇ ਯਕ ਨਿਗਾਹਿ ਤੋ।**
**ਗੁਫ਼ਤਾ ਮਿਆਨਿ ਮਾਓ ਤੋ ਸਉਦਾ ਨਮੇ ਸ਼ਵਦ॥੪॥**



Sri Satguru Jagjit Singh Ji eLibrary NamdhariElibrary@gmail.com

{ਗੁਫ਼ਤਮ=ਮੈਂ ਕਿਹਾ। ਦਿਹਮ=ਮੈਂ ਦੇਂਦਾ ਹਾਂ। ਇਵਜ਼ੇ=ਬਦਲੇ ਵਿਚ, ਵਟੇ-ਸਟੇ। ਗੁਫ਼ਤਾ=ਕਿਹਾ ਉਨ੍ਹਾਂ ਨੇ। ਮਿਆਨਿ=ਵਿਚ। ਮਾਓ ਤੋ=ਮੇਰੇ ਅਤੇ ਤੇਰੇ।}

*ਅਰਥ*—ਮੈਂ ਕਿਹਾ, ਮੈਂ ਆਪਣੀ ਜਾਨ ਦੇਂਦਾ ਹਾਂ, ਤੁਹਾਡੀ ਇਕ ਨਜ਼ਰ ਦੇ ਬਦਲੇ ਵਿਚ। ਉਨ੍ਹਾਂ ਨੇ ਕਿਹਾ-ਮੇਰੇ ਅਤੇ ਤੇਰੇ ਵਿਚ ਸੌਦਾ ਨਹੀਂ ਹੋ ਸਕਦਾ।

**ਅੰਦਰ ਹਵਾਇ ਜ਼ੁਲਫ਼ਿ ਗਿਰਹਗੀਰ ਮਹਵਸ਼ਾਂ।**
**ਮਨ ਮੇ-ਰਵਦ ਗਿਰਹ ਜ਼ਿ ਦਿਲਮ ਵਾ ਨਮੇ ਸ਼ਵਦ ॥੫॥**

{ਹਵਾਇ=ਤਾਂਘ, ਸਿੱਕ, ਇੱਛਾ। ਗਿਰਹਗੀਰ=ਗੁੰਦੀ ਹੋਈ। (੨) ਪਕੜਨ ਵਾਲੀ। (੩) ਫਾਹੀ ਵਾਲੀ। ਮਹਵਸ਼ਾਂ=ਹੁਸੀਨਾਂ, ਚੰਦ੍ਰ ਮੁਖੀਆਂ। ਮਨ=ਮੈਂ। ਮੇ-ਰਵਦ=ਫਿਰ ਰਿਹਾ ਹਾਂ, ਜਾ ਰਿਹਾ ਹਾਂ। ਗਿਰਹ=ਘੁੰਡੀ। ਜ਼ਿ ਦਿਲਮ=ਮੇਰੇ ਦਿਲ ਦੀ।}

*ਅਰਥ*—ਚੰਦ੍ਰ ਮੁਖੀਆਂ ਦੀ ਗੁੰਦੀ ਹੋਈ ਜ਼ੁਲਫ ਦੀ ਤਾਂਘ ਵਿਚ ਮੈਂ ਫਿਰ ਰਿਹਾ ਹਾਂ, ਪਰ ਮੇਰੇ ਦਿਲ ਦੀ ਘੁੰਡੀ ਨਹੀਂ ਖੁਲ੍ਹਦੀ।

**ਬਾ ਸਾਹਿਲੇ ਮੁਰਾਦ ਕੁਜਾ ਆਸ਼ਨਾ ਸ਼ਵਦ।**
**ਤਾ ਚਸ਼ਮਿ ਮਾ ਬਯਾਦਿ ਤੋ ਦਰੀਆ ਨਮੇ ਸ਼ਵਦ ॥੬॥**

SIKHBOOKCLUB.COM

{ਬਾ=ਸਾਥ, ਉਤੇ। ਸਾਹਿਲੇ=ਕਢੇ। ਆਸ਼ਨਾ=ਵਾਕਫ਼, ਪਛਾਣੂ। ਕੁਜਾ=ਕਦੋਂ। ਸ਼ਵਦ=ਹੁੰਦਾ, ਹੋ ਸਕਦਾ। ਤਾ=ਜਦ ਤਕ। ਚਸ਼ਮਿ=ਅੱਖਾਂ। ਮਾ=ਮੇਰੀਆਂ। ਬਯਾਦਿ ਤੋ= ਤੇਰੀ ਯਾਦ ਵਿਚ।}

*ਅਰਥ*—ਮੁਰਾਦ ਦੇ ਕੰਢੇ ਦਾ ਵਾਕਫ਼ ਕਦ ਹੋ ਸਕਦਾ ਹਾਂ? ਜਦ ਤਕ ਮੇਰੀਆਂ ਅੱਖਾਂ ਤੇਰੀ ਯਾਦ ਵਿਚ ਦਰਿਆ ਨਹੀਂ ਹੁੰਦੀਆਂ।

**ਗੋਯਾ ਦਰ ਇੰਤਜ਼ਾਰੇ ਤੋ ਚਸ਼ਮਮ ਸੁਫ਼ੈਦ ਸ਼ੁਦ।**
**ਮਨ ਚਿ ਕੁਨਮ ਕਿ ਬੇ ਤੋ ਦਿਲਾਸਾ ਨਮੇ ਸ਼ਵਦ ॥੭॥**

{ਦਰ=ਵਿਚ। ਇੰਤਜ਼ਾਰੇ=ਉਡੀਕ ਵਿਚ। ਤੋ=ਤੇਰੀ। ਚਸ਼ਮਮ=ਅੱਖਾਂ ਮੇਰੀਆਂ। ਸੁਫ਼ੈਦ ਸ਼ੁਦ=ਚਿੱਟੀਆਂ ਹੋ ਗਈਆਂ ਹਨ। ਕੁਨਮ=ਕਰਾਂ। ਚਿ=ਕੀ। ਬੇ ਤੋ=ਬਿਨਾਂ ਤੇਰੇ। ਨਮੇ ਸ਼ਵਦ=ਨਹੀਂ ਹੁੰਦਾ।}

*ਅਰਥ*—ਨੰਦ ਲਾਲ! ਤੇਰੀ ਉਡੀਕ ਵਿਚ ਮੇਰੀਆਂ ਅੱਖਾਂ ਚਿੱਟੀਆਂ ਹੋ ਗਈਆਂ ਹਨ। ਮੈਂ ਕੀ ਕਰਾਂ? ਕਿਉਂਕਿ ਤੇਰੇ (ਦਰਸ਼ਨ ਤੋਂ) ਬਿਨਾਂ (ਮੇਰੇ ਮਨ ਨੂੰ) ਦਿਲਾਸਾ ਨਹੀਂ ਹੁੰਦਾ।



Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਉਲਥਾ-

ਜਦ ਤਕ ਜੀਵਨ ਦਾਤਾ ਮੇਰੇ, ਬਚਨ ਤੇਰੇ ਜੁ ਸੁਣਦਾ ਨਹੀਂ।
ਤਦ ਤਕ ਮੇਰੇ ਦੁਖ ਦਰਦ ਦਾ, ਦਾਰੂ ਕੁਈ ਬਣਦਾ ਨਹੀਂ।
ਮੇਰੇ ਪਿਆਸੇ ਹੋਠਾਂ ਨੂੰ ਹੈ, ਸਿੱਕ ਸੁਧਾ ਤੇਰੇ ਹੋਠਾਂ ਦੀ,
ਖ਼੍ਵਾਜਾ ਖਿਜ਼ਰ ਤੇ ਈਸਾ ਪਾਸੋਂ, ਹੁਇ ਦਿਲਾਸਾ ਬਣਦਾ ਨਹੀਂ।
ਦਿਲ ਮੇਰੇ ਦੇ ਦੁਖੜੇ ਸੰਦਾ, ਦਾਰੂ ਕੋਈ ਹੋਰ ਨਹੀਂ,
ਜਾਨ ਨਹੀਂ ਦੇ ਦੇਂਦਾ ਜਦ ਤਕ, ਦਾਰੂ ਕੁਈ ਬਣਦਾ ਨਹੀਂ।
ਮੈਂ ਕਿਹਾ, ਮੈਂ ਜਾਨ ਦੇਂਦਾ ਹਾਂ, ਬੱਦਲੇ ਨਜ਼ਰ ਤੁਸਾਂ ਦੀ ਇੱਕ,
ਓਨ ਕਿਹਾ-ਸੁਣ ਤੇਰੇ-ਮੇਰੇ ਵਿਚ, ਇਹ ਸੌਦਾ ਬਣਦਾ ਨਹੀਂ।
ਚੰਦ੍ਰ ਮੁਖੀ ਨੇ ਜ਼ੁਲਫ ਗੁੰਦੀ ਜੋ, ਤਾਂਘ ਓਸਦੀ ਅੰਦਰ ਮੈਂ,
ਫਿਰਦਾ ਹਾਂ, ਪਰ ਗੰਢ ਖੁਲ੍ਹਣ ਦਾ, ਕੋ ਉਪਰਾਲਾ ਬਣਦਾ ਨਹੀਂ।
ਮੁਰਾਦ ਪੂਰੀ ਦੇ ਕੰਢੇ ਦਾ ਮੈਂ ਵਾਕਫ਼ ਕਦ ਹੋ ਸਕਦਾ ਹਾਂ,
ਜਦ ਤਕ ਯਾਦ ਤੇਰੀ ਦੇ ਅੰਦਰ, ਦਰਯਾ ਅੱਖਾਂ ਤੋਂ ਬਣਦਾ ਨਹੀਂ।
ਉਡੀਕ ਤੇਰੀ ਵਿਚ ਬੈਠੇ-ਬੈਠੇ, ਅੱਖਾਂ ਚਿੱਟੀਆਂ ਹੋ ਗਈਆਂ,
ਮੈਂ ਕਿ ਕਰਾਂ ਬਿਨ ਦਰਸ਼ਨ ਤੇਰੇ, ਦਿਲ ਧਰਵਾਸਾ ਬਣਦਾ ਨਹੀਂ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ-੨੪

**ਚੂੰ ਮਾਹ ਦੂ ਹਫ਼ਤਹ ਰੂ ਨੁਮਾਈ ਚਿ ਸ਼ਵਦ।**
**ਇਮ ਸ਼ਬ ਮਹਿ ਮਨ ਅਗਰ ਬਿਆਈ ਚਿ ਸ਼ਵਦ॥੧॥**

{ਚੂੰ=ਜੇ। ਮਾਹ=ਚੰਦ੍ਰਮਾ। ਦੂ=ਦੋ। ਹਫ਼ਤਹ=ਅਠਵਾਰਾ, ਦੋ ਹਫ਼ਤਹ ਤੋਂ ਭਾਵ ਇਕ ਪੱਖ, ਪੰਦ੍ਰਾਂ ਦਿਨ ਜਾਂ ਪੂਰਨਮਾਸ਼ੀ ਹੈ। ਰੂ=ਚੇਹਰਾ। ਨੁਮਾਈ=ਵਿਖਾ ਦੇਵੇਂ। ਚਿ=ਕੀ। ਸ਼ਵਦ=ਹੋਵੇਗਾ। ਇਮ ਸ਼ਬ=ਅਜ ਦੀ ਰਾਤ। ਮਨ=ਮੇਰੇ। ਅਗਰ=ਜੇਕਰ। ਬਿਆਈ=ਆ ਜਾਵੇਂ।}

*ਅਰਥ*—ਜੇ ਪੂਰਨਮਾਸ਼ੀ ਦੇ ਚੰਦ੍ਰਮਾ (ਵਰਗਾ) ਮੂੰਹ ਵਿਖਾ ਦੇਵੇਂ (ਤਾਂ) ਕੀ ਹੋਵੇਗਾ ? ਹੇ ਮੇਰੇ ਚੰਦ ! ਜੇਕਰ ਅੱਜ ਰਾਤੀਂ ਆ ਜਾਵੇਂ (ਤਾਂ) ਕੀ ਹੋਵੇਗਾ ?

**ਈਂ ਜੁਮਲਹ ਜਹਾਂ ਅਸੀਰਿ ਜ਼ੁਲਫ਼ਤ ਗਸ਼ਤਹ।**
**ਯਕ ਲਖ਼ਤ ਅਗਰ ਗਿਰਹ ਕੁਸ਼ਾਈ ਚਿ ਸ਼ਵਦ॥੨॥**

{ਈਂ=ਇਹ। ਜੁਮਲਹ=ਸਾਰਾ। ਜਹਾਂ=ਜਹਾਨ, ਜਗਤ। ਅਸੀਰਿ=ਕੈਦੀ। ਜ਼ੁਲਫਤ=ਜ਼ੁਲਫ=ਤੇਰੀ। ਗਸ਼ਤਹ=ਹੋ ਗਿਆ ਹੈ। ਯਕ ਲਖਤ=ਇਕ-ਦਮ, ਇਕੋ ਵੇਰੀ। ਗਿਰਹ=ਗੰਢ, ਬੰਧਨ। ਕੁਸ਼ਾਈ=ਖੋਲ੍ਹ ਦੇਵੇਂ।}

*ਅਰਥ*—ਇਹ ਸਾਰਾ ਜਗਤ ਤੇਰੀ ਜ਼ੁਲਫ਼ ਦਾ ਕੈਦੀ ਹੋ ਗਿਆ ਹੈ, ਜੇਕਰ ਇਕੋ ਵੇਰੀ ਬੰਧਨ ਖੋਲ੍ਹ ਦੇਵੇਂ, (ਤਾਂ ਫਿਰ) ਕੀ ਹੋ ਜਾਵੇਗਾ?

**ਆਲਮ ਹਮਹ ਗਸ਼ਤਹ ਅਸਤ ਬੇ ਤੋ ਤਾਰੀਕ।**
**ਖ਼ੁਰਸ਼ੈਦ ਸਿਫ਼ਤ ਅਗਰ ਬਰਾਈ ਚਿ ਸ਼ਵਦ॥੩॥**

{ਆਲਮ=ਜਗਤ, ਸੰਸਾਰ, ਜਹਾਨ। ਹਮਹ=ਸਾਰਾ। ਗਸ਼ਤਹ ਅਸਤ=ਹੈਗਾ ਹੈ। ਬੇ ਤੋ=ਤੈਥੋਂ ਬਿਨਾਂ। ਤਾਰੀਕ=ਹਨੇਰਾ। ਖ਼ੁਰਸ਼ੈਦ=ਸੂਰਜ। ਸਿਫਤ=ਵਾਂਗੂੰ, ਬਰਾਈ= ਬਾਹਰ ਆ ਜਾਵੇਂ, ਨਿਕਲ ਆਵੇਂ, (ਭਾਵ-ਦਰਸ਼ਨ ਦੇਵੇਂ।)}

*ਅਰਥ*—ਸਾਰਾ ਜਗਤ, ਤੈਥੋਂ ਬਿਨਾਂ (ਹੋਣ ਕਰਕੇ) ਹਨ੍ਹੇਰਾ ਹੈਗਾ ਹੈ। ਸੂਰਜ ਵਾਂਗੂੰ ਜੇਕਰ ਬਾਹਰ (ਨਿਕਲ) ਆਵੇਂ, (ਤਾਂ ਫਿਰ) ਕੀ ਹੋਵੇਗਾ ?

**ਯਕ ਲਹਜ਼ਹ ਬਿਆਓ ਦਰ ਚਸ਼ਮਮ ਬਿਨਸ਼ੀਂ।**



Sri Satguru Jagjit Singh Ji eLibrary NamdhariElibrary@gmail.com

**ਦਰ ਦੀਦਹ ਨਿਸ਼ਸਤਹ ਦਿਲ ਰੁਬਾਈ ਚਿ ਸ਼ਵਦ॥੪॥**

{ਯਕ=ਇਕ। ਲਹਜ਼ਹ=ਛਿਨ, ਅਖ ਦੇ ਫੁਰਕਨ ਜਿੰਨਾ ਸਮਾਂ। ਬਿਆਓ=ਆ ਜਾਓ। ਦਰ=ਵਿਚ। ਚਸ਼ਮਮ=ਅੱਖਾਂ ਮੇਰੀਆਂ। ਬਿ-ਨਸੀਂ=ਬੈਠ ਜਾਵੇਂ। ਦਰ=ਵਿਚ। ਦੀਦਹ=ਅੱਖਾਂ। ਨਿਸ਼ਸਤਹ=ਬੈਠ ਕੇ। ਰੁਬਾਈ=ਖੱਸ ਲਵੇਂ, ਖੋਹ ਲਵੇਂ।}

*ਅਰਥ*—ਇਕ ਛਿਨ ਭਰ ਆਵੇਂ ਅਤੇ ਮੇਰੀਆਂ ਅੱਖਾਂ ਵਿਚ ਬੈਠ ਜਾਵੇਂ। ਅੱਖਾਂ ਵਿਚ ਬੈਠ ਕੇ (ਮੇਰੇ) ਦਿਲ ਨੂੰ ਖੱਸ ਲਵੇਂ, (ਤਾਂ) ਕੀ ਹੋਵੇਗਾ?

**ਈਂ ਹਿੰਦੂ ਖ਼ਾਲਤ ਕਿ ਬ ਰੂਅਤ ਸ਼ੈਦਾਸਤ।**
**ਬਿ ਫ਼ਰੋਸ਼ੀ ਅਗਰ ਬ ਨਕਦਿ ਖ਼ੁਦਾਈ ਚਿ ਸ਼ਵਦ॥੫॥**

{ਈਂ=ਇਹ। ਹਿੰਦੂ ਖ਼ਾਲਤ=ਕਾਲਾ ਤਿਲ ਤੇਰੇ। ਕਿ=ਜੋ। ਬ=ਉਪਰ। ਰੂਅਤ=ਚੇਹਰੇ ਤੇਰੇ। ਸ਼ੈਦਾਸਤ=ਸਕਦੇ ਹੈ। ਬਿ ਫ਼ਰੋਸ਼ੀ=ਵੇਚ ਦੇਵੋਗੇ। ਬ ਨਕਦਿ=ਨਕਦ ਦੌਲਤ ਤੋਂ। ਖ਼ੁਦਾਈ=ਦੁਨੀਆ, ਜਗਤ ਖਲਕਤ।}

*ਅਰਥ*—ਇਹ ਤੇਰਾ ਕਾਲਾ ਤਿਲ, ਜੋ ਤੇਰੇ ਚੇਹਰੇ ਉਪਰ ਹੈ, (ਇਸ ਤੋਂ ਮੈਂ) ਸਦਕੇ ਹਾਂ। (ਇਸ ਦੇ ਬਦਲੇ ਵਿਚ) ਜੇਕਰ (ਸਾਰੀ) ਦੁਨੀਆ ਨਕਦ ਮੁੱਲ ਤੋਂ ਵੇਚ ਦੇਵਾਂ (ਤਾਂ ਫਿਰ) ਕੀ ਹੋਵੇਗਾ?

SIKHBOOKCLUB.COM

**ਦਰ ਦੀਦਹ ਤੁਈ ਓ ਮਨ ਬ ਹਰ ਕੂ ਜੋਯਾ।**
**ਅਜ਼ ਪਰਦਹ ਏ ਗ਼ੈਬ ਰੂ ਨੁਮਾਈ ਚਿ ਸ਼ਵਦ॥੬॥**

{ਦੀਦਹ=ਅੱਖਾਂ। ਤੁਈ=ਤੂੰਹੀ ਹੈਂ। ਓ=ਅਤੇ। ਮਨ=ਮੈਂ। ਹਰ ਕੂ=ਸਾਰੇ ਕੂਚੇ। ਜੋਯਾ=ਭਾਲ ਰਿਹਾ ਹਾਂ। ਅਜ਼=ਸੇ, ਤੋਂ, ਵਿਚੋਂ। ਪਰਦਹ ਏ ਗੈਬ=ਗੁਪਤ ਪੜਦੇ ਦੇ, ਲੁਕਵੇਂ ਓਲ੍ਹੇ ਦੇ। ਰੂ=ਚੇਹਰਾ।}

*ਅਰਥ*—ਅੱਖਾਂ ਵਿਚ ਤੂੰਹੀਂ (ਵੱਸ ਰਿਹਾ ਹੈਂ) ਅਤੇ ਮੈਂ ਸਾਰੇ ਕੂਚਿਆਂ ਵਿਚ ਭਾਲ ਕਰ ਰਿਹਾ ਹਾਂ। ਗੈਬ ਦੇ ਪੜਦੇ ਵਿਚੋਂ (ਆਪਣਾ) ਚੇਹਰਾ ਵਿਖਾ ਦੇਵੋਗੇ, (ਤਾਂ ਫਿਰ) ਕੀ ਹੋਵੇਗਾ?

**ਗੋਯਾਸਤ ਬ ਹਰ ਤਰਫ਼ ਸੁਰਾਗ਼ ਤ ਜੋਯਾ।**
**ਗਰ ਗੁਮ ਸ਼ੁਦਹ ਰਾ ਰਹ ਨੁਮਾਈ ਚਿ ਸ਼ਵਦ॥੭॥**

{ਗੋਯਾਸਤ=(ਗ਼ੋਯਾ+ਅਸਤ) ਨੰਦ ਲਾਲ ਹੈ। ਬ ਹਰ ਤਰਫ਼=ਸਭਨਾਂ ਤਰਫਾਂ



Sri Satguru Jagjit Singh Ji eLibrary NamdhariElibrary@gmail.com

ਵਿਚ। ਸੁਰਾਗ ਤ=ਤੇਰਾ ਸੁਰਾਗ਼, ਤੇਰਾ ਪਤਾ-ਨਿਸ਼ਾਨ। ਜੋਯਾ=ਲਭ ਰਿਹਾ। ਗਰ=ਜੇਕਰ। ਗੁਮ ਸ਼ੁਦਰ=ਗੁੰਮ ਹੋ ਚੁੱਕੇ, ਭੁੱਲੇ ਹੋਏ। ਰਹ-ਨੁਮਾਈ=ਰਾਹ ਵਿਖਾ ਦੇਵੋ।}

*ਅਰਥ*—ਨੰਦ ਲਾਲ ਸਭਨਾਂ ਦਿਸ਼ਾਂ ਵਿਚ ਤੇਰਾ ਪਤਾ-ਨਿਸ਼ਾਨ ਲਭ ਰਿਹਾ ਹੈ। ਜੇਕਰ ਭੁੱਲੇ ਹੋਏ ਨੂੰ ਰਾਹ ਵਿਖਾ ਦੇਵੋਗੇ, (ਤਾਂ ਫਿਰ) ਕੀ ਹੋਵੇਗਾ?

## ਪੰਜਾਬੀ ਉਲਥਾ-

ਹੇ ਗੁਰ! ਪੂਰਨ ਚੰਦ ਜੇਹਾ ਮੁਖ, ਜੇ ਦਿਖਲਾਓ ਤਾਂ ਹੋਵੇ ਕੀ?
ਚੰਦ ਮੇਰੇ, ਅੱਜ ਰਾਤੀਂ ਜੇਕਰ ਆ ਜਾਵੋ ਤਾਂ ਹੋਵੇ ਕੀ?
ਸਾਰਾ ਜਗਤ ਏਹ ਕੈਦੀ ਹੋਯਾ, ਜ਼ੁਲਫ਼ ਤੇਰੇ ਕੇਸਾਂ ਦੀ ਵਿਚ,
ਇਕ-ਦਮ ਜੇਕਰ ਬੰਧਨ ਇਸਦੇ, ਖੋਲ੍ਹ ਦੇਵੋ ਤਾਂ ਹੋਵੇ ਕੀ?
ਜਗਤ ਸਾਰਾ ਹੈ ਤੇਰੇ ਬਾਝੋਂ ਅੰਧਾ-ਧੁੰਧ ਗੁਬਾਰ ਹੋਯਾ,
ਸੂਰਜ ਵਾਂਗੂੰ ਜੇ ਆ ਜਾਵੋਂ, ਤਾਂ ਫਿਰ ਜਗ ਵਿਚ ਹੋਵੇ ਕੀ?
ਇਕ ਛਿਨ ਆਓ, ਬੈਠੋ ਪ੍ਰੀਤਮ, ਮੇਰੇ ਨੈਣਾਂ ਅੰਦਰ ਹੀ,
ਬੈਠ ਮੇਰੇ ਨੈਣਾਂ ਦੇ ਅੰਦਰ ਦਿਲ ਖਸ ਲਵੋ ਤਾਂ ਹੋਵੇ ਕੀ?
ਕਾਲਾ ਤਿਲ ਜੋ ਚੇਹਰੇ ਤੁਧ ਦਾ, ਸਦਕੇ ਉਸ ਤੋਂ ਹੋਵਾਂ ਮੈਂ,
ਨਕਦ ਮੁੱਲ ਤੋਂ ਦੁਨੀਆ ਸਾਰੀ, ਵੇਚ ਦਿਵੋ ਤਾਂ ਹੋਵੇ ਕੀ?
ਤੂੰ ਅੱਖਾਂ ਵਿਚ ਵਸਨੈ ਪ੍ਰੀਤਮ! ਮੈਂ ਹਰ ਕੂਚੇ ਟੋਲ ਰਿਹਾ,
ਗੁਪਤ ਪੜਦੇ ਹੇਠੋਂ ਜੇਕਰ, ਮੁਖ ਦਿਖਲਾਓ ਤਾਂ ਹੋਵੇ ਕੀ?
ਨੰਦ ਲਾਲ ਹਰ ਦਿਸ਼ਾ ਦੇ ਅੰਦਰ ਪਤਾ ਤੇਰਾ ਹੈ ਲਭ ਰਿਹਾ,
ਭੁਲੇ ਹੋਏ ਇਸ ਦਿਲ ਮੇਰੇ ਨੂੰ, ਰਾਹ ਦਿਲਖਾਓ ਤਾਂ ਹੋਵੇ ਕੀ?



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੨੫

**ਕਦਮ ਆਂ ਬਿਹ ਕਿ ਓ ਰਾਹਿ ਖ਼ੁਦਾ ਪੈਮੂਦਹ ਮੇ ਬਾਸ਼ਦ।**
**ਜ਼ਬਾਨੇ ਬਿਹ ਕਿ ਓ ਜ਼ਿਕਰੇ ਖ਼ੁਦਾ ਆਸੂਦਹ ਮੇ ਬਾਸ਼ਦ ॥੧॥**

{ਕਦਮ=ਡਿੰਗ। (੨) ਪੈਰ। ਆਂ=ਉਹ। ਬਿਹ=ਬੇਹਤਰ, ਚੰਗਾ, ਸਫਲਾ। ਕਿ=ਜੋ। ਰਾਹਿ=ਰਾਤ ਉਤੇ। ਪੈਮੂਦਹ=ਪੁੱਟਿਆ। ਮੇ ਬਾਸ਼ਦ=ਹੋਵੇ। ਜ਼ਬਾਨੇ=ਜੀਭ। ਜ਼ਿਕਰੇ ਖ਼ੁਦਾ=ਖ਼ੁਦਾ ਦੇ ਸਿਮਰਨ। ਆਸੂਦਹ=ਆਰਾਮ, ਖ਼ੁਸ਼ੀ।}

*ਅਰਥ*—ਕਦਮ ਉਹ ਚੰਗਾ ਤੇ ਸਫਲਾ ਹੈ, ਜੋ ਖ਼ੁਦਾ ਦੇ ਰਾਹ ਉਤੇ ਪੁਟਿਆ ਗਿਆ ਹੋਵੇ। ਜੀਭ ਉਹ ਚੰਗੀ ਤੇ ਸਫਲੀ ਹੈ, ਜੋ ਰੱਬ ਦੇ ਸਿਮਰਨ ਵਿਚ ਸੁਖ ਹਾਸਲ ਕਰਦੀ ਹੋਵੇ।

**ਬ ਹਰ ਸੂਏ ਕਿ ਮੇ ਬੀਨਮ ਬ ਚਸ਼ਮਮ ਮਾ ਸਿਵਾ ਨਾਯਦ।**
**ਹਮੇਸ਼ਹ ਨਕਸ਼ਿ ਓ ਦਰ ਦੀਦਹ ਏ ਮਾ ਬੂਦਾ ਮੇ ਬਾਸ਼ਦ ॥੨॥**

{ਸੂਏ=ਤਰਫ਼ ਦਿਸ਼ਾ, ਪਾਸਾ, ਵੱਲ। ਕਿ=ਜੋ। ਬੀਨਮ=ਵੇਖਦਾ ਹਾਂ ਮੈਂ। ਬ ਚਸ਼ਮਮ= ਮੇਰੀਆਂ ਅਖਾਂ ਨਾਲ। ਮਾ ਸਿਵਾ=ਮੈਥੋਂ ਬਿਨਾਂ, ਮੇਰੇ ਸਿਵਾ। ਨਾਯਦ=ਨਹੀਂ ਆਉਂਦਾ। ਹਮੇਸ਼ਹ=ਹਰ ਵੇਲੇ। ਨਕਸ਼ਿ=ਤਸਵੀਰ। ਓ=ਉਸਦੀ। ਦਰ ਦੀਦਹ ਏ=ਵਿਚ ਅੱਖਾਂ ਦੇ। ਮਾ=ਮੇਰੀਆਂ। ਬੂਦਾ ਮੇ ਬਾਸ਼ਦ=ਰਹਿੰਦੀ ਹੈ।}

*ਅਰਥ*—ਸਭਨਾਂ ਦਿਸ਼ਾ ਵਿਚ, ਜੋ ਭੀ ਮੈਂ ਵੇਖਦਾ ਹਾਂ, ਮੇਰੀਆਂ ਅੱਖਾਂ ਨਾਲ, ਮੈਨੂੰ ਬਿਨਾਂ ਉਸ ਤੋਂ (ਹੋਰ ਕੁਝ ਨਜ਼ਰ) ਨਹੀਂ ਆਉਂਦਾ। ਹਮੇਸ਼ਾਂ ਹੀ ਉਸਦੀ ਤਸਵੀਰ, ਮੇਰੀਆਂ ਅੱਖਾਂ ਵਿਚ ਰਹਿੰਦੀ ਹੈ।

**ਜ਼ਿ ਫ਼ੈਜ਼ੇ ਮੁਰਸ਼ਦੇ ਕਾਮਿਲ ਮਰਾ ਮਾਲੂਮ ਸ਼ੁਦ ਆਖ਼ਿਰ।**
**ਕਿ ਦਾਯਮ ਮਰਦਮੇ ਦੁਨੀਆ ਬ ਗ਼ਮ ਆਲੂਦ ਹ ਮੇ ਬਾਸ਼ਦ ॥੩॥**

{ਜ਼ਿ=(ਅਜ) ਸੇ, ਨਾਲ। ਫ਼ੈਜ਼ੇ=ਕ੍ਰਿਪਾ। ਮੁਰਸ਼ਦੇ=ਗੁਰੂ ਦੀ। ਕਾਮਿਲ=ਪੂਰੇ। ਮਰਾ=ਮੈਨੂੰ। ਸ਼ੁਦ=ਹੋ ਗਿਆ। ਦਾਯਮ=ਹਮੇਸ਼ਾਂ। ਮਰਦਮੇ=ਆਦਮੀ। ਬ ਗ਼ਮ=ਗ਼ਮ ਨਾਲ। ਆਲੂਦਹ=ਲਿਬੜਿਆ। ਮੇ ਬਾਸ਼ਦ=ਰਹਿੰਦਾ ਹੈ।}

*ਅਰਥ*—ਪੂਰੇ ਗੁਰੂ ਦੀ ਕ੍ਰਿਪਾ ਨਾਲ, ਅੰਤ ਨੂੰ ਮੈਨੂੰ ਮਲੂਮ ਹੋ ਗਿਆ ਹੈ ਕਿ ਆਦਮੀ ਹਮੇਸ਼ਾਂ ਦੁਨੀਆ ਦੇ ਗ਼ਮਾਂ ਨਾਲ ਲਿਬੜਿਆ ਰਹਿੰਦਾ ਹੈ।



Sri Satguru Jagjit Singh Ji eLibrary NamdhariElibrary@gmail.com

**ਜ਼ਹੇ ਸਾਹਿਬ ਦਿਲੇ ਰੋਸ਼ਨ ਜ਼ਮੀਰੇ ਆਰਫ਼ੇ ਕਾਮਿਲ।**
**ਕਿ ਬਰ ਦਰਗਾਹਿ ਹਕ ਪੇਸ਼ਾਨੀਏ ਓ ਸੂਦਾ ਮੇ ਬਾਸ਼ਦ ॥੪ ॥**

{ਜ਼ਹੇ=ਧੰਨਤਾ ਯੋਗ ਹੈ। ਸਾਹਿਬ=ਮਾਲਕ, ਭਾਵ=ਵਾਹਿਗੁਰੂ। ਰੋਸ਼ਨ ਜ਼ਮੀਰੇ= ਜ਼ਮੀਰ ਵਿਚ ਚਾਨਣ, ਵਿਚਾਰਵਾਨ। ਆਰਫ਼ੇ ਕਾਮਿਲ=ਗਿਆਨਵਾਨ ਪੂਰਾ। ਕਿ=ਜੋ। ਬਰ=ਉਪਰ। ਹਕ=ਸਚ ਵਾਹਿਗੁਰੂ। ਪੇਸ਼ਾਨੀਏ=ਮੱਥਾ। ਸੂਦਾ ਮੇ ਬਾਸ਼ਦ=ਲੱਗਾ ਹੋਯਾ ਹੈ।}

*ਅਰਥ*—ਉਹ ਧੰਨਤਾ ਯੋਗ ਹੈ, ਜਿਸ ਦੇ ਦਿਲ ਵਿਚ ਮਾਲਕ ਦਾ ਪਿਆਰ ਹੈ, ਜ਼ਮੀਰ ਰੌਸ਼ਨ ਵਿਚਾਰਵਾਨ ਤੇ ਪੂਰਾ ਗਿਆਨਵਾਨ ਹੈ ਅਤੇ ਸੱਚ ਦੀ ਦਰਗਾਹ (ਸਤਸੰਗ) ਦੇ ਬੂਹੇ ਉਤੇ (ਜਿਸ ਦਾ) ਮੱਥਾ ਲੱਗਾ ਰਹਿੰਦਾ ਹੈ।

**ਬ ਕੁਰਬਾਨੇ ਸਰੇ ਕੂਯਸ਼ ਬ ਗਿਰਦੋ ਦਮ ਮਜ਼ਨ ਗੋਯਾ।**
**ਇਸ਼ਾਰਤ ਹਾਇ ਚਸ਼ਮੇ ਓ ਮਰਾ ਫ਼ਰਮੂਦਾ ਮੇ ਬਾਸ਼ਦ ॥੫ ॥**

{ਸਰੇ=ਸਿਰ ਦੀ। ਕੂਯਸ਼=ਕੂਚੇ ਉਸਦੇ। ਬ ਗਿਰਦੋ=ਗਿਰਦ, ਚੁਤਰਫੇ। ਮਜ਼ਨ=ਨਾ ਮਾਰ। ਇਸ਼ਾਰਤ ਹਾਇ=(ਇਸ਼ਾਰੇ ਦੇ ਬਹੁ ਬ:) ਸੈਨਤਾਂ, ਇਸ਼ਾਰਿਆਂ। ਚਸ਼ਮੇ ਓ=ਉਸ ਦੀਆਂ ਅੱਖਾਂ। ਮਰਾ=ਮੈਨੂੰ। ਫ਼ਰਮੂਦਾ। ਫੁਰਮਾਇਆ, ਦਸਿਆ।}

SIKHBOOKCLUB.COM

*ਅਰਥ*—ਹੇ ਨੰਦ ਲਾਲ ! ਸਿਰ ਦੀ ਕੁਰਬਾਨੀ ਦੇ ਕੇ, ਉਸਦੇ ਕੂਚੇ ਦੇ ਗਿਰਦੇ (ਪੁਜਣ ਦਾ ਭੀ) ਦਮ ਨਾ ਮਾਰ। ਉਸ ਦੀਆਂ ਅੱਖਾਂ ਦੇ ਇਸ਼ਾਰਿਆਂ ਨੇ, ਮੈਨੂੰ (ਇਹ ਗੱਲ) ਦਸੀ ਹੋਈ ਹੈ।

**ਪੰਜਾਬੀ ਉਲਥਾ–**

ਸੁੰਦਰ ਸੋਹਣੀ ਚਾਲ ਓਹੀ ਹੈ, ਜੋ ਸਾਹਿਬ ਵਲ ਜਾਂਦੀ ਏ।
ਜੀਭ ਸੁਹਾਵੀ ਸੁੰਦਰ ਸੋਈ, ਜੋ ਵਾਹਿਗੁਰੂ ਨਾਮ ਧਿਆਂਦੀ ਏ।
ਜਿਸ ਵਲ ਵੇਖਣ ਮੇਰੀਆਂ ਅੱਖਾਂ ਦਿਸੇ ਬਿਨਾਂ ਨ ਉਸਦੇ ਹੋਰ,
ਹਰ ਵੇਲੇ ਹੀ ਮੂਰਤਿ ਉਸ ਦੀ ਅੱਖਾਂ ਵਿਚ ਰਹਾਂਦੀ ਏ।
ਗੁਰੂ ਪੂਰੇ ਦੀ ਕ੍ਰਿਪਾ ਸੇਤੀ ਮੈਨੂੰ ਖਬਰ ਸੁ ਅੰਤ ਹੁਈ,
ਸਦ ਹੀ ਜਿੰਦ ਦੁਨੀਦਾਰਾਂ ਦੀ ਗ਼ਮਾਂ ਦੇ ਵਿਚ ਫਸਾਂਦੀ ਏ।
ਧਨ ਉਹ ਸੰਤ ਦਿਲਾਂ ਦਾ ਮਾਲਕ ਬਬੇਕੀ ਬ੍ਰਹਮ ਗਜਾਨੀ ਹੈ,
ਸਤਸੰਗਤ ਦੇ ਦਰ ਦੀ ਥਾਂ ਜੋ ਮਸਤਕ ਨਿਤ ਘਸਾਂਦੀ ਏ।
ਦੇ ਕੁਰਬਾਨੀ ਸਿਰ ਆਪਣੇ ਦੀ ਕੂਚੇ ਪ੍ਰੀਤਮ ਵਿਚ ਗਿਰੀਂ ਨਾ,
ਨੈਣਾਂ ਨਾਲ ਇਸ਼ਾਰਤ ਉਸਦੀ ਗੋਯਾ ਨਿਤ ਫੁਰਮਾਂਦੀ ਏ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੨੬

**ਹਜ਼ਾਰ ਤਖ਼ਤ ਮੁਰੱਸਿਹ ਫ਼ਿਤਾਦਾ ਦਰ ਰਾਹ ਅੰਦ।**
**ਕਲੰਦਰਾਨਿ ਤੋ ਤਾਜੋ ਨਗੀਂ ਨਮੇ ਖ਼੍ਵਾਹੰਦ॥੧॥**

{ਮੁਰੱਸਿਹ=ਨਗਾਂ ਨਾਲ ਖੱਚਤ ਕੀਤੇ ਹੋਏ, ਜੜਾਊ। ਫ਼ਿਤਾਦਾ=ਟਿਕੇ ਹੋਏ। ਦਰ ਰਾਹ ਅੰਦ=ਰਾਹ ਦੇ ਵਿਚਾਲੇ। ਕਲੰਦਰਾਨਿ=ਫ਼ਕੀਰ। ਤੋ=ਤੇਰੇ। ਤਾਜੋ ਨਗੀਂ=ਤਾਜ ਤੇ ਨਗੀਨੇ। ਨਮੇ ਖ਼੍ਵਾਹੰਦ=ਨਹੀਂ ਚਾਹੁੰਦੇ ਹਨ।}

*ਅਰਥ*—ਹਜ਼ਾਰਾਂ ਜੜਾਊ ਤਖ਼ਤ ਰਾਹ ਦੇ ਵਿਚਾਲੇ ਪਏ ਹੋਏ ਹਨ। ਤੇਰੇ ਫ਼ਕੀਰ ਤਾਜ ਤੇ ਨਗੀਨੇ ਨਹੀਂ ਚਾਹੁੰਦੇ ਹਨ।

**ਫ਼ਨਾ ਪਜ਼ੀਰ ਬਵਦ ਹਰ ਚਿ ਹਸਤ ਦਰ ਆਲਮ।**
**ਨ ਆਸ਼ਕਾਂ ਕਿ ਜ਼ਿ ਅਸਰਾਰ ਇਸ਼ਕ ਆਗਾਹ ਅੰਦ॥੨॥**

{ਫ਼ਨਾ ਪਜ਼ੀਰ=ਬਿਨਸਨਹਾਰ। ਬਵਦ=ਹੈਗਾ ਹੈ। ਹਰ ਚਿ=ਜੋ ਕੁਝ ਭੀ। ਹਸਤ=ਹੈ। ਦਰ ਆਲਮ=ਜਗਤ ਵਿਚ। ਆਸ਼ਕਾਂ=ਪ੍ਰੇਮੀ। ਕਿ=ਜੋ। ਜ਼ਿ=(ਅਜ਼) ਤੋਂ। ਅਸਰਾਰ=ਭੇਦਾਂ। ਇਸ਼ਕ=ਪ੍ਰੇਮ। ਆਗਾਹ ਅੰਦ=ਜਾਣੂ ਹੈ।}

*ਅਰਥ*—ਜੋ ਕੁਝ ਭੀ ਜਗਤ ਦੇ ਵਿਚ ਹੈ, ਸਭ ਕੁਝ ਨਾਸ ਹੋ ਜਾਣ ਵਾਲਾ ਹੈ। ਉਹ ਪ੍ਰੇਮੀ ਨਹੀਂ ਹੈ, ਜੋ ਪ੍ਰੇਮ ਦੇ ਭੇਦਾਂ ਦਾ ਜਾਣੂ ਹੈ।

**ਤਮਾਮ ਚਸ਼ਮਿ ਤਵਾਂ ਸ਼ੁਦ ਪਸੇ ਨਿਜ਼ਾਰਾ ਏ ਓ।**
**ਹਜ਼ਾਰ ਸੀਨਹ ਬ ਸੌਦਾਇ ਹਿਜਰ ਮੇ ਕਾਹੰਦ॥੩॥**

{ਤਮਾਮ=ਸਾਰੀਆਂ। ਚਸ਼ਮਿ=ਅੱਖਾਂ। ਤਵਾਂ=(ਤਵਾਨ)। ਸ਼ੁਦ=ਹੋਈਆਂ ਹਨ। ਪਸੇ= ਵੇਖਣਾ। ਨਿਜ਼ਾਰਾ=ਦਰਸ਼ਨ। ਓ=ਉਸਦੇ। ਸੀਨਹ=ਛਾਤੀਆਂ। ਬ=ਸਾਥ, ਨਾਲ। ਸੌਦਾਇ= ਸੌਦਾਈ। ਹਿਜਰ=ਵਿਛੋੜੇ। ਮੇ ਕਾਹੰਦ=ਧੁਖ ਰਹੇ ਹਨ।}

*ਅਰਥ*—ਸਾਰੀਆਂ ਅੱਖਾਂ ਖੁਲ੍ਹੀਆਂ ਹੋਈਆਂ ਹਨ, ਉਸਦਾ ਦਰਸ਼ਨ ਵੇਖਣ ਵਾਸਤੇ। ਹਜ਼ਾਰਾਂ ਸੌਦਾਈ ਛਾਤੀਆਂ ਉਸਦੇ ਵਿਛੋੜੇ ਵਿਚ ਧੁਖ ਰਹੀਆਂ ਹਨ।

**ਤਮਾਮ ਦੌਲਤਿ ਦੁਨੀਆ ਬਯਕ ਨਿਗਹ ਬਖਸ਼ੰਦ।**
**ਯਕੀਂ ਬਿਦਾਂ ਕਿ ਗਦਾਯਾਨਿ ਓ ਸ਼ਹਨਿਸ਼ਾਹੰਦ॥੪॥**



Sri Satguru Jagjit Singh Ji eLibrary NamdhariElibrary@gmail.com

{ਤਮਾਮ=ਸਾਰੀ। ਬਾਯਕ=ਇਕ ਨਾਲ। ਨਿਗਹ=ਨਜ਼ਰ। ਬਖਸ਼ੰਦ=ਬਖਸ਼ਦੇ ਹਨ। ਯਕੀਂ=ਯਕੀਨ, ਨਿਸਚਾ, ਭਰੋਸਾ। ਬਿਦਾਂ=(ਬਿਦਾਨ) ਕਰ, ਰਖ। ਕਿ=ਜੋ। ਗਦਾਯਾਨਿ=ਮੰਗਤਾ। ਸ਼ਹਨਿਸ਼ਾਹੰਦ=ਬਾਦਸ਼ਾਹਾਂ ਦਾ ਬਾਦਸ਼ਾਹ ਹੈ।}

*ਅਰਥ*—ਦੁਨੀਆਂ ਦੀ ਸਾਰੀ ਦੌਲਤ, ਇਕ ਨਜ਼ਰ ਨਾਲ ਬਖਸ਼ ਦੇਂਦੇ ਹਨ। ਨਿਸਚਾ ਰਖ, ਜੋ ਉਸਦੇ (ਦਰ ਦਾ) ਮੰਗਤਾ (ਦੁਨੀਆਂ ਦੇ) ਬਾਦਸ਼ਾਹਾਂ ਦਾ ਬਾਦਸ਼ਾਹ ਹੈ।

**ਹਮੇਸ਼ਾਂ ਸੁਹਬਤੇ ਮਰਦਾਨਿ ਹੱਕ ਤਸਬ ਗੋਯਾ।**
**ਕਿ ਤਾਲਬਾਨਿ ਖ਼ੁਦਾ ਵਾਸਲਾਨਿ ਅੱਲਾਹ ਅੰਦ ॥੫॥**

{ਸੁਹਬਤੇ=ਸੰਗਤ, ਮਿਲਾਪ। ਮਰਦਾਨਿ=ਮਰਦਾਂ (ਭਾਵ=ਸੰਤਾਂ) ਦੀ। ਹੱਕ= ਸੱਚ, ਵਾਹਿਗੁਰੂ। ਤਬਲ=ਇੱਛਾ ਰਖ ਜਾਂ (੨) ਲਭ। ਤਾਲਬਾਨਿ=ਇੱਛਾ ਵਾਲੇ (੨) ਲਭਣ ਵਾਲੇ। ਵਾਸਲਾਨਿ=ਵਸਤ ਕਰਦੇ ਹਨ, ਅਭੇਦ ਹੁੰਦੇ ਹਨ। ਅੱਲਾਹ ਅੰਦ=ਰੱਬ ਨਾਲ।}

*ਅਰਥ*—ਹੇ ਗੋਯਾ! ਰੱਬ ਦੇ ਮਰਦਾਂ (ਸੰਤਾਂ) ਦੀ ਸੰਗਤ ਨੂੰ ਸਦਾ ਹੀ ਲੱਭ। (ਕਿਉਂ) ਜੋ ਰੱਬ ਦੀ ਇੱਛਾ ਵਾਲੇ ਹਨ, ਉਹ ਰੱਬ ਨਾਲ ਅਭੇਦ ਮਿਲ ਜਾਂਦੇ ਹਨ।

SIKHBOOKCLUB.COM

**ਪੰਜਾਬੀ ਉਲਥਾ–**

ਤਖ਼ਤ ਹਜ਼ਾਰ ਜੜਾਊ ਜੇਕਰ, ਰਾਹ ਪ੍ਰੀਤਮ ਵਿਚ ਹੋਵਨ ਜੇ,
ਪ੍ਰੀਤਮ ਦਰ ਦੇ ਮੰਗਤੇ ਤਾਈਂ, ਤਾਜ ਹੀਰਿਆਂ ਚਾਹ ਨਹੀਂ।
ਨਾਸਵੰਤ ਹੈ, ਜੋ ਕੁਝ ਦਿਸਦਾ ਵਿਚ ਜਗਤ ਦੇ ਸਾਰੇ,
ਪ੍ਰੀਤਮ ਭੇਦ ਜਾਣੇ ਜੋ ਪ੍ਰੇਮੀ, ਮਰਣਾ ਉਸਦਾ ਰਾਹ ਨਹੀਂ।
ਦੇਹ ਸਾਰੀ ਹੋ ਅਖੀਆਂ ਜਾਵਣ, ਦਰਸ ਸਾਂਈਂ ਦਾ ਵੇਖਣ,
ਦਰਦ ਫਿਰਾਕ ਜਲੇ ਨਿਤ ਛਾਤੀ, ਮਿਟਦੀ ਕਦੇ ਭੀ ਦਾਹ ਨਹੀਂ।
ਦੌਲਤ ਸਾਰੀ ਦੁਨੀਆਂ ਸੰਦੀ, ਬਖਸ਼ਣ ਇਕ ਨਿਗਾਹੇ,
ਜਾਚਕ ਤੇਰਾ ਸ਼ਾਹਾਂ ਦਾ ਸ਼ਾਹ, ਇਸ 'ਚ ਕੋਈ ਸੰਸਾ ਨਹੀਂ।
ਸਦਾ ਲਭੇ ਸੰਗਤ ਸੰਤਾਂ ਦੀ, ਨੰਦ ਲਾਲ ਮੂੰਹ ਮੋੜੇ ਨਾ,
'ਸੰਤ ਅਨੰਤ' ਰੂਪ ਇਕ ਨਿਸਚੇ, ਜਾਣੋ ਕੋਈ ਦੂਜਾ ਨਹੀਂ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੨੭

**ਗਰ ਦਸਿਤ ਮਨ ਹਮੇਸ਼ਹ ਪਏਕਾਰ ਮੇਰਵਦ।**
**ਮਨ ਚੂੰ ਕੁਨਮ ਕਿ ਦਿਲ ਬਸੂਏ ਯਾਰ ਮੇਰਵਦ॥੧॥**

{ਗਰ=ਭਾਵੇਂ। ਦਸਿਤ=(ਦਸਤ) ਹੱਥ। ਮਨ=ਮੈਂ, ਮੇਰੇ। ਪਏਕਾਰ=ਕੰਮ ਵਾਸਤੇ। ਮੇਰਵਦ=ਜਾਂਦੇ ਹਨ। ਚੂੰ=ਕੀ। ਕੁਨਮ=ਕਰਾਂ। ਬਸੂਏ=ਤਰਫ, ਵਲ।}

*ਅਰਥ*—ਭਾਵੇਂ ਮੇਰੇ ਹੱਥ ਸਦਾ ਹੀ ਕੰਮ ਵਾਸਤੇ ਜਾਂਦੇ ਹਨ। (ਪਰ ਮੈਂ ਕੀ ਕਰਾਂ? (ਕਿਉਂ) ਜੋ ਮੇਰਾ ਮਨ ਯਾਰ ਵਲ ਹੀ ਜਾਂਦਾ ਹੈ।

**ਆਵਾਜਿ ਲਨਤਰਾਨੀ ਹਰ ਦਮ ਬ ਗੋਸ਼ੇ ਦਿਲ।**
**ਮੂਸਾ ਮਗਰ ਬ ਦੀਦਨੇ ਦੀਦਾਰ ਮੇਰਵਦ॥ ੨ ॥**

{ਲਨਤਰਾਨੀ=ਤੂੰ ਨਹੀਂ ਵੇਖ ਸਕੇਂਗਾ। ਬ ਗੋਸ਼ੇ=ਕੋਨੇ ਵਿਚ, ਨੁਕਰ ਵਿਚ, ਖੂੰਜੇ। ਮੂਸਾ=ਇਕ ਪੈਗੰਬਰ ਦਾ ਨਾਮ ਹੈ, ਜੋ ਤੂਰ ਪਹਾੜ ਉਤੇ ਰੱਬ ਦੇ ਦਰਸ਼ਨ ਕਰਨ ਲਈ ਜਾਂਦਾ ਸੀ। ਦੀਦਨੇ=ਵੇਖਣਾ। ਦੀਦਾਰ=ਦਰਸ਼ਨ।}

SIKHBOOKCLUB.COM

*ਅਰਥ*—ਅਵਾਜ਼ ਹੋ ਰਹੀ ਹੈ, 'ਤੂੰ ਨਹੀਂ ਵੇਖ ਸਕੇਂਗਾ।' ਦਿਲ ਦੇ ਕੋਨੇ ਵਿਚ ਹਰ ਵੇਲੇ। ਪਰ ਮੂਸਾ ਦਰਸ਼ਨ ਵੇਖਣ ਦੇ ਵਾਸਤੇ (ਤੂਰ ਉਤੇ ਹੀ) ਜਾਂਦਾ ਸੀ।

**ਈ ਦੀਦਹ ਨੇਸਤ ਆਂ ਕਿ ਅਜੋ ਅਸ਼ਕ ਮੇ ਚਿਕਦ।**
**ਜਾਮੇ ਮੁਹੱਬਤਸਤ ਕਿ ਸਰਸਾਰ ਮੇ ਰਵਦ॥੩॥**

{ਈਂ=ਏਹ। ਦੀਦਹ=ਅਖਾਂ। ਨੇਸਤ=ਨਹੀਂ ਹੈ। ਆਂ=ਉਹ। ਕਿ=ਜਿਨ੍ਹਾਂ। ਅਜ਼ੋ=ਸੇ ਵਿਚੋਂ। ਅਸ਼ਕ=ਅੱਥਰੂ, ਹੰਝੂ। ਮੇ ਚਿਕਦ=ਨਿਕਲੇ। ਜਾਮੇ=ਪਿਆਲਾ। ਮੁਹੱਬਤਸਤ=ਪਿਆਰ ਹੈ। ਸਰਸਾਰ=ਭਰ ਕੇ ਉਛਲਣਾ।}

*ਅਰਥ*—ਇਹ ਅੱਖਾਂ ਉਹ ਨਹੀਂ, ਜਿਨ੍ਹਾਂ ਦੇ ਅੱਥਰੂ ਨਿਕਲਦੇ ਹਨ। ਸਗੋਂ (ਇਹ) ਪਿਆਰ ਦਾ ਪਿਆਲਾ ਹੈ, ਜੋ ਉਛਲਦਾ ਜਾਂਦਾ ਹੈ।

**ਦਿਲਦਾਰੁ ਦਿਲ ਜ਼ਿ ਬਸ ਕਿ ਯਕੇ ਅੰਦ ਦਰ ਵਜੂਦ।**
**ਜਾਂ ਦਿਲ ਹਮੇਸ਼ਹ ਜਾਨਬੇ ਦਿਲਦਾਰ ਮੇਰਵਦ॥੪॥**



Sri Satguru Jagjit Singh Ji eLibrary NamdhariElibrary@gmail.com

{ਦਿਲਦਾਰੁ=ਪ੍ਰੀਤਮ। ਦਿਲ=ਪ੍ਰੇਮੀ ਦਾ ਮਨ। ਬਸ=ਦੋਵੇਂ। ਯਕੇ=ਇਕ। ਅੰਦ= ਹਨ। ਵਜੂਦ=ਸਰੀਰ। ਜਾਨਬੇ=ਤਰਫ਼ ਵਲ।}

*ਅਰਥ*—ਦਿਲ ਤੇ ਦਿਲਬਰ ਦੋਵੇਂ ਹੀ (ਮਨੁੱਖ) ਦੇਹ ਵਿਚ ਇਕ ਹਨ। (ਕਿਉਂਕਿ) ਉਹ ਦਿਲ ਹਮੇਸ਼ਾਂ ਹੀ ਦਿਲਬਰ ਵਲੇ ਜਾਂਦਾ ਹੈ।

**ਦਰ ਹਰ ਦੋ ਕੋਨ ਗਰਦਨਿ ਓ ਸਰ ਬੁਲੰਦ ਸ਼ੁਦ।**
**ਮਨਸੂਰ ਵਾਰ ਹਰ ਕਿ ਸੂਏ ਦਾਰ ਮੇਰਵਦ॥੫॥**

{ਦਰ=ਵਿਚ। ਹਰ ਦੋ=ਦੋਹਾਂ। ਕੋਨ=ਜਹਾਨਾਂ। ਗਰਦਨਿ=ਗਿੱਚੀ, ਧੌਣ, (ਭਾਵ=ਸਿਰ)। ਸਰ ਬੁਲੰਦ=ਉੱਚਾ। ਸ਼ੁਦ=ਹੋਯਾ ਹੈ। ਮਨਸੂਰ=ਇਕ ਪ੍ਰੇਮੀ ਦਾ ਨਾਮ ਹੈ। ਵਾਰ=ਵਾਂਗੂੰ। ਸੂਏ=ਤਰਫ, ਵਲ। ਦਾ=ਸੂਲੀ। ਮੇਰਵਦ=ਜਾਂਦਾ ਹੈ।}

*ਅਰਥ*—ਦੋਹਾਂ ਲੋਕਾਂ ਵਿਚ ਉਸੇ ਦੀ ਧੌਣ ਉੱਚੀ ਹੈ। (ਜੋ) ਮਨਸੂਰ ਵਾਂਗੂੰ ਸੂਲੀ ਦੇ ਵਲ ਜਾਂਦਾ ਹੈ।

**ਗੋਯਾ ਜ਼ਿ ਯਾਦਿ ਦੋਸਤ ਹਕੀਕੀ ਹਯਾਤ ਯਾਫ਼ਤ।**
**ਦੀਗਰ ਚਰਾ ਬ ਕੂਚਏ ਖ਼ੁੰਮਾਰ ਮੇਰਵਦ॥੬॥**

{ਯਾਦਿ=ਸਿਮਰਨ। ਦੋਸਤ=ਪ੍ਰੀਤਮ। ਹਕੀਕੀ=ਅਸਲੀ। ਹਯਾਤ=ਜੀਵਨ। ਯਾਫ਼ਤ=ਪਾ ਲਿਆ ਹੈ। ਦੀਗਰ=ਦੂਜਾ। ਚਿਰਾ=ਕਿਉਂ। ਕੂਚਏ=ਕੂਚੇ, ਗਲੀ। ਖ਼ੁੰਮਾਰ= ਕਲਾਲਾਂ। ਮੇਰਵਦ=ਜਾਵੇ।}

*ਅਰਥ*—ਨੰਦ ਲਾਲ ਨੇ ਪ੍ਰੀਤਮ ਦੇ ਸਿਮਰਨ ਤੋਂ ਅਸਲੀ ਜੀਵਨ ਪਾ ਲਿਆ ਹੈ। ਦੂਜੇ ਪਾਸੇ ਕਲਾਲਾਂ ਦੇ ਕੂਚੇ ਵਿਚ ਕਿਉਂ ਜਾਵੇ।

## ਪੰਜਾਬੀ ਉਲਥਾ-

ਕਾਰ ਵਿਹਾਰ ਜੋ ਦੁਨੀਆ ਵਾਲੇ ਹਥ ਸਦਾ ਹਨ ਕਰਦੇ,
ਪਰ ਦਿਲ ਸਾਡਾ ਗੁਰ ਚਰਨਾਂ ਸੰਗ ਹਰਦਮ ਜੁੜਨਾ ਕਰਦਾ।
ਹਰਦਮ ਅਨਹਦ ਵਾਜਾ ਵਜਦਾ ਦਿਲ ਦੇ ਵਿਚ ਇਕ ਨੁਕਰੇ,
ਮੂਸਾ ਦਰਸ ਕਰਨ ਦੀ ਖਾਤਰ ਤੂਰ ਤੇ ਜਾਵਣ ਕਰਦਾ।
ਅੱਖਾਂ ਏਹ ਨਹੀਂ ਹਨ ਭਾਈ ਹੰਝੂ ਜਿਨ੍ਹਾਂ ਤੋਂ ਨਿਕਲਣ,
ਭਰਿਆ ਪ੍ਰੇਮ ਪਿਆਲਾ ਮਾਣੋ ਹਰਦਮ ਉਛਲਣ ਕਰਦਾ।



Sri Satguru Jagjit Singh Ji eLibrary NamdhariElibrary@gmail.com

ਦਿਲ ਤੇ ਦਿਲਬਰ ਦੋ ਹਨ ਨਾਹੀ ਇਕੋ ਹਨ ਤਨ ਅੰਦਰ,
ਦਿਲਬਰ ਤੇ ਦਰਸ਼ਨ ਦੀ ਖਾਤਰ ਦਿਲ ਨਿਤ ਜਾਵਣ ਕਰਦਾ।
ਗਰਦਨ ਤੇ ਸਿਰ ਉੱਚਾ ਉਸਦਾ ਦੋਹੂੰ ਲੋਕ ਦੇ ਅੰਦਰ,
ਸ਼ਾਹ ਮਨਸੂਰ ਵਾਂਗ ਜੋ ਪ੍ਰੇਮੀ ਪੈਰ ਸੂਲੀ ਵਲ ਕਰਦਾ।
ਗੋਯਾ ਯਾਦ ਪ੍ਰੀਤਮ ਦੀ ਤੋਂ ਅਸਲੀ ਜੀਵਨ ਪਾਇਆ,
ਮੈ-ਖਾਨੇ ਦੇ ਕੂਚੇ ਵਲੇ ਕਿਉਂ ਜਾਵਣ ਨੂੰ ਕਰਦਾ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੨੮

**ਕੀਸਤ ਇਮ ਰੋਜ਼ ਕਿ ਸ਼ੌਦਾਇ ਨਿਗਾਰੇ ਦਾਰਦ।**
**ਬਾਦਸ਼ਾਹਤ ਦਰ ਈਂ ਦਹਿਰ ਕਿ ਯਾਰੇ ਦਾਰਦ॥੧॥**

{ਕੀਸਤ=(ਕੀ+ਅਸਤ) ਕਿਹੜਾ ਹੈ। ਇਮ ਰੋਜ਼=ਅੱਜ ਦਿਨ। ਕਿ=ਜੋ। ਸ਼ੌਦਾਇ=ਝੱਲਪੁਣਾ, ਸ਼ੌਦਾਈ। ਨਿਗਾਰੇ=ਪ੍ਰੀਤਮ ਦਾ। ਦਾਰਦ=ਰੱਖਦਾ ਹੈ। ਬਾਦਸ਼ਾਹਤ=ਬਾਦਸ਼ਾਹ ਹੈ। ਈਂ ਦਹਿਰ=ਇਸ ਜਗਤ। ਦਰ=ਵਿਚ।}

*ਅਰਥ*—ਕਿਹੜਾ ਹੈ ਅੱਜ ਦੇ ਦਿਨ ਜੋ ਪ੍ਰੀਤਮ ਦਾ ਸ਼ੌਦਾਪਨ ਰੱਖਦਾ ਹੈ। (ਉਹ) ਇਸ ਜਗਤ ਵਿਚ ਬਾਦਸ਼ਾਹ ਹੈ, ਜੋ ਯਾਰ ਰੱਖਦਾ ਹੈ।

**ਦਾਨਮ ਐ ਸ਼ੇਖ ਕਿ ਖ਼ੂਨੇ ਦੋ ਜਹਾਂ ਖਾਹਦ ਰੇਖ਼ਤ।**
**ਚਸ਼ਮਿ ਮਸਤੇ ਤੋ ਕਿ ਇਮ ਰੋਜ਼ ਖ਼ੁਮਾਰੇ ਦਾਰਦ॥੨॥**

SIKHBOOKCLUB.COM

{ਦਾਨਮ=ਜਾਣਦਾ ਹਾਂ ਮੈਂ। ਜਹਾਂ=ਜਹਾਨ, ਲੋਕ। ਖਾਹਦ ਰੇਖਤ=ਕਰ ਦੇਵੇਗੀ। ਚਸ਼ਮਿ=ਅੱਖ। ਖ਼ੁਮਾਰੇ=ਮਸਤੀ। ਦਾਰਦ=ਰਖਦੀ ਹੈ।}

*ਅਰਥ*—ਹੇ ਸ਼ੇਖ! ਮੈਂ ਜਾਣਦਾ ਹਾਂ, ਜੋ ਦੋਹਾਂ ਲੋਕਾਂ ਦਾ ਖ਼ੂਨ ਕਰ ਦੇਵੇਗੀ। (ਕਿਉਂਕਿ) ਤੇਰੀ ਮਸਤ ਅੱਖ, ਅੱਜ ਦੇ ਦਿਨ ਮਸਤੀ ਰਖਦੀ ਹੈ।

**ਦਾਮਨੇ ਚਸ਼ਮਿ ਮਰਾ ਖ਼ੂਨੇ ਜਿਗਰ ਰੰਗੀਂ ਕਰਦ।**
**ਦਿਲੇ ਦੀਵਾਨਾ ਏ ਮਾ ਤੁਰਫਾ ਬਹਾਰੇ ਦਾਰਦ॥੩॥**

{ਦਾਮਨੇ=ਪੱਲੇ ਨੇ, ਕਪੜੇ ਦੀ ਕੰਨੀ ਨੇ। ਚਸ਼ਮਿ=ਅੱਖ ਦੇ। ਮਰਾ=ਮੇਰੇ। ਖ਼ੂਨੇ=ਲਹੂ ਨੇ। ਰੰਗੀਂ=ਰੰਗੀਨ, ਰੰਗ ਵਾਲਾ (ਭਾਵ=ਲਾਲ)। ਕਰਦ=ਕਰ ਦਿਤਾ ਹੈ। ਮਾ=ਮੇਰਾ। ਤਰਫਾ=ਅਸਚਰਜ, ਅਜਬ। ਦਾਰਦ=ਰਖਦਾ ਹੈ।}

*ਅਰਥ*—(ਪ੍ਰੀਤਮ ਦੀ) ਅੱਖ ਦੇ ਪੱਲੇ (ਭਾਵ-ਅੱਖ ਦੀ ਪਲਕ) ਨੇ ਮੇਰੇ ਜਿਗਰ ਨੂੰ ਲਹੂ ਦੇ ਰੰਗ ਵਾਲਾ (ਭਾਵ-ਲਾਲ) ਕਰ ਦਿਤਾ ਹੈ। ਮੇਰਾ ਮਸਤਾਨਾ ਦਿਲ (ਹੁਣ) ਅਜਬ ਬਹਾਰਾਂ ਰਖਦਾ ਹੈ।



Sri Satguru Jagjit Singh Ji eLibrary NamdhariElibrary@gmail.com

**ਸਾਯਾ ਏ ਤੂਬਏ ਫਿਰਦੌਸ ਨ ਖ਼ਾਹਦ ਹਰਗਿਜ਼।**
**ਹਰ ਚਿ ਮਨਸੂਰ ਸਿਫਤ ਸਾਯਾ ਏ ਦਾਰੇ ਦਾਰਦ॥ ੪ ॥**

{ਸਾਯਾ=ਪ੍ਰਛਾਵਾਂ। ਤੂਬਏ=ਕਲਪ ਬ੍ਰਿਛ। ਫਿਰਦੌਸ=ਸੁਰਗ, ਬਹਿਸ਼ਤ। ਖ਼ਾਹਦ= ਚਾਹੁੰਦਾ। ਹਰਗਿਜ਼=ਕਦੇ ਭੀ। ਹਰ ਚਿ=ਜੋ ਕਿ। ਸਿਫ਼ਤ=ਵਾਂਗੂੰ। ਦਾਰੇ=ਸੂਲੀ ਦਾ।}

*ਅਰਥ*—(ਉਹ ਪੁਰਸ਼) ਸੁਰਗ ਦੇ ਕਲਪ ਬ੍ਰਿਛ ਦੇ ਪ੍ਰਛਾਵੇਂ ਨੂੰ ਕਦੇ ਭੀ ਨਹੀਂ ਚਾਹੁੰਦਾ। ਜੋ ਕਿ ਮਨਸੂਰ ਵਾਂਗੂੰ ਸੂਲੀ ਦੇ ਪ੍ਰਛਾਵੇਂ (ਨੂੰ ਪ੍ਰਾਪਤ) ਰਖਦਾ ਹੈ।

**ਰੂਇ ਗੁਲਗੂਨਿ ਖ਼ੁਦ ਐ ਸ਼ਮਅ ਬਰ ਅਫ਼ਰੋਜ ਦਮੇ।**
**ਦਿਲੇ ਪਰਵਾਨਹ ਓ ਬੁਲਬੁਲ ਬ ਤੋ ਕਾਰੇ ਦਾਰਦ॥ ੫ ॥**

{ਰੂਇ=ਚੇਹਰਾ, ਮੂੰਹ। ਗੁਲਗੂਨਿ=ਫੁਲ ਵਰਗਾ। ਖ਼ੁਦ=ਆਪਣਾ। ਐ=ਹੇ, (ਸੰਬੋਧਨ ਵਾਕ)। ਸ਼ਮਅ=ਦੀਵਾ, ਬੱਤੀ। ਅਫ਼ਰੋਜ਼=ਚਮਕਾ, ਰੋਸ਼ਨ ਕਰ। ਦਮੇ=ਇਕ ਛਿਨ। ਬਰ=ਵਾਸਤੇ। ਪਰਵਾਨਹ=ਪਤੰਗਾ, ਭੰਬਟ। ਓ=ਅਤੇ। ਬ ਤੋ=ਨਾਲ ਤੇਰੇ। ਕਾਰੇ=ਕੰਮ।}

*ਅਰਥ*—ਹੇ ਦੀਵੇ! (ਤੂੰ) ਆਪਣੇ ਫੁਲ ਵਰਗੇ ਚੇਹਰੇ ਨੂੰ ਇਕ ਛਿਨ ਵਾਸਤੇ ਚਮਕਾ (ਰੋਸ਼ਨ ਕਰ)। (ਕਿਉਂਕਿ) ਭੰਬਟ ਅਤੇ ਬੁਲਬੁਲ (ਵਰਗਾ ਮੇਰਾ) ਦਿਲ ਤੇਰੇ ਨਾਲ ਕੰਮ ਰਖਦਾ ਹੈ।

SIKHBOOKCLUB.COM

**ਬਹਰਿ ਦੀਵਾਨਹ ਅਗਰ ਸਿਲਸਿਲਹ ਹਾ ਮੇ ਸਾਜ਼ੰਦ।**
**ਦਿਲੇ 'ਗੋਯਾ' ਬ ਖ਼ਮੇ ਜ਼ੁਲਫ ਕਰਾਰੇ ਦਾਰਦ॥ ੬ ॥**

{ਬਹਰਿ=ਵਾਸਤੇ। ਦੀਵਾਨਹ=ਕਮਲਾ, ਸ਼ੌਦਾਈ। ਅਗਰ=ਜੇਕਰ। ਸਿਲਸਿਲਹ ਹਾ=ਜੰਜੀਰਾਂ। ਮੇ ਸਾਜ਼ੰਦ=ਬਣਾਉਂਦੇ ਹਨ। ਬ=ਸਾਬ। ਖ਼ਮੇ=ਟੇਡਾਪਨ, ਵਿੰਗ। ਕਰਾਰੇ= ਟਿਕਾਨਾ।}

*ਅਰਥ*—ਜੇਕਰ ਦੀਵਾਨੇ ਵਾਸਤੇ ਜੰਜੀਰਾਂ ਬਣਾਉਂਦੇ ਹਨ (ਤਾਂ) ਨੰਦ ਲਾਲ ਦਾ ਦਿਲ ਜ਼ੁਲਫਾਂ ਦੇ ਕੁੰਡਲਾਂ ਨਾਲ ਟਿਕਾਣਾ ਰਖਦਾ ਹੈ।



Sri Satguru Jagjit Singh Ji eLibrary NamdhariElibrary@gmail.com

### ਪੰਜਾਬੀ ਉਲਥਾ-

ਕਿਹੜਾ ਹੈ ਲਟਬੌਰਾ ਜੱਗ ਵਿਚ, ਜੋ ਤ੍ਰਾਸ ਮਾਹੀ ਦਾ ਰਖਦਾ ਹੈ।
ਬਾਦਸ਼ਾਹ ਦੋਹੁੰ ਲੋਕਾਂ ਦਾ ਉਹ, ਜੋ ਦਾਸ ਮਾਹੀ ਦਾ ਰਖਦਾ ਹੈ।
ਦੋਹੁੰ ਲੋਕਾਂ ਦਾ ਖ਼ੂਨ ਕਰੇਗੀ, ਸਮਝਿਆ ਹੁਣ ਇਸ ਗੱਲ ਨੂੰ ਮੈਂ,
ਮਸਤ ਨੈਣ ਜੋ ਤੇਰੇ ਮਾਹੀ, ਸੋ ਵਾਸ ਫਾਹੀ ਦਾ ਰਖਦਾ ਹੈ।
ਨੈਣ ਤੇਰੇ ਦੇ ਪੱਲੂ ਕਰਕੇ, ਲਹੂ ਜਿਗਰ ਦਾ ਹੋਯਾ ਲਾਲ,
ਦਿਲ ਦੀਵਾਨਾ ਮੇਰਾ ਅੱਜ ਉਹ, ਜੋ ਅਜਬ ਬਹਾਰਾਂ ਰਖਦਾ ਹੈ।
ਸ੍ਵਰਗ ਲੋਕ ਦੇ ਕਲਪ ਬ੍ਰਿਛ ਦੀ ਹਰਗਿਜ਼ ਰਖਦਾ ਚਾਹ ਨਹੀਂ,
ਜੋ ਮਨਸੂਰ ਸ਼ਾਹ ਦੇ ਵਾਂਙੂੰ ਸਾਯਾ ਸੂਲੀ ਦਾ ਰਖਦਾ ਹੈ।
ਫੁਲ ਵਰਗਾ ਜੋ ਸੁੰਦਰ ਮੁਖੜਾ ਹੇ ਬੱਤੀ! ਚਮਕਾਓ ਜ਼ਰਾ,
ਦਿਲ ਪਰਵਾਨਾ ਬੁਲਬੁਲ ਵਾਂਗੂੰ ਕਾਰ ਤੇਰੇ ਸੰਗ ਰਖਦਾ ਹੈ।

SIKHBOOKCLUB.COM


Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੨੯

**ਕਸੇ ਬਹਾਲੇ ਗ਼ਰੀਬਾਨੇ ਬੇਨਵਾ ਨ ਰਸੱਦ।**
**ਰਸੀਦੇਮ ਬ ਜਾਏ ਕਿ ਬਾਦਸ਼ਾਹ ਨ ਰਸੱਦ॥ ੧॥**

{ਕਸੇ=ਕੋਈ ਆਦਮੀ। ਬਹਾਲੇ=ਹਾਲਤ ਉਤੇ। ਗ਼ਰੀਬਾਨੇ=ਗਰੀਬਾਂ ਦੀ। ਬੇਨਵਾ=ਮੰਗਣ ਵਾਲੇ, ਮੰਗਤੇ। ਰਸਦ=ਪਹੁੰਚਣਾ। ਰਸੀਦੇਮ=ਪੁਜਾ ਹਾਂ ਮੈਂ। ਬ ਜਾਏ=ਜਗ੍ਹਾ ਉਤੇ।}

*ਅਰਥ*—ਕੋਈ ਭੀ ਆਦਮੀ ਮੰਗਤੇ ਗਰੀਬਾਂ ਦੇ ਹਾਲ ਉਤੇ ਨਹੀਂ ਪੁਜ ਸਕਦਾ। ਮੈਂ (ਉਸ) ਜਗ੍ਹਾ ਉਤੇ ਪੁਜ ਗਿਆ ਹਾਂ, ਜਿਥੇ ਬਾਦਸਾਹ ਨਹੀਂ ਪੁਜ ਸਕਦਾ।

**ਹਜ਼ਾਰ ਖੁਲਦੇ ਬਰੀਂ ਰਾ ਬ ਨੀਮ ਜੌ ਨ ਖਰੰਦ।**
**ਅਜ਼ਾ ਕਿ ਹੇਚ ਬਦਾਂ ਕੂਏ ਦਿਲਰੁਬਾ ਨ ਰਸੱਦ॥ ੨॥**

{ਖ਼ੁਲਦੇ=ਸ੍ਵਰਗ, ਬਹਿਸ਼ਤ। ਬਰੀਂ=ਉਚੇ। ਰਾ=ਨੂੰ। ਬ=ਤੋਂ। ਨੀਮ ਜੌ=ਅੱਧਾ ਜੌਂ, (ਜੌਂ ਇਕ ਤਰ੍ਹਾਂ ਦਾ ਅੰਨ, ਜੋ ਕਣਕ ਦੇ ਨਾਲ ਮਿਲਦਾ ਜੁਲਦਾ ਹੈ, ਪਰ ਤਾਸੀਰ ਵਿਚ ਠੰਡਾ, ਛੇਤੀ ਹਜ਼ਮ ਹੋਣ ਵਾਲਾ ਤੇ ਪਵਿੱਤ੍ਰ ਮੰਨਿਆ ਜਾਂਦਾ ਹੈ)। ਖਰੰਦ=ਖਰੀਦਣਾ, ਮੁਲ ਲੈਣਾ। ਅਜ਼ਾ=(ਅਜ਼+ਆਂ) ਉਨ੍ਹਾਂ ਨਾਲ। ਹੇਚ=ਕੁਝ ਭੀ। ਬਦਾਂ=ਪੁਜਣਾ, ਜਾਣਾ, ਜਾਂਦਾ। ਕੂਏ= ਕੂਚੇ ਵਿਚ। ਦਿਲਰੁਬਾ=ਮਿੱਤ੍ਰ, ਪ੍ਰੀਤਮ।}

*ਅਰਥ*—ਹਜ਼ਾਰਾਂ ਉੱਚੇ ਸ੍ਵਰਗਾਂ ਨੂੰ (ਉਹ) ਅੱਧੇ ਜੌਂ ਤੋਂ ਭੀ ਖਰੀਦਦੇ ਨਹੀਂ ਹਨ। (ਕਿਉਂ) ਜੋ ਉਨ੍ਹਾਂ ਨਾਲ ਪ੍ਰੀਤਮ ਦੇ ਕੂਚੇ ਵਿਚ ਕੁਝ ਭੀ ਨਹੀਂ ਜਾ ਸਕਦਾ।

**ਤਬੀਬੇ ਇਸ਼ਕ ਚੁਨੀਂ ਗੁਫ਼ਤਾ ਅਸਤ ਮੇ ਗੋਯੰਦ।**
**ਬ ਹਾਲਿ ਦਰਦਿ ਗ਼ਰੀਬਾਂ ਬ ਜੁਜ਼ ਖ਼ੁਦਾ ਨ ਰਸੱਦ॥ ੩॥**

{ਤਬੀਬੇ=ਹਕੀਮ ਨੇ। ਚੁਨੀਂ=ਇਸ ਤਰ੍ਹਾਂ। ਗੁਫ਼ਤਾ ਅਸਤ=ਆਖਿਆ ਹੈ। ਮੇ ਗੋਯੰਦ=ਕਹਿੰਦੇ ਹਨ। ਬ ਜੁਜ਼ ਖ਼ੁਦਾ=ਰੱਬ ਤੋਂ ਬਿਨਾਂ।}

*ਅਰਥ*—ਇਸ਼ਕ ਦੇ ਹਕੀਮਾਂ ਨੇ ਇਸ ਤਰ੍ਹਾਂ ਆਖਿਆ ਹੈ, ਕਹਿੰਦੇ ਹਨ-ਗਰੀਬ ਦੇ ਦੁੱਖ ਦੇ ਹਾਲ ਉਤੇ ਰੱਬ ਤੋਂ ਬਿਨਾਂ (ਹੋਰ ਕੋਈ) ਨਹੀਂ ਪਹੁੰਚ ਸਕਦਾ।

**ਬਰਾਏ ਰੌਸਨੀਏ ਚਸ਼ਮਿ ਦਿਲ ਅਗਰ ਖ਼ਾਹੀ।**



Sri Satguru Jagjit Singh Ji eLibrary NamdhariElibrary@gmail.com

## ਬਖ਼ਾਕਿ ਦਰਗਹੇ ਓ ਹੇਚ ਕੀਮੀਆ ਨ ਰਸੱਦ॥ ੪॥

{ਬਰਾਏ=ਵਾਸਤੇ। ਅਗਰ=ਜੇਕਰ। ਖ਼ਾਹੀ=ਤੂੰ ਚਾਹੁੰਦਾ ਹੈਂ। ਬ=ਸਮਾਨ। ਖ਼ਾਕਿ=ਧੂੜੀ। ਦਰਗਹੇ=ਦਲੀਜਾਂ, ਬੂਹੇ। ਓ=ਉਸਦੇ। ਹੇਚ=ਕੋਈ। ਕੀਮੀਆ=ਮਮੀਰਾ, (ਇਕ ਤਰ੍ਹਾਂ ਦੀ ਬੂਟੀ, ਜੋ ਅੱਖਾਂ ਦੀ ਬੀਨਾਈ ਵਾਸਤੇ ਬਹੁਤ ਮੁਫ਼ੀਦ ਮੰਨੀ ਗਈ ਹੈ।}

*ਅਰਥ*—ਜੇਕਰ ਦਿਲ ਦੀਆਂ ਅੱਖਾਂ ਦੀ ਰੌਸ਼ਨੀ ਤੂੰ ਚਾਹੁੰਦਾ ਹੈਂ। (ਤਾਂ) ਉਸ ਦੇ ਦਰ ਦੀ ਖ਼ਾਕ ਸਮਾਨ ਕੋਈ ਮਮੀਰਾ ਨਹੀਂ ਪੁਜ ਸਕਦਾ।

## ਬ ਯਾਦਿ ਦੋਸਤ ਤਵਾਂ ਉਮਰ ਰਾ ਬਸਰ ਬੁਰਦਨ।
## ਕਿ ਦਰ ਬਰਾਬਰੇ ਊ ਹੇਚ ਕੀਮੀਆ ਨ ਰਸੱਦ॥ ੫॥

{ਬ ਯਾਦਿ=ਯਾਦ ਵਿਚ। ਦੋਸਤ=ਮਿੱਤ੍ਰ। ਤਵਾਂ=ਚਾਹੀਦੀ ਹੈ। ਬਸਰ ਬਰਦਨ=ਗੁਜ਼ਾਰ ਦੇਣਾ। ਊ=ਉਸਦੇ। ਹੇਚ=ਕੋਈ। ਕੀਮੀਆ=ਰਸਾਇਣ (ਅਕਸੀਰ, ਪਾਰੇ ਨਾਲ ਤਾਂਬੇ ਨੂੰ ਸੋਨਾ ਬਣਾ ਦੇਣ ਦਾ ਨਾਮ ਰਸਾਇਣ ਹੈ)।}

*ਅਰਥ*—ਮਿੱਤਰ ਦੀ ਯਾਦ ਵਿਚ ਹੀ ਸਾਰੀ ਉਮਰ ਨੂੰ ਗੁਜ਼ਾਰ ਦੇਣਾ ਚਾਹੀਦਾ ਹੈ। (ਕਿਉਂਕਿ) ਜੋ ਉਸਦੇ ਦਰ (ਦੀ ਖ਼ਾਕ ਦੇ) ਬਰਾਬਰ (ਹੋਰ) ਕੋਈ ਰਸਾਇਣ ਨਹੀਂ ਪੁਜ ਸਕਦੀ।

SIKHBOOKCLUB.COM

## ਤਮਾਮ ਦੌਲਤਿ ਗੇਤੀ ਫ਼ਿਦਾਏ ਖ਼ਾਕਿ ਦਰਸ਼।
## ਕਿ ਤਾ ਫਿਦਾਸ਼ ਨ ਗਰਦਦ ਕਸੇ ਬਜਾ ਨ ਰਸੱਦ॥ ੬॥

{ਤਮਾਮ=ਸਾਰੀ। ਗੇਤੀ=ਸੰਸਾਰ। ਫਿਦਾਇ=ਸਦਕੇ, ਵਾਰਨੇ। ਦਰਸ਼=(ਦਰ+ਸ਼) ਦਰਵਾਜ਼ੇ ਉਸਦੇ। ਕਿ ਤਾ=ਜਿੰਨਾ ਚਿਰ। ਫਿਦਾਸ਼=ਕੁਰਬਾਨ। ਗਰਦਦ=ਹੁੰਦਾ, ਹੋ ਜਾਂਦਾ। ਕਸੇ=ਕੋਈ ਆਦਮੀ। ਬਜਾ=ਜਗ੍ਹਾ ਉਤੇ।}

*ਅਰਥ*—ਦੁਨੀਆਂ ਦੀ ਸਾਰੀ ਦੌਲਤ ਉਸਦੇ ਦਰ ਦੀ ਖ਼ਾਕ ਤੋਂ ਸਦਕੇ ਕਰਦਾ ਹਾਂ। (ਕਿਉਂਕਿ) ਜਿੰਨਾ ਚਿਰ ਵਾਰਨੇ ਨਹੀਂ ਹੋ ਜਾਂਦਾ, (ਤਦ ਤਕ) ਕੋਈ ਭੀ ਆਦਮੀ ਟਿਕਾਣੇ ਤਕ ਨਹੀਂ ਪਹੁੰਚ ਸਕਦਾ।

## ਫ਼ਿਦਾਇ ਖ਼ਾਕਿ ਦਰਸ਼ ਮੇ ਸ਼ਵਦ ਅਜ਼ਾਂ 'ਗੋਯਾ'।
## ਕਿ ਹਰ ਕਿ ਖਾਕਿ ਨ ਗਰਦਦ ਬ ਮੁੱਦਆ ਨ ਰਸੱਦ॥ ੭॥

{ਫਿਦਾਇ=ਵਾਰਨੇ, ਸਦਕੇ। ਮੇ ਸ਼ਵਦ=ਹੋ ਗਿਆ। ਅਜ਼ਾਂ=ਉਸਦੀ। ਹਰ ਕਿ=ਜਿਹੜਾ ਕੋਈ। ਗਰਦਦ=ਹੋਇਆ। ਬ ਮੁੱਦਆ=ਮਤਲਬ ਤਕ।}



Sri Satguru Jagjit Singh Ji eLibrary NamdhariElibrary@gmail.com

*ਅਰਥ*—ਨੰਦ ਲਾਲ ਉਸਦੇ ਹਰ ਦੀ ਖ਼ਾਕ ਤੋਂ ਕੁਰਬਾਨ ਹੋ ਗਿਆ ਹੈ। (ਕਿਉਂਕਿ) ਜਿਹੜਾ ਖ਼ਾਕ ਨਹੀਂ ਹੋਇਆ (ਉਹ) ਮਤਲਬ ਤਕ ਨਹੀਂ ਪੁਜ ਸਕਿਆ।

## ਪੰਜਾਬੀ ਉਲਥਾ–

ਸਾਈਂ ਲੋਕਾਂ ਦੀ ਪਹੁੰਚ ਹੈ ਉਥੇ, ਜਿਥੇ ਪੁਜ ਨ ਸਕਦਾ ਕੋਈ।
ਬਾਦਸ਼ਾਹ ਭੀ ਪਹੁੰਚ ਨਾ ਸਕੇ, ਜਿਥੇ ਜਾ ਅਸਾਡੀ ਹੋਈ।
ਹਜ਼ਾਰਾਂ ਸੁਖ ਬਹਿਸ਼ਤਾਂ ਸੰਦੇ, ਅੱਧੇ ਜੌਂ ਤੋਂ ਲੈਂਦੇ ਨਹੀਂ,
ਕਿਉਂ ਜੋ ਪ੍ਰੀਤਮ ਕੂਚੇ ਅੰਦਰ, ਤਿਨ੍ਹਾਂ ਨਾ ਮਿਲਦੀ ਢੋਈ।
ਵੈਦ ਸਿਆਣੇ ਤੋਂ ਜਾ ਪੁਛਿਆ ਦਾਰੂ ਰੋਗ ਇਸ਼ਕ ਦਾ ਮੈਂ,
ਕਿਹਾ ਓਸ ਬਿਨ ਰੱਬ ਦੇ ਦਾਰੂ, ਕੁਝ ਹੋਰ ਨਾ ਇਸ ਨੂੰ ਪੋਹੀ।
ਦਿਲ ਦੀਆਂ ਅੱਖਾਂ ਵਿਚ ਹਨੇਰਾ, ਜੇ ਚਾਨਣ ਦੀ ਚਾਹ ਕਰੇਂ,
ਸਤਸੰਗ ਦੇ ਦਰ ਦੀ ਧੂੜੀ, ਇਹ ਜਾਣ ਮਮੀਰਾ ਸੋਈ।
ਸਿਮਰਨ ਪ੍ਰੀਤਮ ਵਿਚ ਅਸਾਂ ਨੇ, ਸਾਰੀ ਉਮਰ ਗੁਜ਼ਾਰ ਲਈ,
ਉਸ ਦੇ ਸਮ ਨਹੀਂ ਲੱਖ ਰਸਾਇਣ, ਪਹੁੰਚ ਨ ਸਕਦਾ ਕੋਈ।
ਵਾਰਾਂ ਦੌਲਤ ਕੁਲ ਦੁਨੀਆਂ ਦੀ, ਉਸ ਦੇ ਦਰ ਦੀ ਧੂੜੀ ਤੋਂ,
ਜਦ ਤਕ ਸਦਕੇ ਕੀਤਾ ਨਾਹੀਂ, ਪਹੁੰਚ ਨਾ ਓਥੇ ਹੋਈ।
ਨੰਦ ਲਾਲ ਹੈ ਸਦਕੇ ਹੋਇਆ, ਉਸਦੇ ਦਰ ਦੀ ਧੂੜੀ ਤੋਂ,
ਕਿਉਂ ਜੋ ਮਰ ਕੇ ਮਿੱਟੀ ਹੋਇਆ, ਮਤਲਬ ਪਾਂਦਾ ਸੋਈ।


Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੩੦

**ਮੁਸ਼ਤੇ ਖ਼ਾਕਿ ਦਰਗਹੇ ਓ ਕੀਮੀਆਗਰ ਮੇ ਕੁਨਦ।**
**ਹਰ ਗਦਾ ਰਾ ਬਾਦਸ਼ਾਹੇ ਹਫ਼ਤ ਕਿਸ਼ਵਰ ਮੇ ਕੁਨਦ ॥੧॥**

{ਮੁਸ਼ਤੇ=ਮੁਠੀ ਭਰ, (ਜਿੰਨੀ ਮੁਠੀ ਵਿਚ ਆ ਜਾਵੇ, ਓਨੀ ਕੁ ਦਰਗਹੇ=ਬੂਹੇ ਦੀ। ਕੀਮੀਆਗਰ=ਰਸਾਇਣੀ, (ਜੋ ਪਾਰੇ ਵਗੈਰਾ ਨਾਲ ਤਾਂਬੇ ਨੂੰ ਸੋਨਾ ਜਾਂ ਕਲੀ ਨੂੰ ਚਾਂਦੀ ਬਣਾ ਸਕਦਾ ਹੈ)। ਮੇ ਕੁਨਦ=ਬਣਾ ਦੇਂਦੀ ਹੈ। ਹਰ=ਹਰਇਕ। ਗਦਾ ਰਾ=ਮੰਗਤੇ ਨੂੰ। ਹਫ਼ਤ=ਸੱਤ, ੭। ਕਿਸ਼ਵਰ=ਵਲੈਤਾਂ।}

*ਅਰਥ*—ਉਸ ਦੇ ਦਰ ਦੀ ਮੁਠੀ ਭਰ ਖ਼ਾਕ (ਬੰਦੇ ਨੂੰ ਕੀਮੀਆਗਰ ਬਣਾ ਦੇਂਦੀ ਹੈ। ਹਰ ਇਕ ਮੰਗਤੇ ਨੂੰ ਸੱਤਾਂ ਵਲੈਤਾਂ ਦਾ ਬਾਦਸ਼ਾਹ ਬਣਾ ਦੇਂਦੀ ਹੈ।

**ਖ਼ਾਕਿ ਦਰਗਾਹੇ ਤੋ ਸਦ ਤਾਜ ਅਸਤ ਬਹਰੇ ਫ਼ਰਕਿ ਮਾ।**
**ਆਸੀ ਅਮ ਗਰ ਦਿਲ ਹਵਾਏ ਤਾਜੋ ਅਫ਼ਸਰ ਮੇ ਕੁਨਦ ॥੨॥**

{ਤੋ=ਤੇਰੇ। ਸਦ=ਸੈਂਕੜੇ। ਤਾਜ=ਰਾਜ ਮੁਕਟ (ਕਲਗੀ ਜਿਗਹ ਅਦਿਕ)। ਅਸਤ=ਹੈ। ਬਹਰੇ=ਵਾਸਤੇ। ਫ਼ਰਕਿ=ਸਿਰ ਦੀ ਖੋਪਰੀ (ਭਾਵ ਸਿਰ) ਲਈ। ਆਸੀ=ਗੁਨਾਹਗਾਰ, ਪਾਪੀ। ਅਮ=ਹਾਂ। ਗਰ=ਜੇਕਰ। ਦਿਲ ਹਵਾਏ=ਦਿਲ ਦੀ ਖਾਹਸ਼। ਤਾਜੋ ਅਫ਼ਸਰ=ਤਾਜ ਵਾ ਅਫ਼ਸਰ ਤਾਜ ਅਤੇ ਹਕੂਮਤ।}

*ਅਰਥ*—ਤੇਰੇ ਦਰ ਦੀ ਖ਼ਾਕ ਮੇਰੇ ਸਿਰ ਲਈ ਸੈਂਕੜੇ ਰਾਜ ਮੁਕਟ ਹਨ। ਜੇਕਰ ਦਿਲ ਤਾਜ ਤੇ ਹਕੂਮਤ ਦੀ ਖ਼ਾਹਸ਼ ਕਰਦਾ ਹੈ, ਤਾਂ ਗੁਨਾਹਗਾਰ ਹੈ।

**ਕੀਮੀਆਗਰ ਗਰ ਜ਼ਿ ਮਿਸ ਸਾਜ਼ਦ ਤਿਲਾ ਈਂ ਦੂਰ ਨੇਸਤ।**
**ਤਾਲਿਬੇ ਹਰ ਖ਼ਾਕਿ ਰਾ ਖੁਰਸ਼ੀਦਿ ਅਨਵਰ ਮੇ ਕੁਨਦ ॥੩॥**

{ਕੀਮੀਆਗਰ=ਰਸਾਇਣੀ। ਗਰ=ਜੇਕਰ। ਜ਼ਿ=(ਅਜ਼) ਤੋਂ। ਮਿਸ=ਤਾਂਬਾ। ਸਾਜ਼ਦ=ਬਣਾ ਦੇਂਦਾ ਹੈ। ਤਿਲ=ਸੋਨਾ। ਈਂ ਦੂਰ ਨੇਸਤ=ਇਹ ਦੂਰ ਨਹੀਂ ਹੈ, (ਭਾਵ ਇਹ ਕੋਈ ਅਚਰਜ ਗੱਲ ਨਹੀਂ ਹੈ)। ਤਾਲਿਬੇ ਹਰ=ਰੱਬ ਦੀ ਖੋਜ ਕਰਨ ਵਾਲਾ। ਖ਼ੁਰਸ਼ੀਦਿ=ਸੂਰਜ ਦੇ ਸਮਾਨ। ਅਨਵਰ=ਚਮਕ ਵਾਲਾ, ਭਾਵ ਵਿਚ ਸੋਨਾ ਹੈ।}

*ਅਰਥ*—ਜੇਕਰ ਰਸਾਇਣੀ ਪੁਰਸ਼ ਤਾਂਬੇ ਤੋਂ ਸੋਨਾ ਬਣਾ ਦੇਂਦਾ ਹੈ, ਤਾਂ ਇਹ ਕੋਈ


Sri Satguru Jagjit Singh Ji eLibrary NamdhariElibrary@gmail.com

ਅਸਚਰਜ ਗੱਲ ਨਹੀ ਹੈ। ਕਿਉਕਿ ਰੱਬ ਦੀ ਖੋਜ ਕਰਨ ਵਾਲਾ ਪੁਰਸ਼ ਮਿੱਟੀ ਨੂੰ ਸੂਰਜ ਸਮਾਨ ਚਮਕ ਵਾਲਾ ਸੋਨਾ ਬਣਾ ਦੇਂਦਾ ਹੈ।

**ਸ਼ਿਅਰ 'ਗੋਯਾ' ਹਰ ਕਸੇ ਕੋ ਬਿਸ਼ਨਵਦ ਅਜ਼ ਜਾਨੋ ਦਿਲ।**
**ਕੈ ਦਿਲਸ਼ ਪਰਵਾਹਿ ਲਾਲੋ ਕਾਨਿ ਗੌਹਰ ਮੇ ਕੁਨਦ॥ ੪॥**

{ਸ਼ਿਅਰ=ਬੈਂਤ, ਕਵਿਤਾ। ਹਰ ਕਸੇ=ਜੇਹੜਾ ਕੋਈ ਆਦਮੀ। ਬਿਸ਼ਨਵਦ= ਸੁਣਦਾ ਹੈ। ਅਜ਼ ਜਾਨੋ ਦਿਲ=ਜਾਨ ਤੇ ਦਿਲ ਨਾਲ (ਭਾਵ ਮਨ ਦੇ ਕੇ ਧਿਆਨ ਨਾਲ)। ਕੈ=ਕਿਸ ਤਰ੍ਹਾਂ, ਕਿਵੇਂ। ਦਿਲਸ਼=ਦਿਲ ਉਸਦਾ। ਲਾਲੋ=ਲਾਲ ਅਤੇ। ਕਾਨਿ=ਖਾਨ, (ਉਹ ਜਗ੍ਹਾ ਜਿਥੋਂ ਕਿਸੇ ਚੀਜ਼ ਦੀ ਪੈਦਾਇਸ਼ ਹੋਵੇ, ਜਿਵੇਂ ਕੋਲੇ ਦੀ ਕਾਨ) ਗੌਹਰ=ਮੋਤੀ।}

*ਅਰਥ*—ਜੇਹੜਾ ਕੋਈ ਆਦਮੀ ਨੰਦ ਲਾਲ ਦੀ ਕਵਿਤਾ ਨੂੰ ਮਨ ਦੇ ਕੇ ਧਿਆਨ ਨਾਲ ਸੁਣ ਲੈਂਦਾ ਹੈ। ਕਿਵੇਂ ਉਸ ਦਾ ਦਿਲ ਲਾਲ ਅਤੇ ਮੋਤੀਆਂ ਦੀ ਖਾਨ ਦੀ ਪਰਵਾਹ ਕਰਦਾ ਹੈ? (ਭਾਵ-ਉਸਦੇ ਮਨ ਵਿਚ ਲਾਲਾਂ ਤੇ ਮੋਤੀਆਂ ਦੀ ਪਰਵਾਹ ਨਹੀਂ ਹੈ)।

**ਪੰਜਾਬੀ ਉਲਥਾ-**

SIKHBOOKCLUB.COM

ਤੇਰੇ ਦਰ ਦੀ ਖ਼ਾਕ ਦੀ ਮੁੱਠੀ ਕੀਮੀਆਗਰ ਬਣਾ ਦੇਂਦੀ।
ਬਾਦਸ਼ਾਹ ਸੱਤ ਵਲੈਤਾਂ ਦਾ ਉਹ, ਮੰਗਤੇ ਤਾਈਂ ਬਣਾ ਦੇਂਦੀ।
ਦਰ ਤੇਰੇ ਦੀ ਖ਼ਾਕ ਪ੍ਰੀਤਮ, ਸਿਰ ਮੇਰੇ ਤਾਜ ਹਜ਼ਾਰਾਂ ਹਨ,
ਤਾਜ ਹਕੂਮਤ ਚਾਹ ਜੋ ਦਿਲ ਵਿਚ, ਪਾਪੀ ਮੋਹਿ ਬਣਾ ਦੇਂਦੀ।
ਤਾਂਬਾ ਕਰ ਰਸੈਣੀ ਸੋਨਾ, ਇਸ ਵਿਚ ਕੋਈ ਅਚਰਜ ਨਹੀਂ,
ਪ੍ਰਭ ਦੀ ਖੋਜ ਵਾਲੇ ਗੁਰ ਮੇਰੇ, ਸੂਰਜ ਖਾਕ ਬਣਾ ਦੇਂਦੀ।
ਨੰਦ ਲਾਲ ਦੀ ਕਵਿਤਾ ਨੂੰ ਜੋ ਨਰ ਧਿਆਨ ਲਾਇਕੇ ਸੁਣਸੀ,
ਲਾਲ ਮੋਤੀਆਂ ਕਾਨ ਤੋਂ ਉਸਨੂੰ, ਬੇਪਰਵਾਹ ਬਣਾ ਦੇਂਦੀ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੩੧

**ਮਿਸਲੇ ਦਹਾਨਿ ਤੰਗੇ ਤੋ ਤੁੰਗੇ ਸ਼ਕਰ ਨ ਬਾਸ਼ਦ।**
**ਈਂ ਮਿਸਲ ਰਾ ਕਿ ਗੁਫ਼ਤਮ ਜ਼ੀ ਖ਼ੂਬ ਤਰ ਨ ਬਾਸ਼ਦ ॥੧॥**

{ਮਿਸਲੇ=ਵਾਂਗੂੰ। ਦਹਾਨਿ=ਮੂੰਹ। ਤੋ=ਤੇਰੇ। ਤੁੰਗੇ=ਬੋਰੀ, ਕੁਜਸ ਕੰਦ (੨) ਮਿਠਾਸ, (ਪਿਆਲੀਆਂ ਵਿਚ ਜਮਾਈ ਹੋਈ ਖੰਡ ਦੀ ਡਲੀ, ਜੋ ਪਿਆਲੀ ਦੀ ਸ਼ਕਲ ਵਰਗੀ ਬਣੀ ਹੁੰਦੀ ਹੈ)। ਸ਼ਕਰ=ਖੰਡ। ਬਾਸ਼ਦ=ਹੁੰਦੀ। ਮਿਸਲ=ਮਿਸਾਲ, ਉਦਾਹਰਣ, ਪ੍ਰਮਾਣ। ਗੁਫ਼ਤਮ=ਆਖਿਆ ਹੈ ਮੈਂ। ਖ਼ੂਬ ਤਰ=ਬਹੁਤ ਚੰਗਾ। ਖ਼ੂਬ=ਚੰਗਾ।}

*ਅਰਥ*—ਤੇਰੇ ਮੂੰਹ ਦੇ ਕੂਜੇ ਵਾਂਗੂੰ ਖੰਡ ਦਾ ਕੂਜਾ ਨਹੀਂ ਹੁੰਦਾ। (ਅਰਥਾਤ ਖੰਡ ਦੇ ਕੂਜੇ ਨਾਲ ਤੁਹਾਡੀ ਜ਼ਬਾਨ ਦੀ ਸ਼ੀਰੀ ਮਿੱਠੀ ਹੈ)। ਇਹ ਮਿਸਾਲ ਜੋ ਕਿ ਮੈਂ ਕਹੀ ਹੈ, ਇਹ ਭੀ ਬਹੁਤ ਚੰਗੀ (ਮਲੂਮ) ਨਹੀਂ ਹੁੰਦੀ।

**ਬਾ ਹਿਜ਼ਰ ਆਸ਼ਨਾ ਸ਼ੌ ਗਰ ਤਾਲਬੇ ਵਿਸਾਲੀ।**
**ਰਹ ਕੈ ਬਰੀਂ ਬ ਮੰਜ਼ਿਲ ਤਾ ਰਹਿਬਰ ਨਾ ਬਾਸ਼ਦ ॥੨॥**

SIKHBOOKCLUB.COM

{ਬਾ=ਨਾਲ। ਹਿਜ਼ਰ=ਵਿਛੋੜੇ। ਆਸ਼ਨਾ=ਵਾਕਫ਼। ਸ਼ੌ=ਹੋ ਜਾਹੁ। ਗਰ=ਜੇਕਰ। ਤਾਲਬੇ=ਲੋੜਵੰਦ, ਖ਼ੋਜੀ, ਢੂੰਡਾਊ। ਵਿਸਾਲੀ=ਮਿਲਾਪ ਦਾ। ਰਹ=ਰਾਹ। ਕੈ=ਕਿਸ ਤਰ੍ਹਾਂ। ਬਰੀਂ=ਉਤੇ। ਬ ਮੰਜ਼ਿਲ=ਮੰਜ਼ਲ ਉਤੇ, ਅਸਲੀ ਟਿਕਾਣੇ ਉਤੇ। ਤਾ=ਜਦ ਤਕ। ਰਹਿਬਰ= ਰਾਹ ਵਿਖਾਉਣ ਵਾਲਾ, ਆਗੂ, ਭਾਵ ਗੁਰੂ।}

*ਅਰਥ*—ਜੇਕਰ (ਤੂੰ ਮਿੱਤਰ ਦੇ) ਮਿਲਾਪ ਦਾ ਲੋੜਵੰਦ ਹੈਂ, (ਤਾਂ) ਵਿਛੋੜੇ ਨਾਲ ਵਾਕਬ ਹੋ। ਮੰਜ਼ਲ ਦੇ ਰਾਹ ਉਤੇ ਕਿਸ ਤਰ੍ਹਾਂ ਪਹੁੰਚ ਜਾਵੇਂਗਾ, ਜਦ ਤਕ ਆਗੂ (ਨਾਲ) ਨਹੀਂ ਹੁੰਦਾ।

**ਦਾਮਨਿ ਚਸ਼ਮ ਮਿਗੁਜ਼ਾਰ ਅਜ਼ ਦਸਤ ਹਮਚੁ ਮਿਯਗਾਂ।**
**ਤਾ ਜੇਬਿ ਆਰਜ਼ੂਹਾ ਪੁਰ ਅਜ਼ ਗੌਹਰ ਨ ਬਾਸ਼ਦ ॥੩॥**

{ਦਾਮਨਿ=ਪੱਲਾ। ਚਸ਼ਮ=ਅੱਖ। ਮਿ ਗੁਜ਼ਾਰ=ਨਾ ਛੱਡ। ਅਜ਼ ਦਸਤ=ਹੱਥ ਤੋਂ। ਹਮਚੁ=ਵਾਂਗੂੰ। ਮਿਯਗਾਂ=ਝਿਮਨੀਆਂ। ਤਾ=ਜਦ ਤਕ। ਜੇਬਿ=ਖੀਮਾ ਬੋਝਾ, ਪਾਕਟ। ਆਰਜ਼ੂਹਾ (ਆਰਜ਼ੂ ਦਾ ਬਾ: ਬ:) ਬੇਨਤੀਆਂ, (੨) ਕਾਮਨਾ, (੩) ਮਨ ਦੀਆਂ ਲੋੜਾਂ



Sri Satguru Jagjit Singh Ji eLibrary NamdhariElibrary@gmail.com

ਦੇ ਫੁਰਨੇ। ਪੁਰ=ਭਰ ਜਾਣਾ। ਅਜ਼=ਸੇ ਨਾਲ। ਗੌਹਰ=ਮੋਤੀ। ਬਾਸ਼ਦ=ਹੁੰਦਾ।}

*ਅਰਥ*—ਅੱਖ ਦਾ ਲੜ ਹੱਥ ਤੋਂ ਨਾ ਛੱਡ, ਝਿੰਮਣੀਆਂ ਵਾਂਗੂੰ। ਜਦ ਤਕ ਕਾਮਨਾ ਰੂਪ ਖੀਸਾ ਮੋਤੀਆਂ ਨਾਲ ਪੁਰ ਨਹੀਂ ਹੁੰਦਾ (ਅਰਥਾਤ ਜਿੰਨਾ ਚਿਰ ਕਾਮਨਾ ਦਾ ਖੀਸਾ ਭਰ ਨਹੀਂ ਜਾਂਦਾ ਜਾਂ ਕਾਮਨਾ ਪੂਰਨ ਨਹੀਂ ਹੋ ਜਾਂਦੀ।)

**ਸ਼ਾਖੇ ਉਮੀਦ ਆਸ਼ਿਕ ਹਰਗਿਜ਼ ਸਮਰ ਨ ਗੀਰਦ।**
**ਅਜ਼ ਅਸ਼ਕ ਆਬਿ ਮਿਯਗਾਂ ਤਾਂ ਸਬਜ਼ ਤਰ ਨ ਬਾਸ਼ਦ ॥੪॥**

{ਸਾਖੇ=ਟਾਹਣੀ। ਉਮੀਦ=ਆਸ਼ਾ। ਹਰਗਿਜ਼=ਕਦੇ ਭੀ। ਸਮਰ=ਫਲ। ਗੀਰਦ=ਫੜਦੀ। ਅਸ਼ਕ=ਅੱਥਰੂ, ਹੰਝੂ। ਆਬਿ=ਪਾਣੀ ਨਾਲ। ਤਾ=ਜਦ ਤਕ। ਸਬਜ਼ ਤਰ=ਬਹੁਤ ਹਰੀ।}

*ਅਰਥ*—ਆਸ਼ਕ ਦੀ ਆਸ਼ਾ (ਰੂਪ) ਟਾਹਣੀ ਕਦੇ ਭੀ ਫਲ ਨਹੀਂ ਫੜਦੀ (ਭਾਵ-ਆਸ਼ਾ ਪੂਰੀ ਨਹੀਂ ਹੁੰਦੀ)। ਜਦ ਤਕ ਕਿ ਝਿੰਮਣੀਆਂ ਦੇ ਹੰਝੂਆਂ ਦੇ ਪਾਣੀ ਨਾਲ ਚੰਗੀ ਤਰ੍ਹਾਂ ਹਰੀ ਨਹੀਂ ਹੁੰਦੀ।

**ਐ ਬੁਲਫਜ਼ੂਲ ਗੋਯਾ ਅਜ਼ ਇਸ਼ਕੇ ਓ ਮਜ਼ਨ ਦਮ।**
SIKHBOOKCLUB.COM
**ਕੋ ਪਾ ਨਿਹਦ ਦਰੀਂ ਰਾਹ ਆਂ ਰਾ ਕਿ ਸਰ ਨ ਬਾਸ਼ਦ ॥੫॥**

{ਬੁਲਫਜ਼ੂਲ=ਬਿਅਰਥ ਬਕਵਾਸੀ, ਗੱਪੀ। ਮਜ਼ਨ=ਨਾ ਮਾਰ। ਪਾ=ਪੈਰ। ਨਿਹਦ=ਰਖਦਾ। ਦਰੀਂ ਰਾਹ=ਇਸ ਰਾਹ ਵਿਚ। ਆਂ ਰਾ=ਉਸ ਦਾ। ਸਰ=ਸਿਰ। ਬਾਸ਼ਦ=ਹੁੰਦਾ।}

*ਅਰਥ*—ਹੇ ਗੱਪਾਂ ਮਾਰਨ ਵਾਲੇ ਨੰਦ ਲਾਲ ! ਉਸ ਦੇ ਪ੍ਰੇਮ ਦਾ ਦਮ ਨਾ ਮਾਰ। (ਕਿਉਂ) ਜੋ ਇਸ ਰਾਹ ਵਿਚ ਪੈਰ ਰਖਦਾ ਹੈ, ਉਸਦੇ (ਧੜ ਉਤੇ) ਸਿਰ ਨਹੀਂ ਹੁੰਦਾ।

### ਪੰਜਾਬੀ ਉਲਥਾ-

ਤੇਰੇ ਮੂੰਹ ਦੀ ਗੱਲ ਮਿੱਠੀ ਸਮ ਖੰਡ ਮਿੱਠੀ ਭੀ ਨਾਹੀਂ।
ਏਹ ਦ੍ਰਿਸ਼ਟਾਂਤ ਕਿਹਾ ਜੋ ਮੈਂ ਹੈ, ਚੰਗਾ ਢੁਕਦਾ ਨਾਹੀਂ।
ਜੇ ਮਿਲਾਪ ਦੀ ਇਛਾ ਰੱਖੇਂ, ਜਾਣੂ ਹੋਹੁ ਵਿਛੋੜੇ ਦਾ,
ਮੰਜ਼ਲ ਰਾਹੁ ਪੁਰ ਜਾਵੇ ਕਿਕੁਰ, ਆਗੂ ਜਿਸਦਾ ਨਾਹੀਂ।
ਲੜ ਅੱਖਾਂ ਦਾ ਛੱਡ ਦਾ ਹੱਥੋਂ, ਝਿੰਮਣੀਆਂ ਦੇ ਵਾਂਗੂੰ,



Sri Satguru Jagjit Singh Ji eLibrary NamdhariElibrary@gmail.com

ਖੀਸਾ ਭਰੇ ਕਾਮਨਾ ਜਦ ਤਕ, ਨਾਲ ਮੋਤੀਆਂ ਨਾਹੀਂ।
ਪ੍ਰੇਮ ਆਸ਼ਾ ਟਾਹਣੀ ਉਤੇ, ਕਦੇ ਭੀ ਫਲ ਦਾ ਲਗਦਾ,
ਪਾਣੀ ਹੰਝੂ ਝਿੰਮਣੀਆਂ ਸੰਗ, ਜੋ ਹਰੀ ਹੋਂਵਦੀ ਨਾਹੀਂ।
ਹੇ ਬਕਵਾਸੀ ਨੰਦ ਲਾਲ! ਸੁਣ, ਪ੍ਰੇਮ ਦਾ ਦਮ ਨਾ ਮਾਰੀਂ,
ਇਸ ਰਾਹ ਉਤੇ ਪੈਰ ਉਹ ਰਖੇ, ਧੜ ਸਿਰ ਜਿਸਦਾ ਨਾਹੀਂ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੩੨

**ਗੁਲੇ ਹੋਲੀ ਬ ਬਾਗ਼ੇ ਦਹਰ ਬੂ ਕਰਦ।**
**ਲਬੇ ਚੂੰ ਗ਼ੁੰਚਹ ਰਾ ਫ਼ਰਖ਼ੰਦਹ ਖ਼ੂ ਕਰਦ॥ ੧॥**

{ਗੁਲੇ=ਫੁਲ। ਬਾਗ਼ੇ=ਬਾਗ ਦੇ। ਬ=ਨਾਲ। ਦਹਰ=ਜਗਤ। ਬੂ=ਵਾਸ਼ਨਾ। ਕਰਦ=ਕਰ ਦਿਤਾ। ਲਬੇ=ਬੁਲ੍ਹਾਂ, ਹੋਠਾਂ। ਚੂੰ=ਵਰਗਾ, ਜੇਹਾ। ਗੁੰਚਹ=ਅਣਖਿੜੀ ਕਲੀ। ਰਾ=ਨੂੰ। ਫ਼ਰਖ਼ੰਦਹ=ਖਿੜਿਆ ਹੋਇਆ। ਖ਼ੂ ਕਰਦ=ਖ਼ੂਬ ਕਰ ਦਿਤਾ।}

*ਅਰਥ*—ਹੋਲੀ ਦੇ ਫੁਲ ਨਾਲ, ਜਗਤ ਬਾਗ ਨੂੰ (ਕੁਦਰਤ ਨੇ) ਵਾਸ਼ਨਾ ਵਾਲਾ ਕਰ ਦਿਤਾ। ਬੁਲ੍ਹਾਂ ਵਰਗੇ ਗੁੰਚੇ ਨੂੰ ਖਿੜਾਉ ਨੇ ਖ਼ੂਬ ਸੋਹਣਾ ਕਰ ਦਿਤਾ ਹੈ।

**ਗੁਲਾਬੋ ਅੰਬਰੋ ਮੁਸ਼ਕੋ ਅਬੀਰੋ।**
**ਚੂੰ ਬਾਰਾਂ ਬਾਰਸ਼ੇ ਅਜ਼ ਸੂ ਬ ਸੂ ਕਰਦ॥ ੨॥**

{ਮੁਸ਼ਕੋ=ਕਸਤੂਰੀ। ਅਬੀਰੋ=ਅਲਤਾ, (ਲਾਲ ਰੰਗ ਨਾਲ ਰੰਗਿਆ ਹੋਇਆ ਆਟਾ)। ਬਾਰਾਂ=ਮੀਂਹ। ਸੂ ਬ ਸੂ=ਦਿਸ਼ਾ ਬ ਦਿਸ਼ਾ, (ਭਾਵ ਹਰ ਪਾਸਿਓਂ)।}

*ਅਰਥ*—ਗੁਲਾਬ, ਮੁਸ਼ਕੰਬਰ, ਕਸਤੂਰੀ ਦੀ ਸੁਗੰਧੀ ਵਾਲਾ ਅਲਤਾ, ਮੀਂਹ ਵਾਂਗੂੰ ਦਿਸ਼ਾ ਬ ਦਿਸ਼ਾ ਤੋਂ ਬਰਖਾ ਕਰਨ ਲਗ ਪਿਆ ਹੈ।

**ਜ਼ਹੇ ਪਿਚਕਾਰੀਏ ਪੁਰ ਜ਼ਅਫ਼ਰਾਨੀ।**
**ਕਿ ਹਰ ਬੇ ਰੰਗ ਰਾ ਖ਼ੁਸ ਰੰਗੋ ਬੂ ਕਰਦ॥ ੩॥**

{ਜ਼ਹੇ=ਵਾਹ ਵਾਹ। ਪਿਚਕਾਰੀਏ=ਪਾਣੀ ਉਡਾਉਣ ਵਾਲਾ ਪੰਪ। ਪੁਰ=ਭਰੀ ਹੋਈ। ਜ਼ਅਫ਼ਰਾਨੀ=ਕੇਸਰ ਦੇ ਰੰਗ ਵਾਲਾ ਪਾਣੀ। ਕਿ=ਜੋ। ਹਰ=ਸਾਰੇ। ਬੇ ਰੰਗ=ਰੰਗ ਤੋਂ ਹੀਣੇ। ਖ਼ੁਸ ਰੰਗੋ ਬੂ=ਚੰਗੇ ਰੰਗ ਵਾਲਾ ਅਤੇ ਵਾਸ਼ਨਾ।}

*ਅਰਥ*—ਕੇਸਰ ਘੋਲੇ ਹੋਏ ਪਾਣੀ ਦੀ ਭਰੀ ਹੋਈ ਪਿਚਕਾਰੀ ਵਾਹ ਵਾਹ ਹੈ, ਜਿਸਨੇ ਹਰ ਇਕ ਰੰਗ ਹੀਣੀ ਚੀਜ਼ ਨੂੰ ਚੰਗੇ ਰੰਗ ਅਤੇ ਵਾਸ਼ਨਾ ਵਾਲਾ ਕਰ ਦਿਤਾ ਹੈ।

**ਗੁਲਾਲ ਅਫ਼ਸਾਨੀ ਅਜ਼ ਦਸਤੇ ਮੁਬਾਰਕ।**
**ਜ਼ਮੀਨੋ ਆਸਮਾਂ ਰਾ ਸੁਰਖ ਰੂ ਕਰਦ॥ ੪॥**


Sri Satguru Jagjit Singh Ji eLibrary NamdhariElibrary@gmail.com

{ਗੁਲਾਲ=ਅਲਤਾ। ਅਫ਼ਸਾਨੀ=ਉਡਾਉਣਾ। ਦਸਤ=ਹੱਥ। ਅਜ਼=ਸੇ, ਨਾਲ। ਮੁਬਾਰਕ=ਪਵਿੱਤਰ। ਸੁਰਖ ਰੂ=ਲਾਲ ਚੇਹਰਾ।}

*ਅਰਥ*—ਸਤਿਗੁਰੂ ਜੀ ਨੇ ਆਪਣੇ ਪਵਿੱਤਰ ਹੱਥ ਨਾਲ ਅਲਤਾ ਉਡਾ ਕੇ ਧਰਤੀ ਤੇ ਅਕਾਸ਼ ਨੂੰ ਲਾਲ ਚੇਹਰੇ ਵਾਲਾ (ਭਾਵ ਲਾਲੋ ਲਾਲ) ਕਰ ਦਿਤਾ।

**ਦੋ ਆਲਮ ਗਸ਼ਤ ਰੰਗੀਂ ਅਜ਼ ਤਫੈਲਸ਼।**
**ਚੁ ਸ਼ਾਹਮ ਜਾਮਾ ਰੰਗੀਂ ਦਰ ਗੁਲੂ ਕਰਦ॥ ੫॥**

{ਆਲਮ=ਲੋਕ। ਗਸ਼ਤ=ਹੋ ਗਏ। ਰੰਗੀਂ=ਰੰਗੀਨ, ਲਾਲੋ ਲਾਲ। ਤਫੈਲਸ਼= ਬਦਲੇ ਉਸਦੇ, ਵਸੀਲੇ ਉਸਦੇ। ਚੁ=ਜਮ। ਸ਼ਾਹਮ=ਪਾਤਸ਼ਾਹ ਮੇਰੇ, (ਭਾਵ-ਕਲਗੀਧਰ ਸਵਾਮੀ ਜੀ)। ਜਾਮਾ-ਪੁਸ਼ਾਕਾ। ਦਰ ਗੁਲੂ=ਗਲ ਦੇ ਵਿਚ।}

*ਅਰਥ*—ਉਸ ਦੀ ਤੁਫੈਲ ਨਾਲ ਦੋਵੇਂ ਲੋਕ (ਲੋਕ-ਪ੍ਰਲੋਕ) ਲਾਲੋ ਲਾਲ ਹੋ ਗਏ ਹਨ, ਜੋ ਮੇਰੇ ਸਤਿਗੁਰੂ ਜੀ ਨੇ ਆਪਣੇ ਗਲ ਵਿਚਲਾ ਪੁਸ਼ਾਕਾ ਰੰਗੀਨ ਕਰ ਲਿਆ ਹੈ।

**ਕਸੇ ਕੋ ਦੀਦ ਦੀਦਾਰੇ ਮੁਕੱਦਸ।**
**ਮੁਰਾਦੇ ਉਮਰ ਰਾ ਹਾਸਿਲ ਨਿਕੋ ਕਰਦ॥ ੬॥**

SIKHBOOKCLUB.COM

{ਕਸੇ ਕੋ=ਜਿਸ ਕਿਸੇ ਨੇ। ਦੀਦ=ਵੇਖ ਲਿਆ ਹੈ। ਦੀਦਾਰੇ=ਦਰਸ਼ਨ ਨੂੰ। ਮੁਕੱਦਸ=ਪਵਿੱਤਰ। ਮੁਰਾਦ=ਫਲ, ਲਾਭ। ਉਮਰ=ਜ਼ਿੰਦਗੀ। ਹਾਸਿਲ=ਪ੍ਰਾਪਤ। ਨਿਕੋ=ਚੰਗੀ ਤਰ੍ਹਾਂ।}

*ਅਰਥ*—ਜਿਸ ਕਿਸੇ ਨੇ (ਇਸ ਵੇਲੇ ਉਨ੍ਹਾਂ ਦੇ) ਪਵਿੱਤਰ ਦਰਸ਼ਨ ਨੂੰ ਵੇਖਿਆ ਹੈ ਉਸ ਨੇ ਜ਼ਿੰਦਗੀ ਦੇ ਫਲ ਨੂੰ ਚੰਗੀ ਤਰ੍ਹਾਂ ਪ੍ਰਾਪਤ ਕਰ ਲਿਆ ਹੈ।

**ਸ਼ਵਦ ਕੁਰਬਾਨੇ ਖ਼ਾਕਿ ਰਾਹਿ ਸੰਗਤ।**
**ਦਿਲੇ ਗੋਯਾ ਹਮੀਂ ਬਸ ਆਰਜ਼ੂ ਕਰਦ॥ ੭॥**

{ਸ਼ਵਦ=ਹੋਵੇ। ਕੁਰਬਾਨੇ=ਸਦਕੇ। ਹਮੀਂ=ਏਹੋ ਹੀ। ਆਰਜ਼ੂ=ਇਛਾ, ਕਾਮਨਾ।}

*ਅਰਥ*—ਮੈਂ ਸੰਗਤ ਦੇ ਰਾਹ ਦੀ ਖ਼ਾਕ ਉਤੋਂ ਵਾਰਨੇ ਹੋ ਜਾਵਾਂ, ਨੰਦ ਲਾਲ ਦੇ ਦਿਲ ਨੇ, ਬੱਸ ਇਕ ਏਹੋ ਹੀ ਇਛਾ ਕੀਤੀ ਹੋਈ ਹੈ।



Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਉਲਥਾ-

ਫੁਲ ਹੋਲੀ ਨੇ ਜਗਤ ਬਾਗ਼ ਨੂੰ ਆਨ ਸੁਗੰਧਤ ਕੀਤਾ।
ਗੁੰਚਾ ਹੋਠ ਸਿਖ ਜੋ ਸੁੰਦਰ, ਦੇ ਖਿੜਾਉ ਵਿਗਸੀਤਾ।
ਅਰਕ ਗੁਲਾਬ ਜੋ ਅੰਬਰ ਵਾਲਾ, ਕਸਤੂਰੀ ਔਰ ਅਬੀਰੀ।
ਥਾਂ ਪਰ ਥਾਂ ਪਰ ਬਰਖਾ ਹੋਵੇ, ਜਿਉਂ ਬਾਦਲ ਬਰਸੀਤਾ।
ਵਾਹ ਵਾਹ ਹੈ ਪਿਚਕਾਰੀ ਸੁੰਦਰ, ਭਰੀ ਕੇਸਰੀ ਪਾਣੀ,
ਜਿਸ ਨੇ ਹਰ ਇਕ ਬੇ-ਰੰਗ ਤਾਈਂ, ਰੰਗਦਾਰ ਜਾ ਕੀਤਾ।
ਆਪਣੇ ਪਰਮ ਪਵਿੱਤ੍ਰ ਹੱਥ ਸੰਗ, ਗੁਰੂ ਗੁਲਾਲ ਉਡਾਇਆ,
ਧਰਤਿ, 'ਕਾਸ ਦਾ ਮੁਖੜਾ ਹੈ ਜਿਸ, ਸਭ ਲਾਲੋ ਲਾਲ ਬਣੀਤਾ।
ਦੁਇ ਲੋਕ ਰੰਗੀਨ ਹੋਏ ਅੱਜ, ਤੁਫੈਲ ਉਸਦੀ ਸਭ ਜਾਣੋ,
ਰੰਗਿਆ ਜਾਮਾ ਗੁਰੂ ਮੇਰੇ ਜੋ, ਆਪਣੇ ਗਲੇ ਧਰੀਤਾ।
ਜਿਸ ਕਿਸੇ ਅੱਜ ਵੇਖ ਲਿਆ ਹੈ, ਪਰਮ ਪਵਿੱਤ੍ਰ ਗੁਰੂ ਦਰਸ਼ਨ,
ਜੀਵਨ ਲਾਭ ਜੋ ਮਾਨੁਖ ਦੇਹ ਉਸ ਪਲ ਵਿਚ ਪ੍ਰਾਪਤ ਕੀਤਾ।
ਧੂੜੀ ਸਾਧ ਸੰਗਤ ਦੇ ਰਾਹ ਦੀ ਤੋਂ ਮੈਂ ਸਦਕੇ ਹੋਵਾਂ,
ਨੰਦ ਲਾਲ ਦੇ ਦਿਲ ਨੇ ਹੈ ਬੱਸ, ਏਹੋ ਇਰਾਦਾ ਕੀਤਾ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੩੩

**ਜ਼ਿਕਰਿ ਵਸਫ਼ਸ਼ ਬਰ ਜ਼ੁਬਾਂ ਬਾਸ਼ਦ ਲਜ਼ੀਜ਼।**
**ਨਾਮਿ ਓ ਅੰਦਰ ਜਹਾਂ ਬਾਸ਼ਦ ਲਜ਼ੀਜ਼॥ ੧॥**

{ਜ਼ਿਕਰਿ=ਬਿਆਨ ਕਰਨਾ, ਵਰਨਣ ਕਰਨਾ। ਵਸਫ਼ਸ਼=ਸਿਫਤਾਂ ਉਸ ਦੀਆਂ, ਉਪਮਾਂ ਉਸਦੀ। ਬਰ=ਉਪਰ, ਨਾਲ। ਜ਼ੁਬਾਂ=ਜ਼ਬਾਨ, ਜੀਭ। ਬਾਸ਼ਦ=ਹੁੰਦਾ ਹੈ। ਲਜ਼ੀਜ਼=ਸੁਆਦੀ। ਨਾਮਿ ਓ=ਨਾਮ ਹੀ ਉਸਦਾ। ਜਹਾਂ=ਜਹਾਨ ਜਗਤ।}

*ਅਰਥ*—ਉਸ ਦੀਆਂ ਸਿਫਤਾਂ ਦਾ ਵਰਣਨ ਕਰਨਾ, ਜੀਭ ਨਾਲ ਸੁਆਦਲਾ ਹੁੰਦਾ ਹੈ। ਉਸਦਾ ਨਾਮ ਹੀ ਜਗਤ ਵਿਚ ਸੁਆਦਲਾ ਹੁੰਦਾ ਹੈ।

**ਆਂ ਜ਼ਹੇ ਸੇਬੇ ਜ਼ਨਖ਼ਦਾਨੇ ਸ਼ੁਮਾ।**
**ਮੇਵਾ ਚੂੰ ਦਰ ਬੋਸਤਾਂ ਬਾਸ਼ਦ ਲਜ਼ੀਜ਼॥ ੨॥**

{ਆਂ=ਉਹ। ਜ਼ਹੇ=ਵਾਹ ਵਾਹ। ਸੇਬੇ=ਸੇਉ ਵਰਗੀ। ਜ਼ਨਖ਼ਦਾਨੇ=ਠੋਡੀ। ਸ਼ੁਮਾ=ਤੁਹਾਡੀ ਆਪਦੀ। ਚੂੰ=ਜੇਹਾ, ਜਿਸ ਤਰ੍ਹਾਂ। ਬੋਸਤਾਂ=ਵਾਸਨਾ ਵਾਲੀ ਜਗ੍ਹਾ, ਬਾਗ਼।}

*ਅਰਥ*—ਉਹ ਵਾਹ ਵਾਹ ਹੈ, ਸੇਉ ਵਰਗੀ ਠੋਡੀ ਆਪ ਦੀ। ਜਿਵੇਂ ਬਾਗ਼ ਵਿਚ ਮੇਵਾ ਸੁਆਦੀ ਹੁੰਦਾ ਹੈ।

**ਚਸ਼ਮਿ ਮਾ ਰੌਸ਼ਨ ਜ਼ਿ ਦੀਦਾਰੇ ਸ਼ੁਮਾਸਤ।**
**ਜਾਂ ਨਿ ਸਾਰਸ਼ ਬਸ ਕਿ ਆਂ ਬਾਸ਼ਦ ਲਜ਼ੀਜ਼॥ ੩॥**

{ਚਸ਼ਮਿ=ਅੱਖਾਂ। ਮਾ=ਮੇਰੀਆਂ। ਜ਼ਿ=ਨਾਲ। ਸ਼ੁਮਾਸਤ=(ਸ਼ੁਮਾ+ਅਸਿਤ) ਤੁਹਾਡਾ ਹੈ। ਜਾਂ=ਜਾਨ, ਜਿੰਦ। ਨਿ ਸਾਰਸ਼=ਵਾਰਨੇ ਉਸ ਤੋਂ, ਕੁਰਬਾਨ ਉਸ ਤੋਂ। ਬਸ ਕਿ=ਇਸ ਲਈ ਕਿ।}

*ਅਰਥ*—ਤੁਹਾਡੇ ਦਰਸ਼ਨ ਨਾਲ, ਮੇਰੀਆਂ ਅੱਖਾਂ ਰੋਸ਼ਨ ਹੋਈਆਂ ਹਨ। ਉਸ ਤੋਂ ਜਿੰਦ ਕੁਰਬਾਨ ਹੈ, ਇਸ ਲਈ ਕਿ ਉਹ ਸੁਆਦੀ ਹੁੰਦੀ ਹੈ।

**ਸੁੰਬਲੇ ਜ਼ੁਲਫ਼ੇ ਤੋ ਦਿਲ ਰਾ ਬੁਰਦਹ ਅਸਤ।**
**ਆਂ ਲਬੇ ਲਾਲੇ ਤੁ ਜਾਂ ਬਾਸਦ ਲਜ਼ੀਜ਼॥ ੪॥**



Sri Satguru Jagjit Singh Ji eLibrary NamdhariElibrary@gmail.com

{ਸੁੰਬਲੇ=ਇਕ ਤਰ੍ਹਾਂ ਦਾ ਲੰਮਾ ਲੰਮਾ ਘਾਹ ਜੋ ਕੇਸਾਂ ਵਾਂਗੂੰ ਵਧਿਆ ਹੁੰਦਾ ਹੈ। ਬੁਰਦਹ ਅਸਤ=ਧੂਹ ਲਿਆ ਹੈ, ਜ਼ੋਰ ਨਾਲ ਖੱਸ ਲਿਆ ਹੈ। ਲਬੇ ਲਾਲੇ=ਲਾਲ ਹੋਠ। ਜਾਂ=ਅਜ਼ਾਂ, ਇਸੇ ਵਾਸਤੇ।}

*ਅਰਥ*—ਸੁੰਬਲ ਜੇਹੀ ਤੇਰੀ ਜ਼ੁਲਫ ਨੇ (ਮੇਰੇ) ਦਿਲ ਨੂੰ ਖੱਸ ਲਿਆ ਹੈ। ਇਸੇ ਵਾਸਤੇ (ਜੋ) ਤੇਰੇ ਲਾਲ ਹੋਠ ਹਨ, ਉਹ (ਮੈਨੂੰ) ਸੁਆਦੀ (ਮਲੂਮ) ਹੁੰਦੇ ਹਨ।

**ਲੱਜ਼ਤੇ ਗੋਯਾ ਨ ਬਾਸ਼ਦ ਬਿਹ ਅਜ਼ੀਂ।**
**ਹਮ ਚੁ ਸ਼ਿਅਰੇ ਤੋ ਬਹਿੰਦੁਸਤਾਂ ਲਜ਼ੀਜ਼॥ ੫॥**

{ਲੱਜ਼ਤੇ=ਸ੍ਵਾਮੀ, ਖੁਸ਼ ਜ਼ਾਇਕਾ। ਬਿਹ=ਬੇਹਤਰ, ਚੰਗਾ। ਅਜ਼ੀਂ=ਇਸ ਨਾਲੋਂ। ਹਮ ਚੁ=ਜੈਸੇ ਕਿ। ਸ਼ਿਅਰੇ=ਬੈਂਤ, ਕਵਿਤਾ। ਬਹਿੰਦੁਸਤਾਂ=ਹਿੰਦੁਸਤਾਨ ਵਿਚ, ਭਾਵ ਇਸ ਜਗਤ 'ਚ।}

*ਅਰਥ*—ਹੇ ਨੰਦ ਲਾਲ! ਇਸ ਨਾਲੋਂ ਚੰਗਾ (ਕੋਈ ਭੀ) ਸੁਆਦ ਨਹੀਂ ਹੁੰਦਾ। ਜੇਹੋ ਜੇਹੀ ਤੇਰੀ ਕਵਿਤਾ ਹਿੰਦੁਸਤਾਨ ਵਿਚ ਸੁਆਦੀ ਹੈ।

SIKHBOOKCLUB.COM

**ਪੰਜਾਬੀ ਉਲਥਾ–**

ਸਿਫਤ ਪਿਆਰੇ ਸਤਿਗੁਰ ਦੀ ਦਾ ਵਰਣਨ ਕਰਨਾ ਚੰਗਾ ਹੈ।
ਨਾਮ ਓਸ ਦਾ ਦੁਨੀਆਂ ਅੰਦਰ, ਸਭਨਾਂ ਨਾਲੋਂ ਚੰਗਾ ਹੈ।
ਵਾਹ ਵਾ ਸਿਉ ਕਸ਼ਮੀਰੀ ਜੇਹੀ, ਪ੍ਰੀਤਮ ਤੇਰੀ ਠੋਡੀ ਏ,
ਮੇਵਾ ਪੱਕਾ ਜਿਉਂ ਬਾਗ਼ ਵਿਚ, ਮਨ ਨੂੰ ਭਾਵੇਂ ਚੰਗਾ ਹੈ।
ਅੱਖ ਮੇਰੀ ਵਿਚ ਚਾਣਨ ਹੋਯਾ, ਵੇਖ ਤੁਹਾਡੇ ਦਰਸ਼ਨ ਨੂੰ,
ਤਨ ਮਨ ਧਨ ਤੇ ਸਭ ਕੁਝ ਆਪਣਾ, ਤੈਥੋਂ ਵਾਰਾਂ ਚੰਗਾ ਹੈ।
ਕੁੰਡਲ ਜ਼ੁਲਫ ਤੇਰੀ ਜੁ ਮਾਹੀ, ਮਨ ਮੇਰੇ ਨੂੰ ਮੋਹ ਲਿਆ,
ਹੋਠ ਜੋ ਤੇਰੇ ਲਾਲ ਲਾਲ, ਮੇਰਾ ਦਿਲ ਲੁਭਾਵਨ ਚੰਗਾ ਹੈ।
ਇਸ ਨਾਲੋਂ ਕੋ ਹੋਰ ਜੁ ਚੰਗਾ, ਦਿਲ ਮੇਰੇ ਨੂੰ ਭਾਵੇ ਸ੍ਵਾਦ ਨਹੀਂ,
ਨੰਦ ਲਾਲ ਜਿਉਂ ਬੈਂਤ ਤੁਸਾਡਾ, ਭਾਰਤ ਅੰਦਰ ਚੰਗਾ ਹੈ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੩੪

**ਆਰਫਾਂ ਰਾ ਸੂਇ ਓ ਬਾਸ਼ਦ ਲਜ਼ੀਜ਼।**

**ਆਸਕਾਂ ਰਾ ਕੂਇ ਓ ਬਾਸ਼ਦ ਲਜ਼ੀਜ਼॥ ੧॥**

{ਆਰਫਾਂ ਰਾ=ਗਿਆਨੀਆਂ ਨੂੰ। ਸੂਇ=ਤਰਫ਼, ਪਾਸਾ। ਆਸਕਾਂ=ਪ੍ਰੇਮੀਆਂ। ਕੂਇ=ਕੂਚਾ, ਗਲੀ।}

*ਅਰਥ*—ਗਿਆਨੀਆਂ ਨੂੰ ਉਸਦੀ ਵਲ ਜਾਣਾ, ਸੁਆਦੀ (ਮਲੂਮ) ਹੁੰਦਾ ਹੈ। ਪ੍ਰੇਮੀਆਂ ਨੂੰ ਉਸਦੀ ਗਲੀ (ਵਿਚ) ਜਾਣਾ, ਸੁਆਦੀ (ਮਲੂਮ) ਹੁੰਦਾ ਹੈ।

**ਕਾਕੁਲੇ ਓ ਦਿਲ ਫ਼ਰੇਬੇ ਆਲਮ ਅਸਤ।**

**ਤਾਲਿਬਾਂ ਰਾ ਮੂਇ ਓ ਬਾਸਦ ਲਜ਼ੀਜ਼॥ ੨॥**

{ਕਾਕੁਲੇ=ਕੇਸਾਂ ਦੀਆਂ ਲਿਟਾਂ, ਜ਼ੁਲਫਾਂ। ਦਿਲ ਫ਼ਰੇਬੇ=ਦਿਲ ਨੂੰ ਮੋਹ ਲੈਣ ਵਾਲੀਆਂ। ਤਾਲਿਬਾਂ=ਲੋੜਨ ਵਾਲਿਆਂ, ਜਗਜਾਸੂਆਂ। ਮੂਇ=ਵਾਲ।}

SIKHBOOKCLUB.COM

*ਅਰਥ*—ਉਸ ਦੀਆਂ ਜ਼ੁਲਫਾਂ ਜਗਤ ਦਾ ਦਿਲ ਮੋਹ ਲੈਣ ਵਾਲੀਆਂ ਹਨ। ਜਗਜਾਸੂਆਂ ਨੂੰ ਉਸਦੇ ਵਾਲ ਸੁਵਾਦਲੇ ਮਲੂਮ ਹੁੰਦੇ ਹਨ।

**ਰੌਜਾਏ ਬਾਗ਼ੇ ਇਰਮ ਕੁਰਬਾਂ ਕੁਨਮ।**

**ਬਸ ਕਿ ਮਾ ਰਾ ਕੂਇ ਓ ਬਾਸ਼ਦ ਲਜ਼ੀਜ਼॥ ੩॥**

{ਬਾਗੇ ਇਰਮ=ਬਹਿਸ਼ਤ ਦੇ ਬਾਗ਼। ਕੁਰਬਾਂ=ਕੁਰਬਾਨ, ਸਦਕੇ, ਵਾਰਨੇ। ਕੁਨਮ= ਕਰ ਦੇਵਾਂ।}

*ਅਰਥ*—ਬਹਿਸ਼ਤ ਦੇ ਬਾਗ ਦੇ ਰੌਜ਼ੇ ਕੁਰਬਾਨ ਕਰ ਦੇਵਾਂ, ਕਿਉਂਕਿ ਮੈਨੂੰ ਉਸਦਾ ਕੂਚਾ ਹੀ ਸੁਆਦਲਾ ਲਗਦਾ ਹੈ।

**ਜ਼ਿੰਦਹ ਮੇ ਗਰਦਮ ਜਿ ਬੂਏ ਮਕਦਮਸ਼।**

**ਬਸ ਕਿ ਮਾ ਰਾ ਬੂਇ ਓ ਬਾਸ਼ਦ ਲਜ਼ੀਜ਼॥ ੪॥**

{ਮੇ ਗਰਦਮ=ਹੁੰਦਾ ਹਾਂ ਮੈਂ। ਮਕਦਮਸ਼=ਉਸ ਦੇ ਕਦਮਾਂ ਨਾਲ। ਬੂਇ=ਵਾਸ਼ਨਾ।

*ਅਰਥ*—ਮੈਂ ਜੀਊਂਦਾ ਹੁੰਦਾ ਹਾਂ, ਉਸਦੇ ਚਰਨਾਂ ਦੀ ਸੁਗੰਧੀ ਨਾਲ। ਬਸ ! ਇਸ ਲਈ ਮੈਨੂੰ



Sri Satguru Jagjit Singh Ji eLibrary NamdhariElibrary@gmail.com

ਉਸਦੀ ਸੁਗੰਧੀ ਸੁਆਦੀ (ਮਲੂਮ) ਹੁੰਦੀ ਹੈ।

**ਜ਼ਿਕਰੇ ਯਾਦਿ ਹਕ ਕਿ ਊ ਬਾਸ਼ਦ ਲਜ਼ੀਜ਼।**
**ਅਜ਼ ਹਮਹ ਮੇਵਾ ਕਿ ਊ ਬਾਸ਼ਦ ਲਜ਼ੀਜ਼॥ ੫॥**

{ਜ਼ਿਕਰੇ=ਭਜਨ ਕਰਨਾ, ਜੀਭ ਨਾਲ ਵਰਣਨ ਕਰਨਾ। ਯਾਦਿ=ਮਨ ਦਾ ਚਿੰਤਨ, ਸਿਮਰਨ ਕਰਨਾ। ਅਜ਼=ਨਾਲੋਂ। ਹਮਹ=ਸਾਰਿਆਂ। ਹਕ=ਸੱਚ, ਰੂਪ ਵਾਹਿਗੁਰੂ।}

*ਅਰਥ*—ਉਸ ਹਕ ਦਾ ਭਜਨ ਕਰਨਾ ਤੇ ਸਿਮਰਨ ਕਰਨਾ (ਸਾਨੂੰ) ਸੁਆਦਲਾ ਲਗਦਾ ਹੈ। (ਕਿਉਂਕਿ) ਜੋ ਸਾਰਿਆਂ ਮੇਵਿਆਂ ਨਾਲੋਂ ਉਹ ਸੁਆਦੀ ਲਗਦਾ ਹੈ।

## ਪੰਜਾਬੀ ਉਲਥਾ–

ਗਿਆਨੀ ਪੁਰਸ਼ਾਂ ਨੂੰ ਵਲ ਪ੍ਰੀਤਮ ਜਾਣਾ ਚੰਗਾ ਲੱਗਾ ਏ।
ਪ੍ਰੇਮੀ ਪੁਰਸ਼ਾਂ ਕੂਚੇ ਮਾਹੀ ਧਾਣਾ ਚੰਗਾ ਲੱਗਾ ਏ।
ਕਾਲੇ ਕੁੰਡਲ ਕੇਸ ਮਾਹੀ ਦੇ ਜੱਗ ਦੇ ਦਿਲ ਨੂੰ ਮੋਹ ਲਿਆ,
ਵਾਲ ਇਕ ਜਗਜਾਮੂ ਦੇ ਦਿਲ ਸਭ ਤੋਂ ਚੰਗਾ ਲੱਗਾ ਏ।
ਰੌਜ਼ੇ ਬਾਗ ਬਹਿਸ਼ਤਾਂ ਵਾਲੇ ਸਭ ਕੁਝ ਸਦਕੇ ਕਰਦਾ ਹਾਂ,
ਕੂਚਾ ਪ੍ਰੀਤਮ ਓਨ੍ਹਾਂ ਨਾਲੋਂ ਮੈਨੂੰ ਚੰਗਾ ਲੱਗਾ ਏ।
ਪਾਇ ਸੁਗੰਧੀ ਉਸਦੇ ਚਰਨਾ ਮੈਂ ਹਾਂ ਜੱਗ ਵਿਚ ਜੀਊਂ ਰਿਹਾ,
ਚਰਨ ਸੁਗੰਧੀ ਦਾ ਇਕ ਚਸਕਾ ਮੈਨੂੰ ਚੰਗਾ ਲੱਗਾ ਏ।
ਸ਼ਿਮਰਨ ਭਜਨ ਵਾਹਿਗੁਰੂ ਸੰਦਾ ਸਭਾ ਤੋਂ ਜਾਨ ਸੁਆਦੀ ਹੈ,
ਹਨ ਜੋ ਮੇਵੇ ਜੱਗ ਵਿਚ ਚੰਗੇ ਸਭ ਤੋਂ ਚੰਗਾ ਲੱਗਾ ਏ।


Sri Satguru Jagjit Singh Ji eLibrary NamdhariElibrary@gmail.com
SIKHBOOKCLUB.COM

## ਗ਼ਜ਼ਲ-੩੫

**ਜ਼ਿ ਫ਼ੈਜ਼ੇ ਮਕਦਮਤ ਐ ਆਬਰੂ ਏ ਫਸਲੇ ਬਹਾਰ।**
**ਜਹਾਂ ਚੂੰ ਬਾਗ਼ੇ ਇਰਮ ਪੁਰ ਸ਼ੁਦ ਅਸਤ ਓ ਗੁਲਜ਼ਾਰ ॥੧॥**

{ਜ਼ਿ=ਨਾਲ। ਫ਼ੈਜ਼ੇ=ਬਰਕਤ ਦੇ। ਮਕਦਮਤ=ਤੇਰੇ ਕਦਮਾਂ ਨਾਲ, (੨) ਤੇਰੇ ਆਵਣ ਨਾਲ। ਆਬਰੂ ਏ=ਇਜ਼ਤ ਹੈ। ਫਸਲੇ=ਰੁਤ, ਮੌਸਮ। ਬਹਾਰ=ਬਸੰਤ, ਸੁਹਾਵਣਾ ਸਮਾਂ। ਜਹਾ=ਜਹਾਨ, ਜਗਤ। ਇਰਮ=ਬਹਿਸ਼ਤ। ਪੁਰ ਸ਼ੁਦ ਅਸਤ=ਭਰ ਗਿਆ ਹੈ।}

*ਅਰਥ*—ਤੇਰੇ ਕਦਮਾਂ ਦੀ ਬਰਕਤ ਨਾਲ, ਹੇ ਬਹਾਰ ਦੇ ਮੌਸਮ ਦੀ ਇਜ਼ਤ! ਜਗਤ ਬਹਿਸ਼ਤ ਦੇ ਬਾਗ ਵਾਂਗੂੰ ਫੁਲਵਾੜੀ ਨਾਲ ਭਰ ਗਿਆ ਹੈ।

**ਤਬੱਸਮੇ ਤੋ ਜਹਾਂ ਰਾ ਹਯਾਤ ਮੇ ਬਖਸ਼ਦ।**
**ਕਰਾਰੇ ਦੀਦਾ ਏ ਸਾਹਿਬ ਦਿਲਾਨੇ ਪੁਰ ਅਸਰਾਰ ॥੨॥**

SIKHBOOKCLUB.COM

{ਤਬੱਸਮੇ=ਮੁਸਕ੍ਰਾਹਟ। ਹਯਾਤ=ਜ਼ਿੰਦਗੀ। ਮੇ ਬਖਸ਼ਦ=ਬਖਸ਼ਦਾ ਹੈ। ਇਸਰਾਰ =ਭੇਦ, ਰਮਜ਼। ਕਰਾਰੇ=ਚੈਨ, ਸੁਖ (੨) ਆਸਰਾ। ਦੀਦਾ ਏ=ਅੱਖਾਂ ਨੂੰ। ਸਾਹਿਬ ਦਿਲਾਨੇ=ਸੰਤਾਂ ਦੇ ਦਿਲਾਂ ਨੂੰ।}

*ਅਰਥ*—ਤੇਰੀ ਮੁਸਕ੍ਰਾਹਟ ਜਗਤ ਨੂੰ ਜ਼ਿੰਦਗੀ ਬਖਸ਼ਦੀ ਹੈ। (ਉਨ੍ਹਾਂ ਦੀਆਂ) ਅੱਖਾਂ ਨੂੰ ਚੈਨ ਮਿਲਦਾ ਹੈ, (ਜਿਨ੍ਹਾਂ) ਸੰਤਾਂ ਦੇ ਦਿਲ (ਤੇਰੇ) ਭੇਦਾਂ ਨਾਲ ਭਰੇ ਹੋਏ ਹਨ।

**ਬਗ਼ੈਰ ਇਸ਼ਕੇ ਖ਼ੁਦਾ ਹੇਚ ਇਸ਼ਕਿ ਕਾਇਮ ਨੇਸਤ।**
**ਬਗ਼ੈਰ ਆਸ਼ਕਿ ਮੌਲਾ ਹਮਹ ਫ਼ਨਾਹ ਪਿੰਦਾਰ ॥੩॥**

{ਹੇਚ=ਕੁਝ। ਕਾਇਮ=ਸਥਿਰ। ਨੇਸਤ=ਨਹੀਂ ਹੈ। ਫਨਾਹ=ਨਾਸਵੰਤ। ਪਿੰਦਾਰ= ਸਮਝ।}

*ਅਰਥ*—ਰੱਬ ਦੇ ਪ੍ਰੇਮ ਤੋਂ ਬਿਨਾਂ ਕੋਈ ਪ੍ਰੇਮ ਸਥਿਰ ਨਹੀਂ ਹੈ। ਰੱਬ ਦੇ ਪ੍ਰੇਮੀ ਤੋਂ ਬਿਨਾਂ (ਹੋਰ) ਸਭਨਾਂ ਨੂੰ ਨਾਸਵੰਤ ਜਾਣ ਲੈ।

**ਬਹਰ ਤਰਫ਼ ਕਿ ਨਿਗਾਹੇ ਕੁਨੀ ਰਵਾਂ ਬਖ਼ਸ਼ੀ।**
**ਨਿਗਾਹੇ ਤੁਸਤ ਕਿ ਦਰ ਹਰ ਤਰਫ਼ ਬਵਦ ਜਾਂ ਬਾਰ ॥੪॥**



Sri Satguru Jagjit Singh Ji eLibrary NamdhariElibrary@gmail.com

{ਕੁਨੀ=ਕਰਦਾ ਹੈਂ। ਰਵਾਂ=ਪ੍ਰਾਣ, ਜੀਵਨ। ਤੁਸਤ=ਤੇਰੀ ਹੈ। ਬਵਦ=ਹੁੰਦੀ ਹੈ। ਬਹਰ ਤਰਫ=ਜੇਹੜੇ ਪਾਸੇ। ਜਾਂ ਬਾਰ=ਜ਼ਿੰਦਗੀ ਦੀ ਬਾਰਸ਼।}

*ਅਰਥ*—ਜੇਹੜੇ ਪਾਸੇ ਭੀ ਨਿਗਾਹ ਕਰਦਾ ਹੈਂ, ਜੀਵਨ ਬਖਸ਼ਦਾ ਜਾਂਦਾ ਹੈਂ। ਤੇਰੀ ਨਿਗਾਹ ਹੀ ਹੈ, ਜਿਸ ਨਾਲ ਸਭਨਾਂ ਪਾਸਿਆਂ ਵਲ ਜੀਵਨ ਦੀ ਬਰਖਾ ਹੁੰਦੀ ਜਾਂਦੀ ਹੈ।

**ਖੁਦਾ ਕਿ ਦਰ ਹਮਹ ਹਾਲਸਤ ਹਾਜਰੋ ਨਾਜ਼ਿਰ।**
**ਕੁਜਾਸਤ ਦੀਦਹ ਕਿ ਬੀਨਦ ਬ ਹਰ ਤਰਫ ਦੀਦਾਰ ॥੫॥**

{ਦਰ ਹਮਹ=ਸਭਨਾਂ ਵਿਚ। ਹਾਲਸਤ=ਹਾਲਤਾਂ ਵਿਚ ਹੈ। ਕੁਜਾਸਤ=ਕਿਥੇ ਹੈ। ਦੀਦਹ=ਅੱਖ। ਬੀਨਦ=ਵੇਖਦੀ ਹੈ। ਦੀਦਾਰ=ਦਰਸ਼ਨ।}

*ਅਰਥ*—ਖੁਦਾ, ਜੋ ਸਭਨਾਂ ਵਿਚ ਸਭਨਾਂ ਹਾਲਤਾਂ ਵਿਚ ਹਾਜਰ ਨਾਜਰ ਹੈ। (ਪਰ ਉਹ) ਅੱਖ ਕਿਥੇ ਹੈ, ਜੋ ਸਭਨਾਂ ਤਰਫਾਂ ਵਿਚ (ਉਸ ਦਾ) ਦਰਸ਼ਨ ਵੇਖਦੀ ਹੈ।

**ਬਗੈਰ ਆਰਫ਼ੇ ਮੌਲਾ ਕਸੇ ਨਜਾਤ ਨ ਯਾਫਤ।**
**ਅਜਲ ਜ਼ਮੀਨੋ ਜ਼ਮਾਂ ਰਾ ਗ੍ਰਿਫਤਹ ਦਰ ਮਿਨਕਾਰ ॥੬॥**

{ਆਰਫ਼ੇ ਮੌਲਾ=ਰੱਬ ਦੇ ਭਗਤਾਂ ਦੇ। ਕਸੇ=ਕਿਸੇ ਹੋਰ ਨੇ। ਨਜਾਤ=ਮੁਕਤੀ। ਯਾਫਤ=ਪਾਈ, ਪ੍ਰਾਪਤ ਕੀਤੀ। ਅਜਲ=ਮੌਤ। ਜ਼ਮੀਨੋ=ਧਰਤੀ ਉਤੇ ਰਹਿਣ ਵਾਲੇ ਜੀਵ। ਜ਼ਮਾਂ=ਆਕਾਸ਼ ਵਿਚ ਰਹਿਣ ਵਾਲੇ ਜੀਵ। ਗ੍ਰਿਫਤਹ=ਫੜਿਆ ਹੋਇਆ ਹੈ। ਮਿਨਕਾਰ=ਚੁੰਜ।}

*ਅਰਥ*—ਵਾਹਿਗੁਰੂ ਦੇ ਭਗਤਾਂ ਤੋਂ ਬਿਨਾਂ ਹੋਰ ਕਿਸੇ ਨੇ ਮੁਕਤੀ ਨਹੀਂ ਪਾਈ। ਮੌਤ ਨੇ ਧਰਤੀ ਅਸਮਾਨ ਦੇ ਸਾਰੇ ਜੀਵਾਂ ਨੂੰ (ਆਪਣੀ) ਚੁੰਜ ਵਿਚ ਫੜਿਆ ਹੋਜਾ ਹੈ।

**ਹਮੇਸਹ ਜ਼ਿੰਦਾ ਬਵਦ ਬੰਦਾ ਏ ਖ਼ੁਦਾ ਗੋਯਾ।**
**ਕਿ ਗ਼ੈਰ ਬੰਦਗੀਸ਼ ਨੇਸਤ ਦਰ ਜਹਾਂ ਆਸਾਰ ॥੭॥**

{ਆਸਾਰ=ਨਿਸ਼ਾਨ। ਬਵਦ=ਰਹਿੰਦਾ ਹੈ। ਬੰਦਗੀਸ਼=ਉਸਦੀ ਬੰਦਗੀ। ਨੇਸਤ= ਨਹੀਂ ਹੈ।}

*ਅਰਥ*—ਹੇ ਨੰਦ ਲਾਲ ! ਵਾਹਿਗੁਰੂ ਦਾ ਭਗਤ ਸਦਾ ਹੀ ਜੀਉਂਦਾ ਰਹਿੰਦਾ ਹੈ। ਉਸਦੀ ਭਗਤੀ ਤੋਂ ਬਿਨਾਂ ਜਗਤ ਵਿਚ (ਕਿਸੇ ਦਾ ਭੀ) ਨਿਸ਼ਾਨ ਨਹੀਂ ਰਹਿਣਾ ਹੈ।



Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਉਲਥਾ-

ਚਰਨ ਪਵਿੱਤ੍ਰ ਸਤਿਗੁਰੂ ਮੇਰੇ ਵਿਚ ਜਗਤ ਜਦ ਪਾਇਆ।
ਸੂਰਗ ਬਾਗ਼ ਦੇ ਵਾਂਗੂੰ ਜਾਣੇ ਸਾਰਾ ਜਗਤ ਖਿੜਾਇਆ।
ਤੇਰੀ ਇਕ ਮੁਸਕ੍ਰਾਹਟ ਸਤਿਗੁਰ ਜੀਵਨ ਜੱਗ ਨੂੰ ਬਖਸ਼ੇ,
ਰਮਜ਼ਾਂ ਵਾਲੇ ਸੰਤਾਂ ਦੇ ਦਿਲ ਤੁਸਾਂ ਕਰਾਰ ਬੰਨ੍ਹਾਇਆ।
ਪ੍ਰਭੂ ਦੀ ਸੱਚੀ ਪ੍ਰੀਤੀ ਬਾਝੋਂ ਹੋਰ ਪ੍ਰੀਤੀ ਫਿਰ ਨਾਹੀਂ,
ਇਕ ਪ੍ਰੇਮੀ ਪ੍ਰਭੂ ਬਿਨਾਂ ਸਭ ਮਰਸੀ ਜੋ ਜੱਗ ਆਇਆ।
ਸਭ ਪਾਸੇ ਕਰ ਨਜ਼ਰ ਮੇਹਰ ਦੀ ਜੀਵਨ ਪਦਵੀ ਦੇਂਦੇ ਹੋ,
ਤੇਰੀ ਨਜ਼ਰ ਪ੍ਰੀਤਮ ਸਭ ਥਾਂ ਜੀਵਨ ਮੀਂਹ ਬਰਸਾਇਆ।
ਹਾਜ਼ਰ ਨਾਜ਼ਰ ਹਰ ਇਕ ਥਾਂ ਵਿਚ, ਮੇਰਾ ਪ੍ਰਭੂ ਪ੍ਰੀਤਮ ਸੋ,
ਪਰ ਵਿਰਲੀ ਉਹ ਅੱਖ ਕਿਤੇ ਹੈ ਜਿਸਨੂੰ ਹੈ ਦਿੱਸ ਆਇਆ।
ਵਾਹਿਗੁਰੂ ਦੇ ਭਗਤਾਂ ਬਾਝੋਂ ਕਿਸੇ ਨਾ ਮੁਕਤੀ ਪਾਈ,
ਧਰਤਿ ਅਕਾਸ ਨੂੰ ਮੌਤ ਨੇ ਆਪਣੇ ਪੰਜੇ ਵਿਚ ਫਸਾਇਆ।
ਹੇ ਨੰਦ ਲਾਲ ਖ਼ੁਦਾ ਦਾ ਬੰਦਾ ਸਦ ਹੀ ਜੀਊਂਦਾ ਰਹਿੰਦਾ,
ਉਸਦੀ ਭਗਤੀ ਬਿਨ ਇਸ ਜੱਗ ਵਿਚ ਨਹੀਂ ਨਿਸ਼ਾਨ ਰਹਾਇਆ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੩੬

**ਮਨ ਅਜ਼ ਜਵਾਂ ਕਿ ਪੀਰ ਸ਼ੁਦਮ ਦਰ ਕਿਨਾਰਿ ਉਮਰ।**
**ਐ ਬਾ ਤੋ ਖੁਸ਼ ਗੁਜ਼ਸਤ ਮਰਾ ਦਰ ਕਿਨਾਰਿ ਉਮਰ॥੧॥**

{ਮਨ=ਮੈਂ। ਅਜ਼ ਜਵਾਂ=ਜਵਾਨ ਤੋਂ। ਪੀਰ=ਬੁਢਾ। ਸ਼ੁਦਮ=ਹੋਇਆ ਹਾਂ। ਕਿਨਾਰਿ=ਬੁਕਲ। ਐ=(ਸੰਬੋਧਨ ਵਾਕ) ਹੇ ਸਤਿਗੁਰੂ!। ਬਾ ਤੋ=ਤੇਰੇ ਨਾਲ। ਗੁਜ਼ਸਤ=ਗੁਜ਼ਰਿਆ ਹੈ। ਮਰਾ=ਮੇਰਾ।}

*ਅਰਥ*—ਮੈਂ ਜੋ ਕਿ ਜਵਾਨ ਤੋਂ ਬੁਢਾ ਹੋਇਆ ਹਾਂ, ਉਮਰਾ ਦੀ ਬੁਕਲ ਵਿਚ। ਹੇ ਗੁਰੂ! ਉਮਰਾ ਦੀ ਬੁਕਲ ਵਿਚ ਤੇਰੇ ਨਾਲ (ਹੋਣ ਕਰਕੇ) ਮੇਰਾ (ਸਮਾਂ) ਚੰਗਾ ਗੁਜ਼ਰਿਆ ਹੈ।

**ਦਮਹਾਇ ਮਾਂਦਾ ਰਾ ਤੋ ਚੁਨੀਂ ਮੁਗ਼ਤਨਿਮ ਸ਼ੁਮਾਰ।**
**ਆਖ਼ਿਰ ਖ਼ਿਜ਼ਾਂ ਬਰ ਆਵੁਰਦ ਈਂ ਨੌ ਬਹਾਰੇ ਉਮਰ॥੨॥**

SIKHBOOKCLUB.COM

{ਦਮਹਾਇ=(ਦਮ ਦਾ ਬਾ: ਬਾ:) ਸੁਆਸਾਂ ਨੂੰ। ਮਾਂਦਾ=ਬਾਕੀ ਰਹਿੰਦੇ ਹੋਏ। ਮੁਗ਼ਤਨਿਮ=ਦੁਰਲੱਭ। ਸ਼ੁਮਾਰ=ਗਿਣ। ਆਖਿਰ=ਅੰਤ ਨੂੰ। ਖ਼ਿਜਾਂ=ਪਤਝੜ ਦਾ ਸਮਾਂ। ਬਰ=ਉਪਰ। ਆਵੁਰਦ=ਆਉਣਾ ਹੈ। ਨੌ ਬਹਾਰੇ=ਨਵੀਂ ਬਸੰਤ ਰੁਤ।}

*ਅਰਥ*—ਬਾਕੀ ਰਹਿੰਦੇ ਹੋਏ ਸੁਆਸਾਂ ਨੂੰ ਤੂੰ ਦੁਰਲੱਭ ਗਿਣ। (ਕਿਉਂਕਿ) ਅੰਤ ਨੂੰ ਇਸ ਉਮਰਾ ਦੀ ਬਸੰਤ ਰੁਤ ਉਤੇ ਪਤਝੜ ਦਾ ਸਮਾਂ ਆਉਣਾ ਹੈ (ਅਰਥਾਤ ਇਸ ਅਲਬੇਲੀ ਜਵਾਨੀ ਉਤੇ ਮੌਤ ਨੇ ਜ਼ਰੂਰ ਆਉਣਾ ਹੈ)।

**ਹਾਂ ਮੁਗ਼ਤਨਿਮ ਸ਼ੁਮਾਰ ਦਮੇ ਰਾ ਬਜ਼ਿਕਰੇ ਹਕ।**
**ਚੂੰ ਬਾਦ ਮੇਰਵਦ ਜ਼ਿ ਨਜ਼ਰ ਦਰ ਸ਼ੁਮਾਰੇ ਉਮਰ॥੩॥**

{ਬਜ਼ਿਕਰਿ ਹਕ=ਵਾਹਿਗੁਰੂ ਦੇ ਭਜਨ ਨਾਲ। ਬਾਦ=ਹਵਾ। ਮੇਰਵਦ=ਲੰਘ ਰਹੇ ਹਨ।}

*ਅਰਥ*—ਹਾਂ! ਦੁਰਲੱਭ ਗਿਣ, (ਉਨ੍ਹਾਂ ਸੁਆਸਾਂ ਨੂੰ, ਜੋ) ਵਾਹਿਗੁਰੂ ਦੇ ਸਿਮਰਨ ਨਾਲ ਗੁਜ਼ਰਨ। (ਕਿਉਂਕਿ ਜੋ) ਉਮਰਾ ਦੀ ਗਿਣਤੀ ਵਿਚ ਹਨ, (ਉਹ) ਹਵਾ ਵਾਂਗੂੰ ਨਜ਼ਰ ਅਗੋਂ ਲੰਘ ਰਹੇ ਹਨ।



Sri Satguru Jagjit Singh Ji eLibrary NamdhariElibrary@gmail.com

**ਬਾਸ਼ਦ ਰਵਾਂ ਚੂੰ ਕਾਫ਼ਲਾ ਏ ਮੌਜ ਪੈ ਬ ਪੈ।**
**ਆਬੇ ਬਿਨੋਸ਼ ਯਕ ਨਫ਼ਸ ਅਜ਼ ਜੂਇ ਬਾਰਿ ਉਮਰ॥ ੪ ॥**

{ਬਾਸ਼ਦ ਰਵਾਂ=ਚਲ ਰਿਹਾ ਹੈ। ਚੂੰ=ਵਾਂਗੂੰ। ਕਾਫਲਾ ਏ=ਵਹੀਰ, ਤੁਰਨ ਵਾਲਾ ਜਥਾ। ਮੌਜ=ਪਾਣੀ ਦੀ ਲਹਿਰ। ਪੈ ਬ ਪੈ=ਅਗੇ ਪਿਛੇ। ਆਬੇ=ਪਾਣੀ ਦਾ ਘੁਟ। ਬਿਨੋਸ਼=ਪੀ ਲੈ। ਯਕ ਨਫ਼ਸ=ਇਕ ਸ੍ਵਾਸ। ਜੂਇ ਬਾਰਿ=ਪਾਣੀ ਦੀ ਨਦੀ। ਅਜ਼=ਤੋਂ।}

*ਅਰਥ*—ਪਾਣੀ ਦੀਆਂ ਲਹਿਰਾਂ ਵਾਂਗੂੰ (ਇਹ ਸ੍ਵਾਸਾਂ ਦਾ) ਵਹੀਰ ਅਗੇ ਪਿਛੇ ਤੁਰਿਆ ਜਾ ਰਿਹਾ ਹੈ। (ਇਸ) ਉਮਰਾ ਰੂਪ ਪਾਣੀ ਦੀ ਨਦੀ ਵਿਚੋਂ, ਇਕ ਸ੍ਵਾਸ ਭਰ (ਤਾਂ ਸਿਮਰਨ ਰੂਪ) ਪਾਣੀ ਦਾ ਘੁਟ ਪੀ ਲੈ।

**ਸਦ ਕਾਰ ਕਰਦਾਈ ਕਿ ਨਿ ਆਯਦ ਬ ਕਾਰੇ ਤੋ।**
**ਗੋਯਾ ਬ ਕੁਨ ਕਿ ਬਾਜ਼ ਬਿ ਆਯਦ ਬ ਕਾਰੇ ਉਮਰ॥੫॥**

{ਸਦ=ਸੈਂਕੜੇ। ਕਾਰ=ਕੰਮ। ਕਰਦਾਈ=ਤੂੰ ਕੀਤੇ ਹਨ। ਕਿ=ਜੋ। ਨਿ=ਨਹੀਂ। ਆਯਦ=ਆਏ ਹਨ। ਬ ਕਾਰੇ ਤੋ=ਤੇਰੇ ਕੰਮ ਵਿਚ। ਕੁਨ=ਕਰ। ਬਾਜ਼=ਫੇਰ ਭੀ।}

*ਅਰਥ*—(ਇਸ ਤਰ੍ਹਾਂ ਦੇ) ਸੈਂਕੜੇ ਕੰਮ ਤੂੰ ਕੀਤੇ ਹਨ ਜੋ ਤੇਰੇ (ਕਿਸੇ ਭੀ) ਕੰਮ ਨਹੀਂ ਆਉਣੇ ਹਨ। ਹੇ ਨੰਦ ਲਾਲ! (ਉਹ) ਕੰਮ ਕਰ, ਜੋ ਫੇਰ ਭੀ ਉਮਰਾ ਵਿਚ ਤੇਰੇ ਕੰਮ ਆ ਜਾਵੇ।

SIKHBOOKCLUB.COM

## ਪੰਜਾਬੀ ਉਲਥਾ-

ਗਈ ਜਵਾਨੀ ਆਯਾ ਬੁਢੇਪਾ ਜਾਂਦੀ ਪਤਾ ਨਾ ਪਾਇਆ।
ਹੇ ਗੁਰ! ਸਮਾਂ ਓਹੀ ਹੈ ਸਫਲਾ ਜੋ ਤੇਰੇ ਸੰਗ ਬਿਤਾਇਆ।
ਬਾਕੀ ਰਹਿੰਦੇ ਸ੍ਵਾਸਾਂ ਤਾਈਂ ਤੂੰ ਦੁਰਲੱਭ ਜਾਣੀ ਬੰਦੇ,
ਓੜਕ ਰੁਤ ਬਸੰਤ ਉਮਰ ਤੇ ਸਮਾਂ ਖ਼ਿਜਾਂ ਦਾ ਆਇਆ।
ਦੁਰਲੱਭ ਸ੍ਵਾਸ ਜਾਣ ਤੂੰ ਓਹੀ ਪ੍ਰਭੁ ਸਿਮਰਨ ਵਿਚ ਜੋ ਗੁਜ਼ਰੇ,
ਬੁੱਲੇ ਹਵਾ ਦੇ ਵਾਂਗੂੰ ਹੈ ਇਹ ਸਮਾਂ ਜਾਂਵਦਾ ਧਾਇਆ।
ਭੱਜੀ ਜਾਂਦੀ ਉਮਰਾ ਬੰਦੇ ਜਿਉਂ ਪਾਣੀ ਦੀਆਂ ਲਹਿਰਾਂ,
ਭਰ ਕੇ ਘੁਟ ਨਦੀ ਚੋਂ ਪੀ ਲੈ ਸਿਮਰਨ ਨੀਰ ਭਰਾਇਆ।
ਕੰਮ ਸੈਂਕੜੇ ਕੀਤੇ ਹਨ ਤੂੰ ਜੁ ਤੇਰੇ ਕੰਮ ਨਾ ਆਏ,
ਨੰਦ ਲਾਲ ਕਰ ਕੰਮ ਉਸੇ ਨੂੰ ਜੋ ਪ੍ਰਭ ਲੇਖੇ ਪਾਇਆ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੩੭

**ਮਾ ਕਿ ਦੀਦੇਮ ਸਰੇ ਕੂਇ ਤੋ ਐ ਮਹਿਰਮਿ ਰਾਜ਼।**
**ਅਜ਼ ਹਮਹ ਰੂਇ ਫ਼ਿਗੰਦਾਏਮ ਸਰੇ ਖ਼ੁਦ ਬਨਿਆਜ਼ ॥੧॥**

{ਮਾ=ਮੈਂ, ਅਸਾਂ। ਦੀਦੇਮ=ਵੇਖਿਆ ਹੈ। ਐ ਮਹਿਰਮਿ=ਹੇ ਜਾਣਨ ਵਾਲੇ। ਰਾਜ਼= ਭੇਦ। ਅਜ਼ ਹਮਹ ਰੂਇ=ਸਭਨਾਂ ਪਾਸਿਆਂ ਤੋਂ। ਫ਼ਿਗੰਦਾਏਮ=ਸੁਟ ਦਿਤਾ ਹੈ। ਸਰੇ ਖ਼ੁਦ= ਆਪਣਾ ਸਿਰ। ਬਨਿਆਜ਼=ਸਿਜਦੇ ਵਿਚ।}

*ਅਰਥ*—ਮੈਂ ਜੋ ਵੇਖਿਆ ਹੈ, ਤੇਰਾ ਕੂਚਾ (ਜਦ ਤੋਂ) ਹੇ (ਮੇਰੇ ਲੁਕਵੇਂ) ਭੇਦਾਂ ਨੂੰ ਜਾਣਨ ਵਾਲੇ। (ਤਦ ਤੋਂ) ਸਭਨਾਂ ਪਾਸਿਆਂ ਤੋਂ (ਮਨ ਨੂੰ ਮੋੜ ਕੇ) ਆਪਣਾ ਸਿਰ (ਤੇਰੇ ਅੱਗੇ) ਸਿਜਦੇ ਵਿਚ ਸੁੱਟ ਦਿਤਾ ਹੈ।

**ਤਾ ਬਗਿਰਦੇ ਸਰੇ ਕੂਏ ਤੋ ਬਿਗਰਦੀਦ ਦਿਲਮ।**
**ਰੌਜ਼ਾਏ ਖ਼ੁਲਾਦਿ ਬਰੀਂ ਰਾ ਬ ਕੁਨਮ ਪਾ ਅੰਦਾਜ਼ ॥੨॥**

SIKHBOOKCLUB.COM

{ਤਾ=ਜਦ ਤੋਂ। ਬਗਿਰਦੇ=ਚੁਫੇਰੇ, ਪਰਕਰਮਾ। ਬਿਗ਼ਰਦੀਦ=ਫਿਰਿਆ ਹੈ। ਦਿਲਮ=ਦਿਲ ਮੇਰਾ। ਖ਼ੁਲਾਦਿ=ਬਹਿਸ਼ਤ। ਬਰੀਂ=ਉੱਚਾ। ਬ ਕੁਨਮ=ਮੈਂ ਕਰ ਦਿਤਾ ਹੈ। ਪਾ=ਪੈਰ। ਅੰਦਾਜ਼=ਹੇਠਾਂ।}

*ਅਰਥ*—ਜਦ ਤੋਂ ਤੇਰੇ ਕੂਚੇ ਦੀਆਂ ਪਰਕਰਮਾਂ ਵਿਚ ਮੇਰਾ ਦਿਲ ਫਿਰਿਆ ਹੈ (ਅਰਥਾਤ ਜਦ ਤੋਂ ਤੇਰੀਆਂ ਪਰਕਰਮਾਂ ਕੀਤੀਆਂ ਹਨ)। (ਤਦ ਤੋਂ) ਬਹਿਸ਼ਤ ਦੇ ਉਚੇ ਰੌਜ਼ੇ ਨੂੰ ਭੀ ਪੈਰਾਂ ਥੱਲੇ ਸੁੱਟ ਦਿਤਾ ਹੈ।

**ਅਜ਼ ਖਮੇ ਕਾਕੁਲੇ ਮੁਸ਼ਕੀਂ ਦਿਲੋ ਦੀਂ ਬੁਰਦ ਜ਼ਿ ਮਾ।**
**ਹਾਸਿਲੇ ਉਮਰ ਹਮੀਂ ਬੂਦ ਅਜ਼ੀ ਉਮਰ ਦਰਾਜ਼ ॥੩॥**

{ਖਮੇ=ਪੇਚ। ਕਾਕੁਲੇ=ਜ਼ੁਲਫ। ਮੁਸ਼ਕੀਂ=ਸੁਗੰਧੀ ਵਾਲੇ। ਦਿਲੋ ਦੀਂ=ਦਿਲ ਤੇ ਦੀਨ। ਬੁਰਦ=ਲੈ ਲਿਆ ਹੈ। ਹਾਸਿਲੇ=ਲਾਭ, ਨਫਾ। ਬੂਦ=ਹੋਯਾ। ਅਜ਼ੀਂ=ਇਸ। ਦਰਾਜ਼=ਲੰਮੀ, ਵੱਡੀ।}

*ਅਰਥ*—ਸੁਗੰਧੀ ਵਾਲੇ ਜ਼ੁਲਫ ਦੇ ਕੁੰਡਲ ਨਾਲ, ਮੇਰੇ ਦਿਲ ਤੇ ਦੀਨ ਨੂੰ ਲੈ ਲਿਆ ਹੈ। ਇਸ ਲੰਮੀ ਉਮਰ ਦਾ ਏਹੋ ਹੀ ਲਾਭ ਹੋਇਆ ਹੈ।



Sri Satguru Jagjit Singh Ji eLibrary NamdhariElibrary@gmail.com

**ਮਸਹਫ਼ੇ ਰੂਏ ਤੋ ਹਿਫ਼ਜ਼ ਹਮਹ ਰਾ ਦਰ ਹਮਹ ਹਾਲ।**
**ਖ਼ਮੇ ਅਬਰੂਏ ਤੋ ਮਹਿਰਾਬੇ ਦਿਲ ਅਹਿਲੇ ਨਿਮਾਜ਼ ॥੪॥**

{ਮਸਹਫ਼ੇ=ਕੁਰਾਨ। ਹਿਫ਼ਜ਼=ਜ਼ਬਾਨੀ ਯਾਦ। ਅਬਰੂਏ=ਭਰਵੱਟੇ। ਮਹਿਰਾਬੇ= ਡਾਟਦਾਰ ਜਗ੍ਹਾ ਜੋ ਮਸੀਤ ਵਿਚ ਬਣਾਈ ਹੁੰਦੀ ਹੈ, ਜਿਸ ਵਲ ਮੂੰਹ ਕਰਕੇ ਨਿਮਾਜ਼ੀ ਲੋਕ ਸਿਜਦਾ ਕਰਦੇ ਹਨ।}

***ਅਰਥ***—ਤੇਰੇ ਚੇਹਰੇ ਦਾ ਕੁਰਾਨ ਸਾਰਿਆਂ ਨੂੰ ਸਾਰਿਆਂ ਸਮਿਆਂ ਵਿਚ ਜ਼ਬਾਨੀ ਯਾਦ ਰਹਿੰਦਾ ਹੈ। ਤੇਰੇ ਭਰਵੱਟਿਆਂ ਦੀ ਟੇਢਤਾਈ ਸੰਤਾਂ ਦੇ ਦਿਲ ਵਿਚ ਨਮਾਜ਼ ਦੀ ਮਹਿਰਾਬ ਵਾਂਗੂੰ ਹੈ।

**ਦਿਲੇ ਮਨ ਬੇ ਤੋ ਚੁਨਾਂਨਸਤ ਚਿ ਗੋਯਦ ਗੋਯਾ।**
**ਹਮ ਚੂ ਆ ਸ਼ਮਏ ਕਿ ਦਾਯਮ ਬਵਦ ਸੋਜ਼ੋ ਗੁਦਾਜ਼ ॥੫॥**

{ਗੋਯਦ=ਆਖਦਾ ਹੈ। ਹਮ ਚੂ=ਵਾਂਗੂੰ। ਸ਼ਮਏ=ਦੀਵੇ। ਬੇ ਤੋ=ਤੈਥੋਂ ਬਿਨਾਂ। ਦਾਯਮ=ਹਮੇਸ਼ਾ। ਬਵਦ=ਹੁੰਦਾ। ਸੋਜ਼ੋ ਗੁਦਾਜ਼=ਸੜਨਾ ਅਤੇ ਪਿਘਲਣਾ (ਗਲਣਾ)।}

***ਅਰਥ***—ਤੈਥੋਂ ਬਿਨਾਂ ਮੇਰਾ ਦਿਲ ਕਿਸ ਤਰ੍ਹਾਂ ਦਾ ਹੈ? ਕੀ ਆਖਦਾ ਹੈ ਨੰਦ ਲਾਲ ! ਉਸ ਦੀਵੇ ਵਾਂਗੂੰ ਹੁੰਦਾ ਹੈ, ਜੋ ਹਮੇਸ਼ਾਂ ਹੀ ਸੜਦਾ ਤੇ ਗਲਦਾ ਰਹਿੰਦਾ ਹੈ।

SIKHBOOKCLUB.COM

### ਪੰਜਾਬੀ ਉਲਥਾ-

ਹੇ ਭੇਦਾਂ ਦੇ ਜਾਣੂ ਮੇਰੇ ਜਦ ਕੂਚਾ ਤੇਰਾ ਪਾਇਆ।
ਅਪਨਾ ਮਨ ਸਭ ਪਾਸਿਓਂ ਮੋੜਕੇ ਤੁਧ ਚਰਨੀ ਸੀਸ ਝੁਕਾਇਆ।
ਗੁਰ ਕੂਚੇ ਦੀ ਕਰੀ ਪਰਕਰਮਾ ਜਦ ਤੋਂ ਹੈ ਦਿਲ ਮੇਰੇ ਨੇ,
ਰੌਜ਼ੇ ਬਾਗ਼ ਬਹਿਸ਼ਤਾਂ ਨੂੰ ਇਨ ਹੈ ਪੈਰਾਂ ਤਲੇ ਸੁਟਾਇਆ।
ਦਿਲ ਵ ਦੀਨ ਮੇਰਾ ਲੁਟ ਲੀਤਾ ਕੁੰਡਲ ਕਾਲੇ ਕੇਸਾਂ ਨੇ,
ਬੀਤੀ ਉਮਰ ਸਾਰੀ ਦਾ ਇਹੋ ਹੈ ਮੈਂ ਲਾਭ ਉਠਾਇਆ।
ਵਾਂਗ ਕੁਰਾਨ ਸਰੂਪ ਤੇਰਾ ਗੁਰ ਯਾਦ ਜ਼ਬਾਨੀ ਹੋਇਆ ਏ,
ਭਵਾਂ ਤੇਰੀ ਮਹਿਰਾਬ ਜਾਣ ਕੇ ਸਿਜਦੇ ਵਿਚ ਮਨ ਆਇਆ।
ਤੇਰੇ ਬਿਨਾਂ ਮੇਰਾ ਮਨ ਕੈਸਾ ਨੰਦ ਲਾਲ ਕੀ ਆਖੇ,
ਵਾਂਗੂੰ ਦੀਵੇ ਜਾਣ ਹਮੇਸ਼ਾ ਗਲਦਾ ਅਤੇ ਸੜਾਇਆ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੩੮

**ਜੁਮਲਾ ਆਲਮ ਬੇ ਤੋ ਹੈਰਾਨਸਤੁ ਬਸ।**
**ਸੀਨਹ ਅਜ਼ ਹਿਜਰੇ ਤੋ ਬਿਰੀਆਨਸਤੁ ਬਸ॥ ੧॥**

{ਜੁਮਲਾ=ਸਾਰਾ। ਆਲਮ=ਜਗਤ। ਹੈਰਾਨਸਤੁ=ਹੈਰਾਨ ਹੈ। ਅਜ਼=ਨਾਲ। ਹਿਜੜੇ=ਵਿਛੋੜੇ। ਬਿਰੀਆਨਸਤੁ-ਭੁਜਿਆ ਹੋਇਆ ਹੈ।}

*ਅਰਥ*—ਬਸ! ਸਾਰਾ ਜਗਤ ਤੈਥੋਂ ਬਿਨਾਂ ਹੈਰਾਨ ਹੈ। ਬਸ! ਤੇਰੇ ਵਿਛੋੜੇ (ਦੀ ਅੱਗ) ਨਾਲ (ਮੇਰਾ) ਸੀਨਾ ਭੁਜਿਆ ਹੋਇਆ ਹੈ।

**ਤਾਲਬੇ ਮੌਲਾ ਹਮੇਸ਼ਹ ਜ਼ਿੰਦਾ ਅਸਤੁ।**
**ਬਰ ਜ਼ਬਾਨਸ਼ ਨਾਮਿ ਸੁਬਹਾਨਸਤੁ ਬਸ॥ ੨॥**

{ਤਾਲਬੇ=ਚਾਹੁਣ ਵਾਲਾ। ਮੌਲਾ=ਵਾਹਿਗੁਰੂ। ਅਸਤੁ=ਹੈ। ਬਰ=ਉਪਰ। ਜ਼ਬਾਨਸ਼=ਜੀਭ ਉਸਦੀ। ਨਾਮਿ=ਜ਼ਿਕਰਿ, ਸਿਮਰਨ। ਸੁਬਹਾਨਸਤੁ=ਸਿਫਤ ਸਲਾਹ ਹੈ। ਸੁਬਹਾਨ=ਅਚਰਜ, ਭਾਵ ਵਾਹ ਵਾਹ ਜਾਂ ਵਾਹਿਗੁਰੂ। ਬਸ=ਫ਼ਕਤ, ਕੇਵਲ।}

SIKHBOOKCLUB.COM

*ਅਰਥ*—ਵਾਹਿਗੁਰੂ ਨੂੰ ਚਾਹੁਣ ਵਾਲਾ ਸਦਾ ਹੀ ਜੀਊਂਦਾ ਹੈ। ਉਸਦੀ ਜ਼ਬਾਨ ਉਤੇ ਕੇਵਲ ਵਾਹ ਵਾਹ (ਜਾਂ ਵਾਹਿਗੁਰੂ ਵਾਹਿਗੁਰੂ) ਨਾਮ ਵੱਸਦਾ ਹੈ।

**ਖ਼ਾਲਿ ਮੁਸ਼ਕੀਨਸ਼ ਦਿਲੇ ਆਲਮ ਰਬੂਦ।**
**ਕੁਫ਼ਰਿ ਜ਼ੁਲਫ਼ਸ਼ ਦਾਮਿ ਈਮਾਨਸਤੁ ਬਸ॥ ੩॥**

{ਖ਼ਾਲਿ=ਦਾਗ਼ ਦਾ ਨਿਸ਼ਾਨ, ਤਿਲ ਦਾ ਦਾਗ਼ ਜੋ ਚੇਹਰੇ ਉਤੇ ਹੈ। ਮੁਸਕੀਨਸ਼=ਕਾਲਾ ਉਸਦਾ। ਰਬੂਦ=ਲੈ ਗਿਆ। ਕੁਫ਼ਰੇ=ਕਾਫ਼ਰ ਹੋਣਾ। ਦਾਮਿ=ਫਾਹੀ। ਈਮਾਨਸਤੁ=ਈਮਾਨ ਹੈ।}

*ਅਰਥ*—ਉਸਦੇ ਚੇਹਰੇ ਦਾ ਕਾਲਾ ਤਿਲ ਜਗਤ ਦਾ ਦਿਲ ਲੈ ਗਿਆ ਹੈ। ਉਸਦੀ ਜ਼ੁਲਫ ਦੀ ਫਾਹੀ ਦਾ ਕਾਫ਼ਰ ਹੋ ਜਾਣਾ ਹੀ ਬਸ (ਮੇਰਾ) ਈਮਾਨ ਹੈ।

**ਜ਼ੂਦ ਬਿਨੁਮਾ ਆਂ ਰੁਖੇ ਚੂੰ ਆਫ਼ਤਾਬ।**
**ਈਂ ਇਲਾਜੇ ਚਸ਼ਮੇ ਗਿਰੀਆਨਸਤੋ ਬਸ॥ ੪॥**



Sri Satguru Jagjit Singh Ji eLibrary NamdhariElibrary@gmail.com

{ਜ਼ੂਦ=ਛੇਤੀ। ਬਿਨੁਮਾ=ਵਿਖਾ ਦੇਹ। ਆਂ ਰੁਖ਼ੇ=ਉਹ ਚੇਹਰਾ। ਚੂੰ=ਜੈਸਾ। ਆਫਤਾਬ=ਸੂਰਜ। ਈਂ=ਏਹੋ। ਚਸ਼ਮੇ ਗਿਰੀਆਨਸਤੋ=ਦੁਖਦੀਆਂ ਅੱਖਾਂ ਦਾ ਹੈ।}

*ਅਰਥ*—ਛੇਤੀ ਵਿਖਾ ਉਹ ਚੇਹਰਾ, (ਜੋ) ਸੂਰਜ ਵਰਗਾ ਹੈ। ਕੇਵਲ ਏਹੋ ਹੀ ਦੁਖਦੀਆਂ ਅੱਖਾਂ ਦਾ ਦਾਰੂ ਹੈ।

**ਦਿਲ ਨਿਸਾਰੇ ਕਾਮਤੇ ਰਾਨਾਏ ਊ।**
**ਜਾਂ ਫਿਦਾਏ ਜਾਨਿ ਜਾਨਾਨਸਤੁ ਬਸ॥ ੫॥**

{ਨਿਸਾਰੇ=ਕੁਰਬਾਨ ਹੈ। ਕਾਮਤੋ=ਕਦ ਤੋਂ, ਵਜੂਦ, ਸਰੀਰ ਤੋਂ। ਰਾਨਾਏ=ਸੂਬਕ, ਕੋਮਲ, ਸੋਹਣੇ ਤੋਂ। ਫਿਦਾਇ=ਵਾਰਨੇ। ਜਾਨਿ=ਜਾਨੀ, ਪਿਆਰੇ। ਜਾਨਾਨਸਤੁ=ਜਾਨ ਹੈ।}

*ਅਰਥ*—ਉਸਦੇ ਸੋਹਣੇ ਕਦ ਤੋਂ ਦਿਲ ਕੁਰਬਾਨ ਕੀਤਾ ਹੈ। ਪ੍ਰੀਤਮ ਦੀ ਜਾਨ ਉਤੋਂ (ਮੈਂ ਆਪਣੀ) ਜਾਨ ਸਦਕੇ ਕੀਤੀ ਹੈ।

**ਗਰ ਬਿਪੁਰਸੀ ਹਾਲ ਗੋਯਾ ਯਕ ਨਫ਼ਸ।**
**ਈਂ ਇਲਾਜੇ ਦਰਦ ਹਿਰਮਾਨਸਤੁ ਬਸ॥ ੬॥**

{ਗਰ=ਜੇਕਰ। ਬਿਪੁਰਸੀ=ਜੇ ਤੂੰ ਪੂਛੇਂ। ਯਕ=ਇਕ। ਨਫ਼ਸ=ਦਮ, ਸੁਾਸ, ਪਲ। ਦਰਦ=ਪੀੜ, ਦੁਖ, ਰੋਗ। ਹਿਰਮਾਨਸਤੁ=ਵਿਛੋੜੇ ਦਾ ਗਮ ਹੈ।}

*ਅਰਥ*—ਜੇਕਰ ਇਕ ਪਲ ਭਰ ਵੀ ਨੰਦ ਲਾਲ ਦਾ ਹਾਲ ਤੂੰ ਪੁਛ ਲਵੇਂ (ਤਾਂ) ਬਸ! ਵਿਛੋੜੇ ਦੇ ਗ਼ਮ ਦੇ ਦੁਖ ਦਾ ਏਹੋ ਹੀ ਦਾਰੂ ਹੈ।

## ਪੰਜਾਬੀ ਉਲਥਾ-

ਤੇਰੇ ਬਿਨਾਂ ਪ੍ਰੀਤਮ ਮੇਰੇ ਸਾਰਾ ਜਗਤ ਹੈਰਾਨ ਹੋਯਾ।
ਅੱਗ ਵਿਛੋੜੇ ਤੇਰੇ ਦੀ ਸੰਗ ਭੁਜ ਸੀਨਾ ਕੋਲੇ ਕਾਨ ਹੋਯਾ।
ਵਾਹਿਗੁਰੂ ਨੂੰ ਚਾਹੁਣ ਵਾਲਾ ਜੀਊਂਦਾ ਸਦ ਹੀ ਰਹਿੰਦਾ,
ਹਰ ਦਮ ਨਾਮ ਵਾਹਿਗੁਰੂ ਸੰਦਾ ਵਾਸਾ ਆਨ ਜ਼ੁਬਾਨ ਹੋਯਾ।
ਗੁਰ ਚੇਹਰੇ ਦੇ ਕਾਲੇ ਤਿਲ ਨੇ ਆਲਮ ਦਾ ਦਿਲ ਖਸ ਲਿਆ,
ਕੁਫਰ ਓਸ ਦੀ ਜ਼ੁਲਫ ਫਾਹੀ ਜੋ ਮੇਰਾ ਧਰਮ ਈਮਾਨ ਹੋਯਾ।
ਉਸਦੇ ਸੋਹਣੇ ਕਦ ਦੇ ਉਤੋਂ ਦਿਲ ਮੈ ਸਦਕੇ ਕੀਤਾ,
ਪ੍ਰੀਤਮ ਜੀ ਦੀ ਜਾਨ ਦੇ ਉਤੋਂ ਤਨ ਮਨ ਧਨ ਕੁਰਬਾਨ ਹੋਯਾ।
ਨੰਦ ਲਾਲ ਦਾ ਹਾਲ ਜੋ ਆਕੇ ਇਕ ਪਲ ਵੀ ਜੇ ਪੁਛ ਲਵੇਂ,
ਦੁਖ ਵਿਛੋੜੇ ਗ਼ਮ ਭਾਰੀ ਦਾ ਦਾਰੂ ਏਹੋ ਆਨ ਹੋਯਾ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੩੯

**ਮੁਦਾਮ ਬਾਦਹ ਕਸੋ ਸੂਫੀਏ ਸਫ਼ਾ ਮੇ ਬਾਸ਼।**
**ਤਮਾਮ ਜ਼ੁਹਦ ਸ਼ਓ ਰਿੰਦਿ ਬੇਨਵਾ ਮੇ ਬਾਸ਼॥ ੧॥**

{ਮੁਦਾਮ=ਹਮੇਸ਼ਾ, ਸਦਾ। ਬਾਦਹ=ਸ਼ਰਾਬ। ਕਸੋ=(ਕਸ+ਓ) ਪੀ ਅਤੇ। ਸੂਫੀਏ =ਅਮਲ ਨਾ ਵਰਤਣ ਵਾਲਾ। ਸਫ਼ਾ=ਸਾਫ, ਸੁਧ, ਨਿਰੋਲ। ਮੇ ਬਾਸ਼=ਹੋ, ਬਣ। ਤਮਾਮ=ਸਾਰੇ। ਜ਼ੁਹਦ=ਤਪਸਜਾ ਆਦਿਕ ਕਰਮ ਕਾਂਡ। ਸ਼ਓ=ਹੋ, ਬਣ। ਰਿੰਦਿ=*ਫਕੀਰ, ਮਸਤਾਨਾ। ਬੇਨਵਾ=ਇਛਾ ਤੋਂ ਰਹਿਤ ਜਾਂ ਨਿਰੋਲ ਸੂਫੀ ਹੋ।}

*ਅਰਥ*—ਹਮੇਸ਼ਾਂ ਸ਼ਰਾਬ ਪੀ, ਸਾਰੀਆਂ ਤਪਸਜਾ ਬਣ (ਜਾਂ) ਰਿੰਦ ਫਕੀਰ ਹੋ ਜਾਹੁ।

**ਬ ਸੂਏ ਗ਼ੈਰ ਮਯਫਗਨ ਨਜ਼ਰ ਕਿ ਬੇ ਬਸਰੀ।**
**ਤਮਾਮ ਚਸ਼ਮ ਸ਼ੌ ਓ ਸੂਏ ਦੋਸਤ ਵਾ ਮੇਬਾਸ਼॥ ੨॥**

{ਮਯਫਗਨ=ਨਾ ਕਰ। ਬੇ ਬਸਰੀ=ਵੇਖਣ ਸ਼ਕਤੀ ਤੋਂ ਹੀਨਾ, ਅੰਧਪਣਾ। ਮੇਬਾਸ=ਹੋ, ਬਣ।}

*ਅਰਥ*—ਦੂਜੇ ਵਲ ਨਜ਼ਰ ਨਾ ਕਰ, ਜਾਂ ਅੰਨ੍ਹਾ ਹੋ ਜਾਹੁ। ਸਾਰੇ (ਰੋਮ) ਅੱਖ ਹੋਣ ਅਤੇ ਯਾਰ ਵਲ ਵੇਖਣ।

**ਬਗਿਰਦ ਕਾਮਤੇ ਆਂ ਸਾਹੇ ਦਿਲਰੁਬਾ ਮੇ ਗਰਦ।**
**ਅਸੀਰੇ ਹਲਕਾਏ ਆਂ ਜ਼ੁਲਫ਼ੇ ਮੁਸ਼ਕਾ ਮੇ ਬਾਸ਼॥ ੩॥**

{ਬਗਿਰਦ=ਚਤੁਰਫੇ, ਚਾਰ-ਚੁਫੇਰੇ। ਕਾਮਤੇ=ਕਦ ਦੇ। ਸਾਹੇ ਦਿਲਰੁਬਾ= ਸੋਹਣਿਆਂ ਦੇ ਸੁਲਤਾਨ। ਮੇ ਗਰਦ=ਫਿਰ। ਅਸੀਰੇ=ਕੈਦੀ। ਹਲਕਾਏ=ਕੁੰਡਲ,

---

**ਜੋ ਫ਼ਕੀਰ ਸ਼ਰੀਅਤ ਤੇ ਤਰੀਕਤ ਦੀਆਂ ਪੌੜੀਆਂ ਨਹੀਂ ਚੜ੍ਹਦਾ ਤੇ ਸ਼ਰਹ ਨੂੰ ਟੱਪ ਕੇ ਮਾਰਫਤ ਵਿਚ ਪਹੁੰਚਾ ਹੈ, ਫਿਰ ਮਾਰਫਤ ਨੂੰ ਟੱਪ ਕੇ ਕਿਸੇ ਰਿੰਦਾਨ ਆਜ਼ਾਦੀ ਵਿਚ ਵਿਚਰਦਾ ਹੈ, ਉਹ ਰਿੰਦ ਫ਼ਕੀਰ ਹੁੰਦਾ ਹੈ, ਜੈਸਾ ਕਿ ਕਥਨ ਹੈ-*

ਹੱਦ ਟੱਪੇ ਸੋ ਔਲੀਆ ਬੇ ਹੱਦ ਟੱਪੇ ਸੋ ਪੀਰ,
ਹੱਦ ਬੇ ਹੱਦ ਦੋਨੋਂ ਟੱਪੇ ਸੋ ਹੈ ਰਿੰਦ ਫ਼ਕੀਰ।



Sri Satguru Jagjit Singh Ji eLibrary NamdhariElibrary@gmail.com

ਘੇਰੇਦਾਰ। ਮੁਸ਼ਕਾ= ਕਸਤੂਰੀ ਵਰਗੀ।}

*ਅਰਥ*—ਉਸ ਸੋਹਣਿਆਂ ਦੇ ਸੁਲਤਾਨ ਦੇ ਕਦ ਦੇ ਚੁਫੇਰੇ ਫਿਰ (ਭਾਵ- ਪ੍ਰਕਰਮਾ ਕਰ)। ਉਸਦੀ ਕਸਤੂਰੀ ਜੇਹੀ (ਸੁਗੰਧੀ ਵਾਲੀ) ਜ਼ੁਲਫ ਦੇ ਕੁੰਡਲ ਦਾ ਕੈਦੀ ਹੋ ਜਾਹੁ।

**ਨ ਗੋਇਮ ਤ ਕਿ ਸੂਏ ਦੈਰ ਯ ਹਰਮ ਮੇ ਰੌ।**
**ਬ ਹਰ ਤਰਫ਼ ਕਿ ਰਵੀ ਜਾਨਿਬੇ ਖ਼ੁਦਾ ਮੇ ਬਾਸ਼॥੪॥**

{ਗੋਇਮ ਤ=ਆਖਦਾ ਹਾਂ, ਮੈਂ ਤੈਨੂੰ। ਦੈਰ=ਮੰਦਰ। ਹਰਮ=ਮਸੀਤ। ਮੇ ਰੌ=ਜਾਹ, ਫਿਰ। ਰਵੀ=ਤੂੰ ਜਾਵੇਂ। ਜਾਨਿਬੇ=ਤਰਫ਼, ਦਿਸ਼ਾ, ਵਲ।}

*ਅਰਥ*—ਮੈਂ ਤੈਨੂੰ ਨਹੀਂ ਆਖਦਾ, ਜੋ ਮੰਦਰ ਜਾਂ ਮਸੀਤ ਵਲ ਜਾਹੁ। ਜਿਸ ਪਾਸ ਵਲ ਭੀ ਤੂੰ ਜਾਵੇਂ (ਉਹ) ਖ਼ੁਦਾ ਦੀ ਤਰਫ਼ ਹੀ ਹੋਵੇ।

**ਬ ਸੂਏ ਗੈਰ ਚੁ ਬੇਗਾਨਗਾਂ ਚਿ ਮੇ ਗਰਦੀ।**
**ਦਮੇ ਜ਼ਿ ਹਾਲੇ ਦਿਲੇ ਖ਼ਸਤਾ ਆਸ਼ਨਾ ਮੇ ਬਾਸ਼॥੫॥**

{ਸੂਏ ਗ਼ੈਰ=ਦੂਜਿਆਂ ਵਲ। ਚੁ=ਵਾਂਗੂੰ। ਬੇਗਾਨਗਾਂ=ਦੂਜਿਆਂ, ਬੇਗਾਨਿਆਂ। ਹਾਲੇ=ਆਪਣੇ। ਚਿ=ਕਿਉਂ। ਮੇ ਗਰਦੀ=ਤੂੰ ਫਿਰਦਾ ਹੈਂ। ਦਿਲੇ ਖ਼ਸਤਾ=ਟੁੱਟੇ ਹੋਏ ਦਿਲ ਦਾ। ਆਸ਼ਨਾ=ਵਾਕਫ, ਜਾਣੂ।}

sikhbookclub.com

*ਅਰਥ*—ਦੂਜਿਆਂ ਦੇ ਵਲੇ, ਬੇਗਾਨਿਆਂ ਵਾਂਗੂੰ ਕਿਉਂ ਤੂੰ ਫਿਰਦਾ ਹੈਂ? ਇਕ ਦਮ ਲਈ ਤਾਂ ਆਪਣੇ ਟੁੱਟੇ ਹੋਏ ਦਿਲ ਦਾ ਵਾਕਫ਼ ਹੋ ਜਾਹੁ।

**ਮੁਦਾਮ ਸ਼ਾਕਿਰੋ ਸ਼ਾਦਾਬ ਚੂੰ ਦਿਲੇ ਗੋਯਾ।**
**ਤਮਾਮ ਮਤਲਬਓ ਫ਼ਾਰਿਗਜਿ ਮੁੱਦਅਮੇਬਾਸ਼॥ ੬॥**

{ਸ਼ਾਕਿਰੋ=ਸ਼ੁਕਰ ਕਰਨ ਵਾਲਾ, ਸ਼ਾਕਰ ਅਤੇ। ਸਾਦਾਬ=ਪ੍ਰਫੁਲਤ ਹੋਇਆ ਰਹੁ। ਫ਼ਾਰਗਿ=ਛੱਡਕੇ ਵੇਹਲਾ। ਮੁੱਦਾਅ=ਕਾਮਨਾ, ਇਛਾ।}

*ਅਰਥ*—ਨੰਦ ਲਾਲ ਦੇ ਦਿਲ ਵਾਂਗੂੰ ਸਦਾ ਹੀ ਸ਼ੁਕਰ ਕਰਨ ਵਾਲਾ ਪ੍ਰਫੁਲਤ ਹੋਇਆ ਰਹੁ। ਸਾਰੇ ਮਤਲਬਾਂ ਤੋਂ ਵੇਹਲਾ ਹੋ, ਅਤੇ ਕਾਮਨਾ (ਮੁੱਦਾਅ) ਪ੍ਰਾਪਤ ਕਰ ਲੈ।



Sri Satguru Jagjit Singh Ji eLibrary NamdhariElibrary@gmail.com

**ਪੰਜਾਬੀ ਉਲਥਾ-**

ਪੀਓ ਸ਼ਰਾਬ ਤੂੰ ਨਿਤ ਹਮੇਸ਼ਾਂ ਜਾਂ ਸੂਫੀ ਸਰੀਰ ਬਣ ਜਾ।
ਕਰੀਂ ਤਪਸਜਾ ਨਿਸ ਦਿਨ ਸਾਰੀ ਜਾਂ ਰਿੰਦੇ ਫ਼ਕੀਰ ਬਣ ਜਾ।
ਦੂਜੇ ਬੰਨੇ ਨਜ਼ਰ ਕਰੀਂ ਨਾ ਜਾਂ ਫਿਰ ਅੰਨ੍ਹਾ ਹੋ ਜਾਵੀਂ,
ਰੋਮ ਸਾਰੇ ਅੱਖਾਂ ਹੋ ਜਾਵਣ ਵੇਖੀਂ ਫਿਰ ਪੀਰ ਬਣ ਜਾ।
ਸੋਹਣਿਆਂ ਦੇ ਸੁਲਤਾਨ ਮਾਹੀ ਦੀ ਹਰ ਦਮ ਕਰੀਂ ਪ੍ਰਕ੍ਰਮਾ ਤੂੰ,
ਜ਼ੁਲਫ਼ ਮਾਹੀ ਦੀ ਗੰਧੀ ਵਾਲੀ ਫਿਰ ਉਸ ਦਾ ਅਸੀਰ ਬਣ ਜਾ।
ਤੈਨੂੰ ਮੈਂ ਏਹ ਕਹਿੰਦਾ ਨਾਹੀਂ ਮੰਦਰ ਜਾਂ ਮਸੀਤ ਜਾਹ,
ਜਿਤ ਕਿਤ ਜਾਵੇਂ ਹਰ ਥਾਂ ਅੰਦਰ ਰੱਬ ਉਥੇ ਨਜ਼ੀਰ ਬਣ ਜਾ।
ਦੂਜਿਆਂ ਵਲੇ ਦੂਜਿਆਂ ਵਾਂਗੂੰ ਕਿਉਂ ਤੂੰ ਹਰ ਦਮ ਫਿਰਦਾ ਏਂ,
ਆਪਣੇ ਟੁਟੇ ਹੋਏ ਦਿਲ ਦਾ ਟੁਕ ਰੋਸ਼ਨ ਜ਼ਮੀਰ ਬਣ ਜਾ।
ਨੰਦ ਲਾਲ ਦੇ ਦਿਲ ਜਿਉਂ ਸਦ ਹੀ ਮਨ ਪ੍ਰਸੰਨਤੇ ਸ਼ਾਕਰ ਰਹੁ,
ਮਤਲਬ ਅਤੇ ਕਾਮਨਾ ਛੱਡ ਕੇ ਫਿਕਰੋਂ ਅਖੀਰ ਬਣ ਜਾ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੪੦

**ਹਮਹ ਰਾ ਸੀਨਹ ਬੇ ਰੂਇ ਬਿਰੀਆਨਸਤੁ ਬਿਰੀਆਨਸ਼।**
**ਦੁ ਆਲਮ ਬਹਿਰਿ ਆਂ ਦੀਦਾਰ ਹੈਰਾਨਸਤੁ ਹੈਰਾਨਸ਼ ॥੧॥**

{ਬੇ ਰੂਇ ਤੂ=ਬਿਨਾਂ ਚੇਹਰੇ ਤੇਰੇ, ਤੇਰੇ ਦਰਸ਼ਨ ਤੋਂ ਬਿਨਾਂ। ਬਿਰੀਆਸਤੁ=ਭੁਜ ਗਿਆ ਹੈ। ਬਹਿਰਿ=ਵਾਸਤੇ। ਹੈਰਾਨਸਤੁ=ਹੈਰਾਨ ਹੈ। ਹੈਰਾਨਸ਼=ਹੈਰਾਨ ਹੈ।}

*ਅਰਥ*—ਤੇਰੇ ਦਰਸ਼ਨ ਤੋਂ ਬਿਨਾਂ (ਹੋਣ ਕਰਕੇ) ਸਭਨਾਂ ਦਾ ਸੀਨਾ ਭੁਜ ਗਿਆ ਹੈ, ਭੁਜਾ ਹੋਇਆ ਹੈ। ਦੋਵੇਂ ਲੋਕ ਉਸਦੇ ਦਰਸ਼ਨ ਵਾਸਤੇ ਹੈਰਾਨ ਹਨ, ਹੈਰਾਨ ਹਨ।

**ਜ਼ਿ ਖ਼ਾਕਿ ਕੂਇ ਤੋਂ ਕਾਂ ਸੁਰਮਾਏ ਅਹਲੇ ਨਜ਼ਰ ਬਾਸ਼ਦ।**
**ਨਮੇ ਬਾਸ਼ਦ ਇਲਾਜੇ ਬਿਹ ਬਰਾਏ ਚਸ਼ਮਿ ਗਿਰੀਆਨਸ਼ ॥੨॥**

{ਜ਼ਿ=ਨਾਲ। ਖ਼ਾਕਿ=ਧੂੜੀ। ਕੂਇ=ਕੂਚੇ। ਕਾਂ=(ਕਿ+ਆਂ) ਜੋ ਕਿ ਉਹ। ਅਹਲੇ= ਗਿਆਨੀ ਲੋਕਾਂ। ਬਾਸ਼ਦ=ਹੁੰਦਾ ਹੈ। ਬਿਹ=ਚੰਗਾ। ਬਰਾਏ=ਵਾਸਤੇ। ਗਿਰੀਆਨਸ਼= ਦੁਖਦੀਆਂ ਹਨ।}

SIKHBOOKCLUB.COM

*ਅਰਥ*—ਜੋ ਕਿ ਤੇਰੇ ਕੂਚੇ ਦੀ ਖ਼ਾਕ ਹੈ ਉਸਦੇ ਸੁਰਮੇ ਨਾਲ ਗਿਆਨ ਦੀ ਨਜ਼ਰ ਹੁੰਦੀ ਹੈ। (ਇਸ ਤੋਂ ਬਿਨਾਂ) ਦੁਖਦੀਆਂ ਅੱਖਾਂ ਵਾਸਤੇ (ਹੋਰ ਕੋਈ) ਚੰਗਾ ਇਲਾਜ ਨਹੀਂ ਹੁੰਦਾ।

**ਮਹ ਓ ਖ਼ੁਰਸ਼ੈਦ ਗਿਰਦੇ ਕੂਇ ਓ ਗਿਰਦੰਦ ਰੋਜ਼ੋ ਸ਼ਬ।**
**ਆਜਾਯਬ ਰੌਸ਼ਨੀ ਬਖ਼ਸ਼ੇ ਦੁਆਲਮ ਹਸਤ ਇਹਸਾਨਸ਼ ॥੩॥**

{ਮਹ=ਚੰਦ੍ਰਮਾ। ਖ਼ੁਰਸ਼ੈਦ=ਸੂਰਜ। ਗਿਰਦੇ=ਚੁਫੇਰੇ। ਗਿਰਦੰਦ=ਫਿਰਦੇ ਹਨ। ਰੋਜ਼ੋ ਸ਼ਬ=ਦਿਨ ਤੇ ਰਾਤ। ਅਜਾਯਬ=ਅਚਰਜ। ਇਹਸਾਨਸ਼=ਕ੍ਰਿਪਾ ਉਸਦੀ।}

*ਅਰਥ*—ਚੰਦ੍ਰਮਾ ਤੇ ਸੂਰਜ ਉਸਦੇ ਚੁਫੇਰੇ ਦਿਨ ਤੇ ਰਾਤ ਫਿਰਦੇ ਹਨ। ਦੋਹਾਂ ਲੋਕਾਂ ਨੂੰ ਉਸਦੀ ਕ੍ਰਿਪਾ ਅਸਚਰਜ ਚਾਨਣ ਬਖਸ਼ਦੀ ਹੈ।

**ਬ ਹਰ ਸੂਏ ਕਿ ਮੇ ਬੀਨਮ ਜਮਾਲਸ਼ ਜਲਵਾਗਰ ਬਾਸ਼ਦ।**
**ਜਹਾਂ ਆਸ਼ੁਫ਼ਤਹ ਓ ਸੈਦਾ ਮੁਦਾਮ ਅਜ਼ ਜ਼ੁਲਫ਼ੇ ਪੇਚਾਨਸ਼ ॥੪॥**

{ਮੇ ਬੀਨਮ=ਵੇਖਦਾ ਹਾਂ ਮੈਂ। ਜਮਾਲਸ਼=ਜਲਾਲ (ਤੇਜ) ਉਸਦਾ। ਜਲਵਾਗਰ=



Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ਮਾਨ। ਆਸ਼ੁਫਤਹ=ਬੌਰਾ, ਸੌਦਾਈ। ਸੈਦਾ=ਆਸ਼ਕ। ਪੇਚਾਨਸ਼=ਕੁੰਡਲਾਂ ਵਾਲੀ ਉਸਦੀ।}

*ਅਰਥ*—ਸਭਨਾਂ ਪਾਸਿਆਂ ਵਿਚ ਮੈਂ ਵੇਖਦਾ ਹਾਂ, ਜੋ ਉਸ ਦਾ ਹੀ ਤੇਜ ਪ੍ਰਕਾਸ਼-ਮਾਨ ਹੋ ਰਿਹਾ ਹੈ। ਜਗਤ ਸਦਾ ਹੀ ਉਸ ਦੀਆਂ ਕੁੰਡਲਾਂ ਵਾਲੀਆਂ ਜ਼ੁਲਫ਼ਾਂ ਦਾ ਆਸ਼ਕ ਹੋ ਕੇ ਬੌਰਾ ਹੋ ਰਿਹਾ ਹੈ।

**ਸ਼ੁਦਹ ਜੇਬੇ ਜ਼ਿਮੀਂ ਪੁਰ ਲੌਲੂਏ ਲਾਲਾ ਜ਼ਿ ਅਸ਼ਕੇ ਮਨ।**
**ਜਹਾਂ ਬਿਗਰਿਫ਼ਤਅਮ ਗੋਯਾ ਬਯਾਦੇ ਲਾਲ ਖੰਦਾਨਸ਼॥੫॥**

{ਸ਼ੁਦਹ=ਹੋਈ ਹੈ। ਜੇਬੇ=ਜੇਬ, ਖੀਸਾ। ਲੌਲੂਏ ਲਾਲਾ=ਲਾਲ ਰੰਗ ਦੇ ਮੋਤੀਆਂ। ਜ਼ਿ=ਨਾਲ। ਅਸ਼ਕੇ=ਅੱਥਰੂ, ਹੰਝੂ। ਮਨ=ਮੇਰੇ। ਬਿਗਰਿਫਤਅਮ=ਫੜਿਆ ਹੋਇਆ ਹੈ। ਬਯਾਦੇ=ਯਾਕ ਵਿਚ। ਲਾਲ=ਲਾਲ ਰੰਗ ਵਾਲੇ ਹੋਠ। ਖੰਦਾਨਸ਼=ਹੱਸਣਾ ਹੈ।}

*ਅਰਥ*—ਮੇਰੇ ਆਂਸੂਆਂ ਰੂਪ ਲਾਲ ਰੰਗ ਦੇ ਮੋਤੀਆਂ ਨਾਲ ਧਰਤੀ (ਰੂਪ) ਜੇਬ ਭਰੀ ਹੋਈ ਹੈ। ਹੇ ਨੰਦ ਲਾਲ! ਲਾਲ (ਰੰਗ ਦੇ ਹੋਠਾਂ ਦੇ) ਹੱਸਣ ਦੀ ਯਾਦ ਵਿਚ ਜਗਤ ਫੜਿਆ ਹੋਇਆ ਹੈ।

SIKHBOOKCLUB.COM

**ਪੰਜਾਬੀ ਉਲਥਾ–**

ਬਿਨ ਦਰਸਨ ਤੇਰੇ ਹੈ ਸਭ ਦਾ ਸੀਨਾ ਭੁਜ ਕਬਾਬ ਹੋਇਆ।
ਦਰਸ਼ਨ ਤੇਰੇ ਕਰਨ ਲਈ ਦੋਹੁੰ ਲੋਕਾਂ ਤਾਈਂ ਅਜਾਬ ਹੋਇਆ।
ਤੇਰੀ ਚਰਨ ਧੂੜਿ ਬਣ ਸੁਰਮਾ ਅੱਖਾਂ ਨਜ਼ਰ ਗਿਆਨ ਕਰੇ,
ਦੁਖਦੀਆਂ ਅੱਖਾਂ ਲਈ ਬਿਨ ਇਸਦੇ ਹੋਰ ਨਾ ਕੋ *ਇਲਜਾਬ ਹੋਯਾ।
ਚੰਦ-ਸੂਰਜ, ਦਿਨ-ਰਾਤ ਚੁਤਰਫੇ ਫਿਰਦੇ ਤੇਰੇ ਕੂਚੇ ਦੇ,
ਰੋਸ਼ਨੀ ਓਨ੍ਹਾਂ ਦੋਹੁੰ ਲੋਕਾਂ ਨੂੰ ਚਾਨਣ ਬਖਸ਼ ਸਵਾਬ ਹੋਯਾ।
ਸਭ ਪਾਸੇ ਮੈਂ ਵੇਖ ਰਿਹਾ ਹਾਂ ਉਸਦਾ ਤੇਜ਼ ਪ੍ਰਕਾਸ਼ ਸਦਾ,
ਉਸਦੀ ਜ਼ੁਲਫ ਕੁੰਡਲ ਦਾ ਆਸ਼ਕ ਜਗ ਸਾਰਾ ਬੇਤਾਬ ਹੋਯਾ।
ਮੋਤੀ ਲਾਲ ਮੇਰੇ ਹਨ ਆਂਸੂ ਧਰਤੀ ਸਾਰੀ ਜੇਬ ਭਰੀ,
ਯਾਦ ਹੋਠਾਂ-ਮੁਸਕ੍ਰਾਹਟ ਅੰਦਰ ਨੰਦ ਲਾਲ ਗਰਕਾਬ ਹੋਯਾ।

---

**ਇਲਜਾਬੁਲ ਇਲਾਜ-ਚੰਗੇ ਤੋਂ ਚੰਗਾ ਇਲਾਜ।*



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੪੧

**ਹਰ ਕਸ ਸ਼ੁਨੀਦਹ ਅਸਤ ਜ਼ਿ ਤੋ ਗੁਫ਼ਤ ਗੂਇ ਖ਼ਾਸ।**
**ਅਜ਼ ਸਦ ਗਮੇ ਸ਼ਦੀਦ ਸ਼ੁਦਾ ਜ਼ੂਦ ਤਰ ਖ਼ਲਾਸ॥ ੧॥**

{ਸ਼ੁਨੀਦਹ ਅਸਤ=ਸੁਣਿਆ ਹੈ। *ਗੁਫ਼ਤ ਗੂਇ=ਗਲ-ਬਾਤ, ਚਰਚਾ ਵਾਰਤਾ। ਸਦ= ਸੈਂਕੜੇ। ਸ਼ਦੀਦ=ਕਰੜੇ। ਸ਼ੁਦਾ=ਹੋ ਗਿਆ ਹੈ। ਜ਼ੂਦ ਤਰ=ਬਹੁਤ ਛੇਤੀ। ਖ਼ਲਾਸ=ਮੁਕਤ।}

*ਅਰਥ*—ਜਿਸ ਕਿਸੇ ਮਨੁਖ ਨੇ ਤੇਰੀ ਖ਼ਾਸ ਗਲ-ਬਾਤ ਨੂੰ ਸੁਣਿਆ ਹੈ। (ਉਹ) ਸੈਂਕੜੇ ਹੀ ਕਰੜੇ ਗ਼ਮਾਂ ਤੋਂ ਛੇਤੀ ਮੁਕਤ ਹੋ ਗਿਆ ਹੈ।

**ਆਬੇ ਹਯਾਤਿ ਮਾ ਸੁਖ਼ਨੇ ਪੀਰਿ ਕਾਮਿਲ ਅਸਤ।**
**ਦਿਲਹਾਇ ਮੁਰਦਹ ਰਾ ਬਿਕੁਨਦ ਜ਼ਿੰਦਹ ਓ ਖ਼ਲਾਸ॥੨॥**

{ਆਬੇ ਹਯਾਤਿ=ਅੰਮ੍ਰਿਤ ਵਰਗੇ। ਸੁਖ਼ਨੇ=ਬਚਨ। ਪੀਰਿ ਕਾਮਿਲ=ਪੂਰੇ ਗੁਰੂ। ਦਿਲਹਾਇ=(ਦਿਲ ਦਾ ਬ: ਬ:) ਦਿਲਾਂ। ਬਿਕੁਨਦ=ਕਰਦੇ ਹਨ। ਓ=ਅਤੇ।}

*ਅਰਥ*—ਮੇਰੇ ਪੂਰੇ ਗੁਰੂ ਦੇ ਬਚਨ ਅੰਮ੍ਰਿਤ ਸਮਾਨ ਹਨ। (ਜੋ) ਮੁਰਦੇ ਦਿਲਾਂ ਨੂੰ ਜੀਊਂਦਾ ਅਤੇ ਮੁਕਤ ਕਰਦੇ ਹਨ।

**ਅਜ਼ ਖ਼ੁਦ ਨੁਮਾਈ ਏ ਤੋ ਖ਼ੁਦਾ ਹਸਤ ਦੂਰ ਤਰ।**
**ਬੀਨੀ ਦਰੂਨੇ ਖ਼ੇਸ਼ ਸ਼ੁਦੀ ਅਜ਼ ਖ਼ੁਦੀ ਖ਼ਲਾਸ॥ ੩॥**

{ਖ਼ੁਦ ਨੁਮਾਈ=ਆਪ ਨੂੰ ਵੇਖਣਾ, ਆਪਾ ਭਾਵ ਅਰਥਾਤ ਹਉਮੈ ਹੰਕਾਰ। ਏ=ਤੋਂ। ਹਸਤ=ਹੈ। ਦੂਰ ਤਰ=ਬਹੁਤ ਦੂਰ। ਬੀਨੀਂ=ਤੂੰ ਵੇਖੇਂ। ਦਰੂਨੇ=ਅੰਦਰ ਵਲ। ਖ਼ੇਸ਼= ਆਪਣੇ। ਸ਼ੁਦੀ=ਹੋ ਜਾਵੇਂ। ਅਜ਼ ਖ਼ੁਦੀ=ਅਪਣੱਤ, ਹੰਗਤਾ ਤੋਂ। ਖਲਾਸ=ਛੁਟਕਾਰਾ, ਮੁਕਤ।}

*ਅਰਥ*—ਤੇਰੀ ਖੁਦ ਨੁਮਾਈ (ਹੰਗਤਾ-ਮਮਤਾ) ਤੋਂ ਖੁਦਾ ਬਹੁਤ ਦੂਰ ਹੈ। ਤੂੰ ਆਪਣੇ ਅੰਦਰ ਵਲ ਵੇਖੇਂ (ਤਾਂ) ਖੁਦੀ (ਹੰਗਤਾ-ਮਮਤਾ) ਤੋਂ ਮੁਕਤ ਹੋ ਜਾਵੇਂਗਾ।

---

**ਕਈ ਪੁਸਤਕਾਂ ਵਿਚ 'ਜ਼ਿ ਤੋ ਗੁਫ਼ਤ ਗੂਇ' ਦੀ ਥਾਂ ਤੇ 'ਬਦਿਲ ਸਖੁਨਹਾਏ' ਪਾਠ ਭੀ ਵੇਖਿਆ ਹੈ।*



Sri Satguru Jagjit Singh Ji eLibrary NamdhariElibrary@gmail.com

ਗੋਯਾ ਤੋ ਦਸਤੇ ਖ਼ੁਦਤ ਰਾ ਜ਼ਿ ਹਿਰਸ ਕੋਤਹ ਕੁਨ।
ਤਾ ਅੰਦਰੂਨੇ ਖ਼ਾਨਾ ਬਿ ਬੀਨੀ ਖ਼ੁਦਾਏ ਖ਼ਾਸ॥ ੪॥

{ਦਸਤੇ ਖ਼ੁਦ=ਹੱਥ ਆਪਣੇ। ਜ਼ਿ=ਵਲੋਂ। ਹਿਰਸ=ਤ੍ਰਿਸ਼ਨਾ। ਕੋਤਹ ਕੁਨ=ਕੱਠੇ ਕਰ। ਤਾ=ਤਦ। ਅੰਦਰੂਨੇ ਖ਼ਾਨਾ=ਘਰ ਦੇ ਅੰਦਰ ਹੀ। ਬਿ ਬੀਨੀ=ਤੂੰ ਵੇਖ ਲਵੇਂਗਾ।}

*ਅਰਥ*—ਹੇ ਨੰਦ ਲਾਲ! ਤੂੰ ਆਪਣੇ ਹੱਥ ਨੂੰ ਤ੍ਰਿਸ਼ਨਾ ਵਲੋਂ ਕੱਠਾਂ ਕਰ (ਮੋੜ ਲੈ) ਤਦ ਤੂੰ (ਆਪਣੇ) ਘਰ ਦੇ ਅੰਦਰ ਹੀ ਖ਼ਾਸ ਖ਼ੁਦਾ ਨੂੰ ਵੇਖ ਲਵੇਂਗਾ।

ਪੰਜਾਬੀ ਉਲਥਾ-

ਬਚਨ ਅਮੋਲਕ ਸਤਿਗੁਰ ਜੀ ਦੇ, ਜਿਸ ਕਿਸ ਸੁਣੇ ਸੁ ਨਾਲ ਪ੍ਰੇਮ।
ਗ਼ਮ ਦੁਖ ਸੈਂਕੜੇ ਏਸ ਜਗਤ ਤੋਂ, ਤਿਸ ਨੂੰ ਮਿਲੀ ਖਲਾਸੀ ਏਮ।
ਦੁਲਭ ਬਚਨ ਪੂਰੇ ਸ੍ਰੀ ਗੁਰ ਦੇ, ਵਾਂਗ ਸੁਧਾ ਦੇ ਜੱਗ ਅੰਦਰ,
ਜੀਊਂਦਾ ਕਰਕੇ ਮੁਰਦੇ ਦਿਲ ਨੂੰ, ਮੁਕਤ ਕਰਨ ਦਾ ਕਰਦੇ ਨੇਮ।
ਤੇਰੀ ਖ਼ੁਦੀ ਜੋ ਦਿਲ ਦੇ ਅੰਦਰ, ਖ਼ੁਦਾ ਏਸ ਤੋਂ ਦੂਰ ਰਹੇ,
ਛੱਡ ਕੇ ਖ਼ੁਦੀ ਆਪ ਨੂੰ ਵੇਖੇਂ, ਮੁਕਤੀ ਮਿਲੇ ਅਜ਼ਾਦੀ ਜੇਮ।
ਨੰਦ ਲਾਲ ਹੱਥ ਆਪਣੇ ਨੂੰ, ਜੇ ਤ੍ਰਿਸ਼ਨਾ ਵਲੋਂ ਮੋੜ ਲਵੇਂ,
ਦਿਲ ਖਾਨੇ ਦੇ ਅੰਦਰ ਤੋਂ ਹੀ, ਪ੍ਰਾਪਤ ਸਤਿਗੁਰੂ ਪਾਵੇਂ ਛੇਮ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੪੨

**ਬਿਆ ਚੁ ਸਰਵਿ ਖਿਰਾਮਾਂ ਦਮੇ ਬ ਸੈਰਿ ਰਿਆਜ਼।**

**ਸੂਏ ਤੁ ਦੀਦਾ ਏ ਮਾ ਰਾ ਨਿਗਾਹ ਗਸਤ ਬਿਆਜ਼॥੧॥**

{ਬਿਆ=ਆਓ। ਸਰਵਿ=ਸਰੂ, (ਇਕ ਤਰ੍ਹਾਂ ਦੇ ਦਰੱਖਤ ਦਾ ਨਾਮ ਹੈ)। ਖ਼ਿਰਾਮਾਂ=ਤੁਰਨ ਫਿਰਨ ਵਾਲਾ (ਤੁਰਨ ਫਿਰਨ ਵਾਲੇ ਸਰੂ ਤੋਂ ਭਾਵ ਪ੍ਰੀਤਮ ਲਿਆ ਜਾਂਦਾ ਹੈ)। ਰਿਆਜ਼=ਬਾਗ਼। ਸੂਏ ਤੁ=ਵਲ ਤੇਰੇ। ਦੀਦਾ ਏ=ਵੇਖਦਿਆਂ ਹੋਇਆਂ। ਨਿਗਾਹ=ਨਜ਼ਰ, ਅੱਖਾਂ। ਗਸਤ=ਹੋ ਗਈਆਂ। ਬਿਆਜ਼=ਚਿੱਟੀਆਂ।}

*ਅਰਥ*—ਹੇ ਤੁਰਨ ਫਿਰਨ ਵਾਲੇ ਸਰੂ ਵਰਗੇ (ਪ੍ਰੀਤਮ) ਆਓ ਇਕ ਪਲ ਭਰ ਸੈਰ ਵਾਸਤੇ ਬਾਗ ਵਿਚ। ਤੇਰੇ ਵਲ ਤੱਕਦਿਆਂ ਹੋਇਆਂ ਮੇਰੀਆਂ ਅੱਖਾਂ ਚਿੱਟੀਆਂ ਹੋ ਗਈਆਂ ਹਨ।

**ਬਰਾਇ ਰੇਸ਼ਿ ਦਿਲਮ ਖ਼ੰਦਾ ਇ ਤੁ ਮਰਮ ਬਸ।**

SIKHBOOKCLUB.COM

**ਤੱਬਸਮੇ ਲਬਿ ਲਾਲਤ ਦਵਾਇ ਹਰ ਅਮਰਾਜ਼॥੨॥**

{ਬਰਾਇ=ਵਾਸਤੇ। ਰੇਸ਼ਿ=(ਰੀਸ਼ੇ) ਜ਼ਖ਼ਮ ਦੇ। ਖ਼ੰਦਾ ਇ ਤੁ=ਤੇਰਾ ਹੱਸਣਾ ਹੀ। ਮਰਮ=ਮਲ੍ਹਮ। ਤੱਬਸਮੇ=ਮੁਸਕ੍ਰਾਹਟ। ਲਬਿ ਲਾਲਤ=ਲਾਲ ਰੰਗ ਵਾਲੇ ਬੁਲ੍ਹਾਂ ਦੀ। ਬਸ=ਕੇਵਲ। ਅਮਰਾਜ਼=ਬੀਮਾਰੀਆਂ। ਹਰ=ਸਭਨਾਂ।}

*ਅਰਥ*—ਮੇਰੇ ਦਿਲ ਦੇ ਜ਼ਖਮ ਲਈ ਕੇਵਲ ਤੇਰਾ ਹੱਸਣਾ ਹੀ ਮਲ੍ਹਮ ਹੈ। (ਤੇਰੇ) ਨਾਲ ਹੋਠਾਂ ਦੀ ਮੁਸਕ੍ਰਾਹਟ (ਮੇਰੀਆਂ) ਸਾਰੀਆਂ ਬਿਮਾਰੀਆਂ ਦੀ ਦਵਾਈ ਹੈ।

**ਨਿਗਾਹ ਕਰਦ ਮਤਾਏ ਦਿਲਮ ਬ ਗ਼ਾਰਤ ਬੁਰਦ।**

**ਬੁਰੀਦ ਜੇਬਿ ਦਿਲਮ ਰਾ ਬਗ਼ਮਜ਼ਹ ਚੂੰ ਮਿਕਰਾਜ਼॥੩॥**

{ਨਿਗਾਹ ਕਰਦ=ਨਜ਼ਰ ਕੀਤੀ। ਮਤਾਏ=ਪੂੰਜੀ, ਰਾਸ, ਮੂੜੀ। ਗ਼ਾਰਤ ਬੁਰਦ=ਲੁਟ ਲਿਆ ਹੈ। ਬੁਰੀਦ=ਕੱਟ ਲਈ, ਕਤਰ ਲਈ। ਬਗ਼ਮਜ਼ਹ=ਨਖ਼ਰੇ ਨਾਲ। ਮਿਕਰਾਜ਼=ਕੈਂਚੀ।}

*ਅਰਥ*—(ਤੂੰ) ਨਜ਼ਰ ਕਰਦਿਆਂ ਹੀ ਮੇਰੇ ਦਿਲ ਦੀ ਪੂੰਜੀ ਨੂੰ ਲੁਟ ਲਿਆ ਹੈ। (ਤੂੰ) ਨਖ਼ਰੇ ਦੀ ਕੈਂਚੀ ਨਾਲ ਮੇਰੇ ਦਿਲ ਦੀ ਜੇਬ ਨੂੰ ਕਤਰ ਲਿਆ ਹੈ।



Sri Satguru Jagjit Singh Ji eLibrary NamdhariElibrary@gmail.com

**ਜ਼ਿ ਫੈਜ਼ੇ ਮਕਦਮਤ ਐ ਨੌ ਬਹਾਰੇ ਗੁਲਸ਼ਨੇ ਹੁਸਨ।**
**ਜਹਾਂ ਚੁ ਬਾਗੇ ਇਰਮ ਕਰਦ ਈਂ ਜ਼ਹੇ ਫ਼ੱਯਾਜ਼॥ ੪॥**

{ਫ਼ੈਜ਼ੇ=ਕਿਰਪਾ ਨੇ। ਮਕਦਮਤ=ਚਰਨ ਕਮਲ ਤੇਰੇ। ਗੁਲਸ਼ਨੇ=ਫੁਲਵਾੜੀ ਬਗੀਚੀ। ਚੁ=ਵਾਂਗੂੰ। ਇਰਮ=ਸੁਰਗ। ਜ਼ਹੇ=ਵਾਹ (੨) ਧੰਨ। ਫ਼ੱਯਾਜ਼=ਉਦਾਰਤਾ।}

*ਅਰਥ*—ਹੇ ਸੁੰਦਰਤਾ ਦੀ ਬਗੀਚੀ ਦੀ ਬਸੰਤ ਰੁਤ ! ਤੂੰ ਚਰਨਾਂ ਦੀ ਕਿਰਪਾਲਤਾ ਨਾਲ ਜਗਤ ਨੂੰ ਸੁਰਗ ਦੇ ਬਾਗ ਵਰਗਾ ਕਰ ਦਿਤਾ ਹੈ, ਇਸ ਉਦਾਰਤਾ ਨੂੰ ਧੰਨ ਹੈ।

**ਚਿਰਾ ਬਹਾਲਤੇ ਗੋਯਾ ਨਜ਼ਰ ਨ ਮੇ ਫ਼ਗਨੀ।**
**ਜ਼ਿ ਯਕ ਨਿਗਾਹੇ ਤੋ ਹਾਸਿਲ ਮੁਰਾਦੇ ਅਹਲੇ ਅਗ਼ਰਾਜ਼॥੫॥**

{ਚਿਰਾ=ਕਿਉਂ। ਬਹਾਲਤੇ=ਹਾਲਤ (ਦਸ਼ਾ) ਦੇ ਉਤੇ। ਮੇ ਫ਼ਗਨੀ=ਪਾਂਦਾ ਹੈ। ਹਾਸਿਲ ਮੁਰਾਦੇ=ਲੋੜ ਪੂਰੀ ਹੁੰਦੀ ਹੈ। ਅਹਲੇ ਅਗ਼ਰਾਜ਼=ਲੋੜਵੰਦ ਲੋਕਾਂ ਦੀ।}

*ਅਰਥ*—ਨੰਦ ਲਾਲ ਦੀ ਹਾਲਤ ਉਤੇ ਕਿਉਂ ਨਿਗਾਹ ਨਹੀਂ ਪਾਂਦਾ ਹੈਂ? (ਕਿਉਂ) ਤੇਰੀ ਇਕ ਨਜ਼ਰ ਦੇ ਨਾਲ ਲੋੜਵੰਦ ਲੋਕਾਂ ਦੀ ਲੋੜ ਪੂਰੀ ਹੋ ਜਾਂਦੀ ਹੈ।

SIKHBOOKCLUB.COM

## ਪੰਜਾਬੀ ਉਲਥਾ–

ਤੁਰਨ ਵਾਲੇ ਹੇ ਸਰੂ ਪ੍ਰੀਤਮ ! ਇਕ ਛਿਨ ਸੈਰ ਬਾਗ ਦੀ ਆ ਜਾਵੋ।
ਚਿਟੇ ਨੈਣ ਹੋਏ ਤੁਧ ਤੱਕਦਿਆਂ, ਪਲ ਛਿਨ ਦਰਸ ਦਿਖਾ ਜਾਵੋ।
ਜ਼ਖਮੀ ਦਿਲ ਮੇਰੇ ਦਾ ਦਾਰੂ, ਮਲ੍ਹਮ ਤੇਰਾ ਹੱਸ ਦੇਣਾ ਹੈ,
ਮੁਸਕ੍ਰਾਹਟ ਲਾਲ ਹੋਠਾਂ ਤੋਂ ਕਰ ਕੇ, ਸਾਰੇ ਰੋਗ ਮਿਟਾ ਜਾਵੋ।
ਕਰ ਕੇ ਨਜ਼ਰ ਮੇਰੇ ਵਲ ਮਾਹੀ, ਦਿਲ ਦੀ ਪੂੰਜੀ ਲੁਟ ਲਈ,
ਨੈਣ ਕਟਾਖਜ ਤੇਰੇ ਹਨ ਕੈਂਚੀ, ਦਿਲ ਖੀਸਾ ਕੱਟ ਸਿਧਾ ਜਾਵੋ।
ਬਾਗ ਪੈਰ ਜਦ ਤੁਸਾਂ ਨੇ ਪਾਯਾ, ਹੈ ਸੁੰਦਰ ਖਿੜੀ ਬਸੰਤ ਭਲੀ,
ਸੁਰਗ ਬਾਗ ਸਮ ਕੀਤਾ ਜੱਗ ਨੂੰ, ਧੰਨ ਕਿਰਪਾ ਦੇਸ ਕਰਾ ਜਾਵੋ।
ਹਾਲਤ ਨੰਦ ਲਾਲ ਦੀ ਉਤੇ, ਨਜ਼ਰ ਮੇਹਰ ਕਿਉਂ ਕਰਦੇ ਨਹੀਂ,
ਇਕ ਨਜ਼ਰ ਸੰਗ ਲੋੜਵੰਦਾਂ ਦੀ, ਪੂਰੀ ਲੋੜ ਕਰਾ ਜਾਵੋ।


Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ-੪੩

**ਬਸ ਕਿ ਮਾਰਾ ਹਸਤ ਬਾ ਤੋ ਇਰਤਬਾਤ।**
**ਅਜ਼ ਕਦੂਮੇ ਤੁਸਤ ਦਰ ਆਲਮ ਨਿਸ਼ਾਤ॥ ੧॥**

{ਮਾਰਾ=ਮੈਨੂੰ, ਸਾਨੂੰ। ਹਸਤ=ਹੈ। ਬ ਤੋ=ਨਾਲ ਤੇਰੇ। ਇਰਤਬਾਤ=ਮਿਤ੍ਰਤਾ। ਕਦੂਮੇ=ਆਉਣਾ। ਤੁਸਤ=(ਤੁ+ਅਸਤ) ਤੇਰੇ ਹੈ। ਨਿਸ਼ਾਤ=ਖੁਸ਼ੀ।}

*ਅਰਥ*—ਮੈਨੂੰ ਕੇਵਲ ਇਕ ਤੇਰੇ ਨਾਲ ਮਿਤ੍ਰਤਾ ਹੈ। ਤੇਰੇ ਆਉਣ ਨਾਲ ਜਗਤ ਵਿਚ ਖੁਸ਼ੀ ਹੈ।

**ਫਰਸ਼ ਕਰਦਮ ਦਰ ਕਦੂਮੇ ਰਾਹ ਤੋ॥**
**ਦੀਦਹ ਓ ਦਿਲ ਰਾ ਕਿ ਬੂਦਹ ਦਰ ਬਸਾਤ॥ ੨॥**

{ਕਰਦਮ=ਕਰ ਦਿਤਾ ਹੈ, ਮੈਂ। ਕਦੂਮੇ ਰਾਹ=ਆਉਣ ਵਾਲੇ ਰਸਤੇ। ਬੂਦਹ=ਸਨ। ਬਸਾਤ=ਕਬਜ਼ੇ, ਤਾਕਤ।}

*ਅਰਥ*—ਤੇਰੇ ਆਉਣ ਵਾਲੇ ਰਾਹ ਵਿਚ ਮੈਂ ਫਰਸ਼ ਕਰ ਦਿਤਾ ਹੈ ਅੱਖਾਂ ਅਤੇ ਦਿਲ ਨੂੰ, ਜੋ (ਮੇਰੇ) ਕਬਜ਼ੇ ਵਿਚ ਸਨ।

**ਬਰ ਫ਼ਕੀਰਾਨੇ ਖ਼ੁਦਾ ਰਹਿਮੇ ਬ ਕੁਨ।**
**ਤਾ ਦਰੀਂ ਦੁਨੀਆ ਬਿਆਬੀ ਇੰਬਸਾਤ॥ ੩॥**

{ਬਰ=ਉਤੇ। ਰਹਿਮੇ=ਤਰਸ। ਬ ਕੁਨ=ਕਰ। ਦਰੀਂ=(ਦਰ+ਈਂ) ਇਸ ਵਿਚ। ਬਿਆਬੀ=ਪਾਵੇਂਗਾ। ਇੰਬਸਾਤ=ਖੁਸ਼ੀ।}

*ਅਰਥ*— ਰੱਬ ਦੇ ਫਕੀਰਾਂ ਦੇ ਉਤੇ ਤਰਸ ਕਰ। ਤਦ ਇਸ ਦੁਨੀਆਂ ਵਿਚ ਖੁਸ਼ੀ ਪਾਵੇਂਗਾ।

**ਦਾਯਮਨ ਦਿਲ ਰਾ ਬਸੂਏ ਹਕ ਬਿਆਰ।**
**ਤਾ ਬਆਸਾਨੀ ਬਿਗੁਜ਼ਰੀ ਪੁਲਸਰਾਤ॥ ੪॥**

{ਦਾਯਮਨ=ਸਦਾ ਹੀ। ਹਕ=ਵਾਹਿਗੁਰੂ। ਬਿਆਰ=ਲਿਆਓ। ਬਆਸਾਨੀ=ਸੌਖੀ ਤਰ੍ਹਾਂ ਨਾਲ। ਬਿਗੁਜ਼ਰੀ=ਤੂੰ ਲੰਘ ਜਾਵੇਂਗਾ। ਪੁਲਸਰਾਤ=ਸਲਾਤਲ ਮੁਸਤਕੀਮ ਨਾਮ ਦਾ


Sri Satguru Jagjit Singh Ji eLibrary NamdhariElibrary@gmail.com

ਪੁਲ, ਜੋ ਮੁਸਲਮਾਨੀ ਕਿਤਾਬਾਂ ਦੇ ਲਿਖੇ ਮੁਜਬ ਨਰਕਾਂ ਦੇ ਰਾਹ ਵਿਚ ਵਾਲ ਤੋਂ ਬਰੀਕ ਤੇ ਤਲਵਾਰ ਦੀ ਧਾਰ ਤੋਂ ਤੇਜ਼ ਹੈ।}

*ਅਰਥ*—ਸਦਾ ਹੀ ਦਿਲ ਨੂੰ ਵਾਹਿਗੁਰੂ ਵਲ ਲਿਆਓ। ਤਦ ਬੜੀ ਸੌਖੀ ਤਰ੍ਹਾਂ ਨਾਲ ਸਲਾਤਲ ਮੁਸਤਕੀਮ ਪੁਲ ਤੋਂ ਪਾਰ ਲੰਘ ਜਾਵੇਂਗਾ।

**ਨੇਸਤ ਆਸੂਦਹ ਕਸੇ ਦਰ ਜ਼ੇਰੇ ਚਰਖ਼।**
**ਬਿਗੁਜ਼ਰ ਐ ਗੋਯਾ ਅਜ਼ੀਂ ਕੁਹਨਾ ਰੁਬਾਤ॥ ੫॥**

{ਨੇਸਤ=ਨਹੀਂ ਹੈ। ਆਸੂਦਹ=ਪ੍ਰਸੰਨ। ਕਸੇ=ਕੋਈ ਵੀ ਆਦਮੀ। ਜ਼ੇਰੇ=ਹੇਠਾਂ। ਚਰਖ਼=ਅਸਮਾਨ। ਬਿਗੁਜ਼ਰ=ਲੰਘ ਜਾਹੁ। ਕੁਹਨਾ=ਪੁਰਾਣੀ। ਰਬਾਤ=ਸਰਾਂ।}

*ਅਰਥ*—(ਇਸ) ਅਸਮਾਨ ਦੇ ਹੇਠਾਂ ਕੋਈ ਭੀ ਆਦਮੀ ਖੁਸ਼ ਨਹੀਂ ਹੈ। ਹੇ ਨੰਦ ਲਾਲ! (ਇਸ ਲਈ) ਇਸ ਪੁਰਾਣੀ ਸਰਾਂ ਵਿਚੋਂ ਅਗਾਂਹ ਲੰਘ ਜਾਹੁ।

### ਪੰਜਾਬੀ ਉਲਥਾ-

ਕੇਵਲ ਇਕ ਤੇਰੇ ਸੰਗ ਪ੍ਰੀਤਮ! ਮੈਂ ਮਿੱਤ੍ਰਤਾ ਕੀਤੀ ਹੈ।
ਚਰਨ ਤੇਰੇ ਸੰਗ ਸਤਿਗੁਰ ਮੇਰੇ, ਜਗ ਤੇ ਖੁਸ਼ੀ ਸੁਣੀਤੀ ਹੈ।
ਰਾਹ ਤੇਰੇ ਵਿਚ ਨੈਣ ਵਿਛਾਵਾਂ, ਫਰਸ਼ ਵਿਛਾਵਾਂ ਦਿਲ ਦਾ ਮੈਂ,
ਤਨ, ਮਨ, ਧਨ ਤੁਧ ਅਗੇ ਰਖਾਂ, ਏਹੋ ਆਸ ਧਰੀਤੀ ਹੈ।
ਕਰ ਤੂੰ ਤਰਸ ਫਕੀਰਾਂ ਉਤੇ, ਰੱਬ ਦੇ ਜੋ ਪਿਆਰੇ ਹਨ,
ਖੁਸ਼ੀ ਰਹੇਂਗਾ ਦੁਨੀਆਂ ਅੰਦਰ, ਉਮਰਾ ਸਫਲ ਜੋ ਬੀਤੀ ਹੈ।
ਵਲ ਪ੍ਰਭੂ ਦਿਲ ਲਾਓ ਆਪਣਾ, ਸਦਾ ਹੀ ਦਿਨ ਤੇ ਰਾਤੀਂ,
ਪੁਲ-ਸਰਾਤ ਦੇ ਰਸਤੇ ਉਤੋਂ, ਲੰਘੇਂ ਸੁਖ ਸੁਖੀਤੀ ਹੈ।
ਹੇਠਾਂ ਏਸ ਅਕਾਸ਼ ਦੇ ਬੰਦਾ, ਹੈ ਖੁਸ਼ ਸਦਾ ਨਹੀਂ ਕੋਈ,
ਏਸ ਪੁਰਾਣੀ ਜਗਤ ਸਰਾਂ ਤੋਂ, 'ਲਾਲਾ' ਲੰਘੋ ਚੁਪ ਕੀਤੀ ਹੈ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੪੪

**ਬਹਰ ਕੁਜਾ ਕਿ ਰਵੀ ਜਾਨੇ ਮਨ ਖ਼ੁਦਾ ਹਾਫ਼ਿਜ਼।**
**ਬਬੁਰਦਾਈ ਦਿਲੋ ਈਮਾਨੇ ਮਨ ਖ਼ੁਦਾ ਹਾਫ਼ਿਜ਼॥ ੧॥**

{ਬਹਰ ਕੁਜਾ=ਜਿਥੇ ਕਿਥੇ। ਰਵੀ=ਤੂੰ ਜਾਵੇਂ। ਜਾਨੇ=ਹੇ ਪਿਆਰੇ। ਮਨ=ਮੇਰੇ। ਖ਼ੁਦਾ ਹਾਫ਼ਿਜ਼=ਵਾਹਿਗੁਰੂ ਰਾਖਾ ਹੋਵੇ। ਬਬੁਰਦਾਈ=ਤੂੰ ਲੈ ਗਿਆ ਹੈਂ।}

*ਅਰਥ*—ਹੇ ਪਿਆਰੇ! ਜਿਥੇ ਕਿਥੇ ਵੀ ਤੂੰ ਜਾਵੇਂ, (ਉਥੇ ਹੀ ਤੇਰਾ) ਵਾਹਿਗੁਰੂ ਰਾਖਾ ਹੋਵੇ। ਮੇਰੇ ਦਿਲ ਤੇ ਈਮਾਨ ਨੂੰ ਤੂੰ ਲੈ ਗਿਆ ਹੈਂ, ਤੇਰਾ ਵਾਹਿਗੁਰੂ ਰਾਖਾ ਹੋਵੇ।

**ਬਿਆ ਕਿ ਬੁਲਬੁਲੇ ਗੁਲ ਹਰ ਦੁ ਇੰਤਜ਼ਾਰਿ ਤੁ ਅੰਦ।**
**ਦਮੇ ਬ ਜਾਨਿਬਿ ਬੁਸਤਾਨਿ ਮਨ ਖ਼ੁਦਾ ਹਾਫ਼ਿਜ਼॥ ੨॥**

{ਬਿਆ=ਆਓ। ਗੁਲ=ਫੁਲ। ਇੰਤਜ਼ਾਰਿ=ਉਡੀਕ ਵਿਚ। ਤੁ=ਤੇਰੀ। ਅੰਦ=ਹਨ। ਦਮੇ=ਇਕ ਪਲ ਭਰ। ਬ ਜਾਨਿਬਿ=ਤਰਫ ਵਲ, ਪਾਸੇ ਵਲ। ਬੁਸਤਾਨਿ=ਬਗ਼ੀਚੀ।}

*ਅਰਥ*—ਆਓ ਬੁਲਬੁਲ ਤੇ ਫੁਲ, ਦੋਵੇਂ ਹੀ ਤੇਰੀ ਉਡੀਕ ਵਿਚ ਹਨ। ਇਕ ਪਲ ਲਈ, ਮੇਰੀ ਬਗ਼ੀਚੀ ਦੇ ਪਾਸੇ ਵਲ, ਵਾਹਿਗੁਰੂ (ਤੇਰਾ) ਰਾਖਾ ਹੈ।

**ਨਮਕ ਜ਼ਿ ਲਾਲਿ ਲਬਤ ਰੇਜ਼ ਬਰ ਦਿਲੇ ਰੇਸ਼ਮ।**
**ਤਪੀਦ ਸੀਨਹੇ ਬਿਰੀਆਨਿ ਮਨ ਖ਼ੁਦਾ ਹਾਫ਼ਿਜ਼॥ ੩॥**

{ਨਮਕ=ਲੂਣ। ਲਾਲਿ ਲਬਤ=ਲਾਲ ਲਾਲ ਹੋਠਾਂ ਤੋਂ। ਰੇਜ਼=ਛਿੜਕਿਆ ਹੈ। ਰੇਸ਼ਮ=ਨਰਮ ਜਾਂ ਜ਼ਖਮੀ। ਤਪੀਦ=ਤਪਦਾ ਹੈ। ਬਿਰੀਆਨਿ=ਭੁਜਾ ਹੋਇਆ।}

*ਅਰਥ*—ਲਾਲ ਲਾਲ ਹੋਠਾਂ ਨਾਲ (ਤੁਸਾਂ) ਮੇਰੇ ਨਰਮ ਤੇ ਜ਼ਖਮੀ ਦਿਲ ਦੇ ਉਤੇ ਲੂਣ ਛਿੜਕ ਦਿਤਾ ਹੈ। ਮੇਰਾ ਭੁਜਾ ਹੋਇਆ ਸੀਨਾ ਤਪਦਾ ਹੈ, (ਤੇਰਾ) ਵਾਹਿਗੁਰੂ ਰਾਖਾ ਹੋਵੇ।

**ਚਿ ਖੁਸ਼ ਬਵਦ ਕਿ ਖ਼ਿਰਾਮਦ ਕਦਤ ਚੁ ਸਰਵ ਬੁਲੰਦ।**
**ਦਮੇ ਬ ਸੂਇ ਗੁਲਿਸਤਾਨਿ ਮਨ ਖ਼ੁਦਾ ਹਾਫ਼ਿਜ਼॥ ੪॥**

{ਚਿ=ਕਿਆ, ਕੈਸਾ। ਖੁਸ਼ ਬਵਦ=ਚੰਗਾ ਹੋਵੇ। ਖ਼ਿਰਾਮਦ=ਟਹਿਲਦਾ ਹੋਇਆ।



Sri Satguru Jagjit Singh Ji eLibrary NamdhariElibrary@gmail.com

ਬੁਲੰਦ=ਉਚੇ। ਕਦਤ=ਆ ਜਾਵੇਂ। ਬ ਸੂਇ=ਤਰਫ਼, ਵਲ। ਗੁਲਸਤਾਨਿ=ਫ਼ੁਲਵਾੜੀ।}

*ਅਰਥ*—ਕਿਆ ਚੰਗਾ ਹੋਵੇ, ਜੋ ਉਚੇ ਸਰੂ ਵਾਂਗੂੰ ਝੂਮਦਾ ਹੋਇਆ ਆ ਜਾਵੇਂ। ਇਕ ਪਲ ਲਈ ਮੇਰੀ ਫੁਲਵਾੜੀ ਦੀ ਤਰਫ ਵਲ, ਖ਼ੁਦਾ ਤੇਰਾ ਰਾਖਾ ਹੋਵੇ।

**ਬਿਆ ਬ ਮਰਦੁਮਕੇ ਗੋਯਾ ਕਿ ਈਂ ਖਾਨਾ ਏ ਤੁਸਤ।**
**ਦਰੂਨੇ ਦੀਦਾ ਏ ਗਿਰੀਆਨਿ ਮਨ ਖ਼ੁਦਾ ਹਾਫ਼ਿਜ਼ ॥੫॥**

{ਬਿਆ=ਆਓ। ਬ ਮਰਦੁਮਕੇ=ਅੱਖਾਂ ਦੀ ਪੁਤਲੀ। ਕਿ ਈਂ=ਕਿਉਂ ਜੋ ਇਹ। ਖਾਨਾ=ਘਰ। ਤੁਸਤ=ਤੇਰਾ ਹੈ। ਦਰੂਨੇ=ਵਿਚ ਹੈ। ਦੀਦਾ=ਅੱਖਾਂ। ਗਿਰੀਆਨਿ=ਰੋਂਦੀਆਂ ਹੋਈਆਂ।}

*ਅਰਥ*—ਆਓ, ਬੈਠ ਜਾਓ, ਨੰਦ ਲਾਲ! (ਕਿਉਂ) ਜੋ ਏਹੋ ਹੀ ਘਰ ਤੇਰਾ ਹੈ। ਮੇਰੀਆਂ ਰੋਂਦੀਆਂ ਹੋਈਆਂ ਅੱਖਾਂ ਦੀ ਪੁਤਲੀ ਵਿਚ, ਵਾਹਿਗੁਰੂ (ਤੇਰਾ) ਰਾਖਾ ਹੋਵੇ।

### ਪੰਜਾਬੀ ਉਲਥਾ-

SIKHBOOKCLUB.COM

ਜਿਥੇ ਕਿਥੇ ਜਾਵੇਂ ਸਤਿਗੁਰ! ਵਾਹਿਗੁਰੂ ਤੇਰਾ ਰਾਖਾ ਹੋ।
ਦਿਲ, ਈਮਾਨ ਤੂੰ ਲੈ ਗਿਆ ਮੇਰਾ ਵਾਹਿਗੁਰੂ ਤੇਰਾ ਰਾਖਾ ਹੋ।
ਛੇਤੀ ਆਓ, ਦਰਸ ਦਿਖਾਵੋ, ਫੁਲ-ਬੁਲਬੁਲ ਦੁਇ ਉਡੀਕ ਰਹੇ,
ਇਕ ਛਿਨ ਬਾਗ਼ ਮੇਰੇ ਵਲ ਆਵੋ, ਵਾਹਿਗੁਰੂ ਤੇਰਾ ਰਾਖਾ ਹੋ।
ਲਾਲ ਹੋਠਾਂ ਤੋਂ ਤੁਸਾਂ ਨੇ ਹੱਸਕੇ, ਛਿੜਕਿਆ ਜ਼ਖਮੀ ਦਿਲ ਤੇ ਲੂਣ,
ਮੇਰਾ ਸੜਦਾ ਸੀਨਾ ਭੁਜਾ, ਵਾਹਿਗੁਰੂ ਤੇਰਾ ਰਾਖਾ ਹੋ।
ਉਚੇ ਸਰੂ ਵਾਂਗ ਹੋਇ ਝੂਮਦਾ, ਬਾਗ ਮੇਰੇ ਵਲ ਆ ਜਾਵੇਂ,
ਇਕ ਪਲ ਲਈ ਕਿਆ ਚੰਗਾ ਹੋਵੇ, ਵਾਹਿਗੁਰੂ ਤੇਰਾ ਰਾਖਾ ਹੋ।
ਨੰਦ ਲਾਲ ਦੀ ਅੱਖ ਦੀ ਪੁਤਲੀ, ਸੁੰਦਰ ਤੇਰਾ ਘਰ ਬਣਿਆ,
ਆਵੋ, ਨੈਣ ਮੇਰੇ ਹਨ ਰੋਂਦੇ, ਵਾਹਿਗੁਰੂ ਤੇਰਾ ਰਾਖਾ ਹੋ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੪੫

**ਐ ਰੁਖ਼ਿ ਤੋ ਰੌਨਕੇ ਬਾਜ਼ਾਰ ਸ਼ਮਯ।**
**ਅਸ਼ਕ ਰੇਜ਼ੇ ਚਸ਼ਮਿ ਗੌਹਰ ਬਾਰ ਸ਼ਮਯ॥ ੧॥**

{ਸ਼ਮਯ=ਦੀਵਾ। ਅਸ਼ਕ=ਆਂਸੂ। ਰੇਜ਼ੇ=ਵਹਾ ਕੇ। ਚਸ਼ਮਿ=ਅੱਖਾਂ ਤੋਂ। ਗੌਹਰ=ਮੋਤੀ। ਬਾਰ=ਬਾਰਸ਼, ਮੀਂਹ। ਰੁਖ਼ਿ=ਚੇਹਰਾ ਹੀ।}

*ਅਰਥ*—ਤੇਰਾ ਚੇਹਰਾ (ਮੁਖ) ਹੀ ਦੀਵੇ ਦੀ ਬਾਜ਼ਾਰ ਦੀ ਰੌਣਕ ਹੈ (ਇਸ ਲਈ) ਦੀਵਾ ਅੱਖਾਂ ਤੋਂ ਹੰਝੂ ਵਹਾ ਕੇ, (ਮਾਨੋ) ਮੋਤੀਆਂ ਦੀ ਬਰਖਾ (ਕਰਦਾ ਹੈ)।

**ਹਰ ਕੁਜਾ ਰੌਸ਼ਨ ਚਰਾਗੇ ਕਰਦਹ ਅੰਦ।**
**ਯਕ ਗੁਲੇ ਬੂਦ ਅਸਤ ਅਜ਼ ਗੁਲਿਜ਼ਾਰਿ ਸ਼ਮਯ॥੨॥**

{ਹਰ ਕੁਜਾ=ਜਿਥੇ ਕਿਥੇ। ਚਰਾਗੇ=ਦੀਵੇ ਦਾ। ਰੌਸ਼ਨ=ਚਾਨਣ। ਕਰਦਹ=ਕੀਤਾ। ਅੰਦ=ਹੈ, (ਰੌਸ਼ਨ ਚਰਾਗੇ ਕਰਦਹ ਅੰਦ=ਦੀਵਾ ਬਾਲਿਆ ਹੈ)। ਗੁਲੇ=ਫੁਲ। ਬੂਦ ਅਸਤ=ਹੋਇਆ ਹੈ। ਗੁਲਿਜ਼ਾਰਿ ਸ਼ਮਯ=ਦੀਵੇ ਦੀ ਫੁਲਵਾੜੀ ਦਾ।}

*ਅਰਥ*—ਜਿਥੇ ਕਿਥੇ (ਭੀ ਕਿਸੇ ਨੇ) ਦੀਵਾ ਬਾਲਿਆ ਹੈ। (ਉਹ ਮਾਨੋਂ ਇਸੇ) ਦੀਵੇ ਦੀ ਫੁਲਵਾੜੀ ਤੋਂ ਇਕ ਫੁਲ (ਪੈਦਾ) ਹੋਇਆ ਹੈ।

**ਤਾ ਕਿ ਬਰ ਅਫ਼ਰੋਖਤੀ ਰੁਖ਼ਸਾਰਿ ਖ਼ੁਦ।**
**ਮੇ ਸ਼ਵਦ ਕੁਰਬਾਨਿ ਤੋ ਸਦ ਬਾਰਿ ਸ਼ਮਯ॥ ੩॥**

ਬਰ ਅਫ਼ਰੋਖਤੀ=ਰੌਸ਼ਨ ਕਰੇਂ। ਰੁਖ਼ਸਾਰਿ=ਗੱਲ੍ਹਾਂ। ਖ਼ੁਦ=ਆਪਣੀਆਂ। ਮੇ ਸ਼ਵਦ=ਹੁੰਦਾ ਹੈ। ਸਦ ਬਾਰਿ=ਸੈਂਕੜੇ ਵੇਰੀ।

*ਅਰਥ*—ਜਿਸ ਤੋਂ ਕਿ (ਤੂੰ) ਆਪਣੀਆਂ ਗੱਲ੍ਹਾਂ ਨੂੰ ਰੌਸ਼ਨ ਕਰੇਂ। (ਇਸ ਲਈ) ਦੀਵਾ ਤੇਰੇ ਤੋਂ ਸੈਂਕੜੇ ਵੇਰੀ ਕੁਰਬਾਨ ਹੁੰਦਾ ਹੈ।

**ਗਿਰਦ ਰੁਖ਼ਸਾਰੇ ਤੋ ਅਜ਼ ਬਹਿਰੇ ਨਿਸਾਰ।**
**ਜਾਂ ਬਰੇਜ਼ਦ ਦੀਦਹਾਏ ਜ਼ਾਰੇ ਸ਼ਮਯ॥ ੪॥**


Sri Satguru Jagjit Singh Ji eLibrary NamdhariElibrary@gmail.com

{ਗਿਰਦ=ਚੁਫੇਰੇ। ਰੁਖ਼ਸਾਰੇ=ਗੱਲ੍ਹਾਂ ਦੇ। ਤੋ=ਤੇਰੀਆਂ। ਬਹਿਰੇ=ਵਾਸਤੇ। ਨਿਸਾਰ=ਸਦਕੇ। ਜਾਂ=ਜਾਨ। ਬਰੇਜ਼ਦ=ਸੁਟਦਾ ਹੈ। ਦੀਦਹਾਏ=ਅੱਖਾਂ। ਜ਼ਾਰੇ=ਰੋਣ ਵਾਲੀਆਂ।}

*ਅਰਥ*—ਤੇਰੀਆਂ ਗੱਲ੍ਹਾਂ ਦੇ ਚੁਤਰਫੇ ਤੋਂ ਸਦਕੇ ਹੋਣ ਵਾਸਤੇ ਦੀਵਾ (ਆਪਣੀਆਂ) ਰੋਣ ਵਾਲੀਆਂ ਅੱਖਾਂ ਨਾਲ ਜਾਨ (ਨੂੰ ਵਾਰ ਕੇ) ਸੁਟਦਾ ਹੈ।

**ਬਸ ਕਿ ਇਮ ਸ਼ਬ ਨਿ ਆਮਦੀ ਅਜ਼ ਇੰਤਜ਼ਾਰ।**
**ਸੋਖ਼ਤ ਮਹਿਫਲ ਚਸ਼ਮੇ ਆਤਸ਼ ਬਾਰੇ ਸ਼ਮਅ॥ ੫॥**

{ਬਸ ਕਿ=ਕਿਉਂ ਜੋ। ਇਮ ਸ਼ਬ=ਅੱਜ ਰਾਤੀ। ਨਿ ਆਮਦੀ=ਤੂੰ ਨਹੀਂ ਆਯਾ। ਸੋਖਤ=ਸਾੜ ਦਿਤਾ। ਮਹਿਫਲ=ਮਜਲਸ ਨੂੰ। ਆਤਸ਼ ਬਾਰਿ=ਅੱਗ ਬਰਸਾਉਣ ਵਾਲੀ।}

*ਅਰਥ*—ਕਿਉਂ ਜੋ ਅੱਜ ਰਾਤੀਂ ਤੂੰ ਨਹੀਂ ਆਇਆ (ਸੀ, ਤੇਰੀ) ਉਡੀਕ ਨਾਲ ਅੱਗ ਬਰਸਾਉਣ ਵਾਲੀ ਦੀਵੇ ਦੀ ਅੱਖ ਨੇ ਮਜਲਸ ਨੂੰ ਸਾੜ ਦਿਤਾ ਹੈ।

**ਸੁਬਹ ਦਮ ਗੋਯਾ ਤਮਾਸ਼ਾਏ ਅਜੀਬ।**
**ਜੁਮਲਹ ਆਲਮ ਖ਼ੁਫ਼ਤਹ ਓ ਬੇਦਾਰ ਸ਼ਮਅ॥ ੬॥**

SIKHBOOKCLUB.COM

{ਸੁਬਹ ਦਮ=ਸਵੇਰ ਵੇਲੇ, ਅੰਮ੍ਰਿਤ ਵੇਲੇ। ਅਜੀਬ=ਅਚਰਜ। ਜੁਮਲਹ=ਸਾਰਾ। ਆਲਮ=ਸੰਸਾਰ। ਖ਼ੁਫ਼ਤਹ=ਸੁੱਤਾ ਪਿਆ ਹੈ। ਬੇਦਾਰ=ਜਾਗਦਾ ਹੈ।}

*ਅਰਥ*—ਹੇ ਨੰਦ ਲਾਲ! ਅੰਮ੍ਰਿਤ ਵੇਲੇ ਅਚਰਜ ਤਮਾਸ਼ਾ ਬਣਿਆ ਹੈ। ਸਾਰਾ ਸੰਸਾਰ ਸੁਤਾ ਪਿਆ ਹੈ ਅਤੇ ਦੀਵਾ ਜਾਗਦਾ ਹੈ।

### ਪੰਜਾਬੀ ਉਲਥਾ–

ਤੇਰੇ ਸੁਖ ਦੇ ਚਾਨਣ ਤੋਂ ਹੀ ਦੀਵੇ ਚਾਨਣ ਪਾਇਆ ਹੈ।
ਮੋਤੀ ਹੰਝੂ ਹਾਰ ਪ੍ਰੋ ਕੇ ਦੀਵਾ, ਤੇਰੀ ਭੇਟ ਲਿਆਇਆ ਹੈ।
ਜਿਥੇ ਕਿਥੇ ਭੀ ਦੀਵਾ ਬਲ ਕੇ, ਜੱਗ ਵਿਚ ਕਰਦਾ ਚਾਨਣ ਨੂੰ,
ਦੀਵੇ ਦੀ ਫੁਲਵਾੜੀ ਵਿਚ ਇਕ ਫੁਲ ਮਾਨੋ ਆਇਆ ਹੈ।
ਮੁਖ ਤੇਰੇ ਦਾ ਚਾਨਣ ਹੋਵੇ, ਇਹ ਵਿਚਾਰ ਦਿਲ ਆਪਣੇ ਕਰ,
ਹੁੰਦਾ ਹੈ ਕੁਰਬਾਨ ਤੇਰੇ ਤੋਂ, ਜੁ ਜੱਗ ਚਾਨਣ ਲਿਆਇਆ ਹੈ।
ਤੇਰੇ ਸੁੰਦਰ ਮੁਖ ਦੇ ਉਤੋਂ, ਸਦਕੇ ਜਾਨ ਕਰੇ ਆਪਣੀ,



Sri Satguru Jagjit Singh Ji eLibrary NamdhariElibrary@gmail.com

ਰੋਣ ਵਾਲੀਆਂ ਅੱਖਾਂ ਨੂੰ ਭੀ, ਦੀਵਾ ਵਾਰਨ ਆਇਆ ਹੈ।
ਕਿਉਂ ਤੂੰ ਅੱਜ ਰਾਤੀਂ ਨਹੀਂ ਆਇਆ, ਰਿਹਾ ਵਿਚ ਉਡੀਕ ਤੇਰੀ,
ਸੜ ਸੜ ਕੇ ਮਜਲਸ ਸੰਗ ਦੀਵੇ, ਅਪਣਾ ਰੂਪ ਗੁਆਇਆ ਹੈ।
ਅੰਮ੍ਰਿਤ ਵੇਲੇ ਅਜਬ ਤਮਾਸ਼ਾ, ਨੰਦ ਲਾਲ ਨੇ ਡਿਠਾ ਇਹ,
ਸੁਖ ਦੀ ਨੀਂਦੇ ਸਭ ਜੱਗ ਸੁੱਤਾ, ਦੀਵਾ ਰਾਤ ਜਗਾਇਆ ਹੈ।

SIKHBOOKCLUB.COM


Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ-੪੬

**ਸਾਕੀਆ ਬਰ ਖੇਜ਼ ਹਾਂ ਪੁਰ ਕੁਨ ਅਯਾਗ।**
**ਤਾ ਜ਼ਿ ਨੌਸ਼ੇ ਊ ਕੁਨਮ ਰੰਗੀਂ ਦਿਮਾਗ਼॥ ੧॥**

{ਸਾਕੀਆ=ਹੇ ਸਾਕੀ (ਸ਼ਰਾਬ ਪਿਆਉਣ ਵਾਲੇ ਦਾ ਨਾਮ ਸਾਕੀ ਹੈ, ਪਰ ਇਥੇ ਸਾਕੀ ਤੋਂ ਮਤਲਬ ਗਿਆਨ ਬਖਸ਼ਣ ਵਾਲਾ ਸਤਿਗੁਰੂ ਹੈ।) ਬਰ ਖੇਜ਼=ਉਠ। ਪੁਰ ਕੁਨ=ਭਰ ਦੇਹ। ਅਯਾਗ=ਪਿਆਲਾ। ਨੌਸ਼ੇ=ਪੀ ਲਵਾਂ। ਕੁਨਮ=ਕਰ ਲਵਾਂ ਮੈਂ। ਰੰਗੀਂ=ਰੰਗ ਵਾਲਾ, ਲਾਲੋ ਲਾਲ।}

*ਅਰਥ*—ਹੇ ਸਾਕੀ ! ਉਠ ਅਤੇ ਪਿਆਲਾ ਭਰ ਦੇਹ। ਤਾਂ ਕਿ (ਮੈਂ) ਉਸਨੂੰ ਪੀ ਕੇ (ਆਪਣੇ) ਦਿਮਾਗ ਨੂੰ ਲਾਲ ਕਰ ਲਵਾਂ।

**ਹਲਕਾਏ ਜ਼ੁਲਫ਼ਿ ਤੋ ਦਿਲਮ ਰਾ ਬੁਰਦਾ ਬੂਦ।**
**ਯਾਫ਼ਤਮ ਅਜ਼ ਪੇਚੇ ਤੋ ਊਰਾ ਸੁਰਾਗ਼॥ ੨॥**

SIKHBOOKCLUB.COM

{ਹਲਕਾਏ=ਕੁੰਡਲ। ਰਾ=ਨੂੰ। ਬੁਰਦਾ ਬੂਦ=ਲੈ ਲਿਆ ਹੈ। ਯਾਫ਼ਤਮ=ਪਾਯਾ ਹੈ। ਊਰਾ=ਉਸਦਾ। ਸੁਰਾਗ=ਨਿਸ਼ਾਨ ਖੋਜ।}

*ਅਰਥ*—ਤੇਰੀਆਂ ਜ਼ੁਲਫਾਂ ਦੇ ਕੁੰਡਲਾਂ ਨੇ ਮੇਰਾ ਦਿਲ ਮੋਹਤ ਕਰ ਲਿਆ ਹੈ ਤੇ ਕੁੰਡਲਾਂ ਤੋਂ ਮੈਂ ਉਸਦਾ ਨਿਸ਼ਾਨ ਪਾਇਆ ਹੈ।

**ਅਜ਼ ਸੁਆਏ ਪਰਤਵੇ ਦੀਦਾਰਿ ਪਾਕ।**
**ਸਦ ਹਜ਼ਾਰਾਂ ਹਰ ਤਰਫ਼ ਰੌਸ਼ਨ ਚਰਾਗ਼॥ ੩॥**

{ਸੁਆਏ=ਕਿਰਣਾਂ। ਪਰਤਵੇ=ਨੂਰੀ। ਪਾਕ=ਪਵਿੱਤ੍ਰ। ਰੌਸ਼ਨ=ਬਲ ਰਹੇ ਹਨ।}

*ਅਰਥ*—(ਤੇਰੇ) ਪਵਿਤ੍ਰ ਦਰਸ਼ਨ ਦੀਆਂ ਨੂਰੀ ਕਿਰਣਾਂ ਨਾਲ ਸਭਨੀਂ ਪਾਸੀਂ ਸੈਂਕੜੇ ਹਜ਼ਾਰਾਂ ਦੀਵੇ ਰੌਸ਼ਨ ਹੋ (ਬਲ) ਰਹੇ ਹਨ।

**ਯਾਦਿ ਓ ਕੁਨ ਯਾਦਿ ਓ ਕੁਨ ਗੋਯਾ ਮੁਦਾਮ।**
**ਤਾਂ ਬਿਯਾਬੀ ਅਜ਼ ਗ਼ਮੇ ਆਲਮ ਫਿਰਾਗ਼॥ ੪॥**

{ਬਿਯਾਬੀ=ਤੂੰ ਪਾ ਲਵੇਂ। ਅਜ਼ ਗ਼ਮੇ=ਗ਼ਮਾਂ ਤੋਂ। ਆਲਮ=ਸੰਸਾਰ।



Sri Satguru Jagjit Singh Ji eLibrary NamdhariElibrary@gmail.com

ਫ਼ਿਰਾਗ=ਛੁਟਕਾਰਾ।}

*ਅਰਥ*—ਨੰਦ ਲਾਲ ! ਸਿਮਰਨ ਕਰ ਉਸਦਾ, ਸਦਾ ਉਸਦਾ ਸਿਮਰਨ ਕਰ। ਤਾਂ ਕਿ ਤੂੰ ਦੁਨੀਆਂ ਦੇ ਗਮਾਂ ਤੋਂ ਛੁਟਕਾਰਾ ਪਾ ਲਵੇਂ।

## ਪੰਜਾਬੀ ਉਲਥਾ-

ਆਓ, ਉਠ ਕੇ ਸਾਕੀ ਮੇਰੇ, ਭਰ ਭਰ ਦੇਹੁ ਪਿਆਲੇ।
ਪੀ ਕੇ ਉਸਨੂੰ ਮਸਤ ਮੈਂ ਹੋਵਾਂ, ਚੜ੍ਹਨ ਜੋ ਰੰਗ ਨਿਰਾਲੇ।
ਜ਼ੁਲਫ਼ ਤੇਰੀ ਦੇ ਕੁੰਡਲ ਨੇ ਹੈ, ਮੇਰੇ ਮਨ ਨੂੰ ਮੋਹਿਆ,
ਜ਼ੁਲਫ਼ ਦੇ ਵਿਚੋਂ ਮਿਲਦਾ ਉਸਨੂੰ, ਜੋ ਸੱਜਣ ਨੂੰ ਭਾਲੇ।
ਨੂਰੀ ਦਰਸ਼ਨ ਸਤਿਗੁਰ ਤੇਰੇ, ਜੱਗ ਨੂੰ ਰੋਸ਼ਨ ਕੀਤਾ,
ਸਭਨੀ ਪਾਸੀਂ ਚਾਨਣ ਹੋਯਾ, ਜਿਉਂ ਲੱਖਾਂ ਦੀਵੇ ਬਾਲੇ।
ਸਿਮਰਨ ਕਰ, ਨਿਤ ਸਿਮਰਨ ਕਰ, ਸਿਮਰ ਸਦਾ ਨੰਦ ਲਾਲਾ,
ਦੁਨੀਆਂ ਦੇ ਗ਼ਮ ਛੁਟ ਜਾਵਣ ਸਾਰੇ, ਏਹ ਮੁਕਤ ਹੋਣ ਦੇ ਚਾਲੇ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੪੭

**ਗਰ ਜ਼ਿ ਰਾਹੇ ਸ਼ੌਕ ਸਾਜ਼ੀ ਸੀਨਹ ਸਾਫ਼।**
**ਜ਼ੂਦ ਬੀਨੀ ਖ਼੍ਵੇਸ਼ਤਨ ਰਾ ਬੇਗਿਜ਼ਾਫ਼॥ ੧॥**

{ਸ਼ੌਕ=ਪ੍ਰੇਮ। ਸਾਜੀ=ਬਣਾ ਲਵੇਂ। ਜ਼ੂਦ ਬੀਨੀ=ਛੇਤੀ ਵੇਖ ਲਵੇਂਗਾ। ਖ਼੍ਵੇਸ਼ਤਨ ਰਾ=ਆਪਣੇ ਆਪ ਨੂੰ। ਬੇਗਿਜ਼ਾਫ=(ਗਜ਼ਵ=ਝੂਠੀ ਗੱਪ) ਸਚਮੁਚ, ਯਕੀਨਨ ਹੀ।}

*ਅਰਥ*—ਜੇਕਰ ਤੂੰ ਪ੍ਰੇਮ ਦੇ ਰਾਹ ਵਿਚ (ਆਪਣਾ) ਸੀਨਾ ਸਾਫ ਬਣਾ ਲਵੇਂ (ਤਾਂ) ਸਚਮੁਚ ਹੀ ਆਪਣੇ ਆਪ ਨੂੰ ਬਹੁਤ ਛੇਤੀ ਵੇਖ ਲਵੇਂਗਾ।

**ਅਜ਼ ਖ਼ੁਦੀਅਤ ਦੂਰ ਗਸ਼ਤਹ ਚੂੰ ਖ਼ੁਦਾ।**
**ਦੂਰ ਕੁਨ ਖ਼ੁਦ ਬੀਨੀ ਓ ਬੀਂ ਬੇ ਗ਼ਿਲਾਫ਼॥ ੨॥**

{ਖ਼ੁਦੀਅਤ=ਖ਼ੁਦੀ ਤੋਂ। ਗਸ਼ਤਹ=ਚਲਾ ਗਿਆ, ਹੋ ਗਿਆ। ਚੂੰ=ਜਦ। ਖ਼ੁਦ ਬੀਨੀ=ਆਪ ਨੂੰ ਵੇਖਣਾ, ਖ਼ੁਦਗਰਜ਼ੀ। ਮੈ=ਮੇਰੀ। ਬੀਂ=ਵੇਖ। ਬੇ ਗਿਲਾਫ਼=ਪੜਦੇ ਤੋਂ ਬਿਨਾਂ, ਪ੍ਰਤੱਖ।}

*ਅਰਥ*—(ਜਦ ਕਿ) ਖ਼ੁਦਾ ਖ਼ੁਦੀ ਤੋਂ ਦੂਰ ਹੋ ਗਿਆ ਹੈ, (ਤਾਂ ਤੂੰ) ਖ਼ੁਦ ਬੀਨੀ (ਖ਼ੁਦੀ) ਨੂੰ ਦੂਰ ਕਰ, ਅਤੇ ਉਸਨੂੰ ਪੜਦੇ ਬਿਨਾਂ (ਪ੍ਰਤੱਖ) ਵੇਖ ਲੈ।

**ਆਸ਼ਕਾਂ ਦਾਰੰਦ ਚੂੰ ਇਸ਼ਕੇ ਮੁਦਾਮ।**
**ਦਮ ਮਜ਼ਨ ਦਰ ਪੇਸ਼ ਸ਼ਾਂ ਐ ਮਰਦੇ ਲਾਫ਼॥ ੩॥**

{ਦਾਰੰਦ=ਰਖਦੇ ਹਨ। ਮੁਦਾਮ=ਸਦਾ। ਮਜ਼ਨ=ਨਾ ਮਾਰ। ਪੇਸ਼ ਸ਼ਾਂ=ਉਨ੍ਹਾਂ ਦੇ ਸਾਹਮਣੇ। ਮਰਦੇ ਲਾਫ=ਗੱਪੀ ਆਦਮੀ।}

*ਅਰਥ*—ਜਦ ਕਿ ਪ੍ਰੇਮੀ ਬੰਦੇ ਪ੍ਰੇਮ ਨੂੰ ਸਦਾ ਕਾਇਮ ਰਖਦੇ ਹਨ। ਹੇ ਗੱਪੀ ਬੰਦੇ (ਤੂੰ) ਉਨ੍ਹਾਂ ਦੇ ਸਾਹਮਣੇ ਦਮ ਨਾ ਮਾਰ।

**ਬਿਗੁਜ਼ਰ ਅਜ਼ ਲੱਜ਼ਤਿ ਈਂ ਖ਼ਸਮਾ ਹਵਾਸ।**
**ਤਾ ਬਿਆਬੀ ਸੱਜ਼ਤੇ ਅਜ਼ ਜਾਮੇ ਸਾਫ਼॥ ੪॥**

{ਬਿਗੁਜ਼ਰ=ਲੰਘ ਜਾਹ। ਲੱਜ਼ਤਿ=ਸਵਾਦ। ਖ਼ਸਮਾ ਹਵਾਸ=ਪੰਜ ਵਿਕਾਰ,



SIKHBOOKCLUB.COM
Sri Satguru Jagjit Singh Ji eLibrary NamdhariElibrary@gmail.com

(ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ)। ਬਿਆਬੀ=ਪਾ ਲਵੇਂਗਾ। ਜਾਮੇ=ਪਿਆਲਾ।}

*ਅਰਥ*—(ਜਦ ਤੂੰ) ਇਨ੍ਹਾਂ ਪੰਜਾਂ ਵਿਕਾਰਾਂ ਦੇ ਸੁਾਦ ਤੋਂ ਲੰਘ ਜਾਵੇਂਗਾ। ਤਦ ਪਵਿੱਤ੍ਰ ਪਿਆਲੇ ਤੋਂ ਤੂੰ ਸੁਆਦ ਪਾਵੇਂਗਾ।

**ਗਰ ਬਿਜੋਈ ਰਾਹਿ ਮੁਰਸ਼ਿਦ ਰਾ ਮਦਾਮ।**
**ਤਾ ਸ਼ਵੀ ਗੋਯਾ ਮੁਬੱਰਾ ਅਜ਼ ਖ਼ਿਲਾਫ਼॥ ੫॥**

{ਬਿਜੋਈ=ਲੱਭੇਂ। ਮੁਰਸ਼ਿਦ=ਗੁਰੂ। ਮਦਾਮ=ਸਦਾ। ਸ਼ਵੀ=ਹੋਵੇਂਗਾ। ਮੁਬੱਰਾ= ਬਰੀ, ਅਜ਼ਾਦ। ਖ਼ਿਲਾਫ਼=ਦੁਬਿਧਾ।}

*ਅਰਥ*—ਜੇ (ਤੂੰ) ਗੁਰੂ ਦੇ ਰਾਹ ਨੂੰ ਸਦਾ ਹੀ ਲੱਭਦਾ ਰਹੇਂ। ਹੇ ਨੰਦ ਲਾਲ ! ਤਦ ਦੁਬਿਧਾ ਤੋਂ ਬਰੀ ਹੋਵੇਂਗਾ।

## ਪੰਜਾਬੀ ਉਲਥਾ-

ਪੀਆ ਮਿਲਨ ਦਾ ਸ਼ੌਕ ਜੇ ਰਖੇਂ, ਸੀਨਾ ਸਾਫ਼ ਬਣਾ ਲਈਂ ਤੂੰ।
ਸੱਚੀ ਜਾਣ ਮੇਰੀ ਗੱਲ, ਛੇਤੀ ਆਪਣਾ ਆਪ ਤਕਾ ਲਈਂ ਤੂੰ।
ਜਿਸ ਦਿਲ ਖ਼ੁਦੀ ਆਣ ਕੇ ਵੱਸਦੀ, ਖ਼ੁਦਾ ਓਸ ਥੀਂ ਦੂਰ ਰਹੇ,
ਦੂਰ ਕਰੇਂ ਖ਼ੁਦ-ਬੀਨੀ ਦਿਲ ਤੋਂ, ਬਿਨ ਪੜ੍ਹਦਿਓਂ ਦਰਸ਼ਨ ਪਾ ਲਈਂ ਤੂੰ।
ਪ੍ਰੇਮੀ ਬੰਦੇ ਪ੍ਰੇਮ ਨੂੰ ਜਦ ਕਿ, ਸਦਾ ਹੀ ਕਾਇਮ ਰਖਦੇ ਨੇ,
ਹੇ ਗੱਪੀ! ਤੂੰ ਉਨ੍ਹਾਂ ਸਾਹਮਣੇ, ਆਪਣਾ ਆਪ ਗਵਾ ਲਈਂ ਤੂੰ।
ਵਿਸ਼ੈ ਸੁਾਦ ਜਗਤ ਦੇ ਛੱਡ ਦੇ, ਪੰਜੇ ਦੁਸ਼ਮਨ ਜਾਨ ਲਈਂ,
ਸੱਚ ਖ਼ੁਮਾਰੀ ਬਖਸ਼ਣ ਵਾਲਾ, ਅੰਮ੍ਰਿਤ ਪਿਆਲਾ ਪਾ ਲਈਂ ਤੂੰ।
ਰਸਤੇ ਗੁਰੂ ਦੇ ਦੱਸੇ ਉਤੇ, ਜੇ ਨਿਤ ਤੁਰਦਾ ਜਾਵੇਂਗਾ,
ਦੁਬਿਧਾ ਦੂਰ ਹੋਵੇ ਮਨ ਅੰਦਰੋਂ, ਸਭ ਵਿਚ 'ਲਾਲ' ਤਕਾ ਲਈਂ ਤੂੰ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੪੮

**ਰਬੂਦ ਮਕਦਮ ਵਸਲਿਸ਼ ਜ਼ਿ ਮਨ ਇਨਾਨਿ ਫ਼ਿਰਾਕ।**
**ਦਿਹੇਮ ਤਾ ਬਕੁਜਾ ਸ਼ਰਹ ਦਾਸਤਾਨਿ ਫ਼ਿਰਾਕ॥੧॥**

{ਰਬੂਦ=ਲੈ ਗਿਆ। ਮਕਦਮ=ਮੇਰੇ ਪੈਰ। ਵਸਲਿਸ਼=ਮਿਲਾਪ ਉਸ ਦਾ। ਇਨਾਨਿ= ਵਾਗਾਂ। ਫਿਰਾਕ=ਵਿਛੋੜਾ। ਤਾ=ਤਕ। ਬ ਕੁਜਾ=ਕਿਥੋਂ ਤਕ। ਸ਼ਰਹ=ਕਥਾ। ਦਾਸਤਾਨਿ=ਕਹਾਣੀ, ਵਾਰਤਾ।}

*ਅਰਥ*—ਉਸ ਦੇ ਮਿਲਾਪ ਦੇ ਕਦਮ ਨੇ ਮੇਰੇ ਪਾਸੋਂ ਵਿਛੋੜੇ ਦੀਆਂ ਵਾਗਾਂ ਲੈ ਲਈਆਂ ਹਨ। ਹੁਣ ਮੈਂ ਵਿਛੋੜੇ ਦੀ ਕਥਾ ਵਾਰਤਾ ਕਿਥੋਂ ਤਕ ਕਰੀ ਜਾਵਾਂ?

**ਨ ਬੂਦ ਗ਼ੈਰੇ ਤੁ ਦਰ ਹਰ ਦੁ ਚਸ਼ਮੇ ਅਬਰੂਯਮ।**
**ਨ ਯਾਫ਼ਤੇਮ ਹਰਾਂ ਜਾ ਦਿਗਰ ਨਿਸ਼ਾਨਿ ਫ਼ਿਰਾਕ॥੨॥**

{ਨ ਬੂਦ=ਨਹੀਂ ਸੀ। ਗ਼ੈਰੇ=ਹੋਰ ਕੋਈ। ਤੁ=ਤੈਥੋਂ। ਅਬਰੂਯਮ=ਭਰਵੱਟਿਆਂ। ਯਾਫ਼ਤੇਮ=ਪਾਇਆ ਹੈ ਮੈਂ। ਹਰਾਂ ਜਾ=(ਹਰ+ਆਂ+ਜਾਂ) ਉਸ ਜਗ੍ਹਾ। ਦਿਗਰ=ਦੂਜਾ। ਨਿਸ਼ਾਨਿ=ਚਿੰਨ੍ਹ।}

*ਅਰਥ*—ਸਾਡੀਆਂ ਦੋਹਾਂ ਅੱਖਾਂ ਦੇ ਭਰਵੱਟਿਆਂ ਵਿਚ ਤੈਥੋਂ ਬਿਨਾਂ ਹੋਰ ਕੋਈ ਨਹੀਂ ਸੀ। (ਇਸ ਲਈ) ਉਸ ਜਗ੍ਹਾ ਤੇ ਮੈਂ ਕੋਈ ਦੂਜਾ ਵਿਛੋੜੇ ਦਾ ਨਿਸ਼ਾਨ ਨਹੀਂ ਪਾਇਆ ਹੈ।

**ਹਨੂਜ਼ ਹਿਜਰ ਨਿਯਾਲੂਦਹ ਬੂਦ ਵਸਲ ਤੁਰਾ।**
**ਸ਼ੁਨੀਦਾਅਮ ਸੁਖ਼ਨੇ ਵਸਲ ਅਜ਼ ਜ਼ਬਾਨਿ ਫ਼ਿਰਾਕ॥੩॥**

{ਹਨੂਜ਼=ਅਜੇ। ਨਿ=ਨਹੀਂ। ਯਾਲੂਦਹ=ਲਬੇੜਿਆ, (੨) ਛੋਹਿਆ। ਬੂਦ=ਸੀ। ਵਸਲ=ਮਿਲਾਪ। ਸ਼ੁਨੀਦਾਅਮ=ਸੁਣਾ ਦਿਤੀ ਮੈਨੂੰ। ਸੁਖ਼ਨੇ=ਗੱਲ। ਅਜ਼ ਜ਼ਬਾਨਿ= ਜ਼ਬਾਨ ਤੋਂ।}

*ਅਰਥ*—ਅਜੇ ਵਿਛੋੜੇ ਨੇ ਤੇਰੇ ਮਿਲਾਪ ਨੂੰ ਛੋਹਿਆ ਹੀ ਨਹੀਂ ਸੀ। ਜੋ ਵਿਛੋੜੇ ਨੇ ਜ਼ਬਾਨ ਤੋਂ ਮੈਨੂੰ ਤੇਰੇ ਮਿਲਾਪ ਦੇ ਸੁਖਨ ਸੁਣਾ ਦਿਤੇ।



Sri Satguru Jagjit Singh Ji eLibrary NamdhariElibrary@gmail.com

**ਚੁਨਾਂ ਜ਼ਿਹਿਜਰ ਤੁ ਆਤਿਸ਼ ਫ਼ਿਤਾਦਹ ਦਰ ਦਿਲੇ ਮਨ।**
**ਕਿ ਬਰਕਿ ਨਾਲਾ ਹੇ ਮਨ ਸੋਖ਼ਤ ਖ਼ਾਨ ਮਾਨਿ ਫ਼ਿਰਾਕ ॥੪॥**

{ਚੁਨਾ=ਅਜਿਹੀ, ਐਸੀ। ਆਤਿਸ਼=ਅੱਗ। ਫ਼ਿਤਾਦਹ=ਪਈ ਹੈ। ਦਰ ਦਿਲੇ=ਦਿਲ ਦੇ ਵਿਚ। ਮਨ=ਮੇਰੇ। ਕਿ=ਜੋ। ਬਰਕਿ=ਬਿਜਲੀ। ਨਾਲਾ=ਰੋਣਾ। ਸੋਖ਼ਤ=ਸਾੜ ਦਿਤਾ। ਖ਼ਾਨਮਾਨਿ=ਘਰ ਬਾਰ।}

*ਅਰਥ*—ਤੇਰੇ ਵਿਛੋੜੇ ਦੀ ਅਜੇਹੀ ਅੱਗ ਮੇਰੇ ਦਿਲ ਵਿਚ ਪਈ ਹੈ। ਜਿਸ ਨੇ ਮੇਰੇ ਰੋਣ ਦੀ ਬਿਜਲੀ ਨੇ ਵਿਛੋੜੇ ਦਾ ਘਰ-ਬਾਰ ਸਾੜ ਦਿਤਾ ਹੈ।

**ਚਿ ਕਰਦ ਅਸਤ ਫਿਰਾਕੇ ਤੋ ਬਰ ਸਰੇ ਗੋਯਾ।**
**ਕਿ ਦਰ ਸ਼ੁਮਾਰ ਨਯਾਯਦ ਮਰਾ ਬਿਆਨਿ ਫ਼ਿਰਾਕ ॥੫॥**

{ਚਿ=ਕੀ। ਕਰਦ=ਕੀਤਾ। ਅਸਤ=ਹੈ। ਬਰ ਸਰੇ=(ਮੇਰੇ) ਸਿਰ ਦੇ ਉਤੇ। ਸ਼ੁਮਾਰ=ਗਿਣਤੀ। ਨਯਾਯਦ=ਨਹੀਂ ਆਉਂਦਾ। ਬਿਆਨਿ=ਵਰਨਣ, ਕਥਨ।}

ਅਰਥ—ਤੇਰੇ ਵਿਛੋੜੇ ਨੇ ਨੰਦ ਲਾਲ ਦੇ ਸਿਰ ਉਤੇ ਕੀ ਕੀਤਾ ਹੈ। ਜੋ ਮੇਰੇ ਪਾਸੋਂ ਵਿਛੋੜੇ ਦਾ ਬਿਆਨ ਗਿਣਤੀ ਵਿਚ ਨਹੀਂ ਆਉਂਦਾ।

SIKHBOOKCLUB.COM

### ਪੰਜਾਬੀ ਉਲਥਾ-

ਮਾਹੀ ਮੇਲ ਹੋਇਆ ਸੁਖਦਾਈ, ਦੁਖ ਵਿਛੋੜਾ ਦੂਰ ਗਿਆ।
ਕੀ ਦੁਖ ਹਾਲ ਸੁਣਾਵਾਂ ਉਸ ਦਾ, ਜੋ ਵਿਛੋੜੇ ਵਿਚ ਭਇਆ।
ਦੋਹੁੰ ਅੱਖਾਂ ਵਿਚ ਪ੍ਰੀਤਮ ਬੈਠਾ, ਰਿਦੈ ਤਖ਼ਤ ਤੇ ਵੱਸਦਾ ਏ,
ਦੁਸ਼ਟ ਵਿਛੋੜੇ ਸੰਦਾ, ਕੋਈ ਨਿਸ਼ਾਨ ਨਾ ਨਜ਼ਰ ਪਇਆ।
ਅਜੇ ਵਿਛੋੜਾ ਛੋਹਿਆ ਨਹੀਂ ਸੀ, ਮਿਠੇ ਤੇਰੇ ਸੰਗਮ ਨੂੰ,
ਵਸਲ ਮੈਥੋਂ ਹੀ ਪੈਦਾ ਹੋਇਆ, ਇਹ ਵਿਛੋੜੇ ਸੁਖ਼ਨ ਕਹਿਆ।
ਲਾਈ ਅੱਗ ਮਾਹੀ ਦਿਲ ਮੇਰੇ, ਇਸ ਜੁਦਾਈ ਤੇਰੀ ਨੇ,
ਰੋਣ ਮੇਰੇ ਦੀ ਬਿਜਲੀ ਚਮਕੀ ਬਿਰਹੁੰ ਸੜ ਕੇ ਖਾਕ ਹੋਇਆ।
ਨੰਦ ਲਾਲ ਦੇ ਸਿਰ ਦੇ ਉਤੇ, ਬਿਰਹੁੰ ਕੀ ਕੁਝ ਕੀਤਾ ਏ,
ਦਸਿਆ ਮੈਥੋਂ ਜਾਇ ਨ ਸਾਰਾ, ਜੋ ਦੁਖ ਵਿਛੋੜੇ ਆਣ ਦਇਆ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੪੯

**ਬਿਸ਼ਨੌਂ ਅਜ਼ ਮਨ ਹਰਫ਼ ਅਜ਼ ਰਫ਼ਤਾਰ ਇਸ਼ਕ।**
**ਤਾ ਬਿਯਾਬੀ ਲਜ਼ਤ ਅਜ਼ ਗੁਫ਼ਤਾਰ ਇਸ਼ਕ॥ ੧॥**

{ਬਿਸ਼ਨੌਂ=ਸੁਣ। ਅਜ਼ ਮਨ=ਮੇਰੇ ਪਾਸੋਂ। ਹਰਫ਼=ਗਲ। ਰਫ਼ਤਾਰ=ਤੌਰ, ਚਾਲ। ਇਸ਼ਕ=ਪ੍ਰੇਮ। ਬਿਯਾਬੀ=ਤੂੰ ਪਾ ਲਵੇਂ। ਲਜ਼ਤ=ਸੁਆਦ। ਗੁਫ਼ਤਾਰ=ਵਰਨਣ, ਕਥਨ।}

*ਅਰਥ*—ਇਸ਼ਕ ਦੀ ਚਾਲ ਦੀ ਗੱਲ ਮੇਰੇ ਪਾਸੋਂ ਸੁਣ। ਤਾਂਕਿ ਪ੍ਰੇਮ ਦੇ ਕਥਨ ਤੋਂ ਤੂੰ ਸੁਆਦ ਪਾ ਲਵੇਂ।

**ਇਸ਼ਕ ਮੌਲਾ ਹਰ ਕਿਰਾ ਮਿਸਮਾਰ ਕਰਦ।**
**ਮੁਗ਼ਤਨਿਮ ਦਾਨਦ ਸਰੇ ਦਰਕਾਰਿ ਇਸ਼ਕ॥ ੨॥**

{ਇਸ਼ਕ ਮੌਲਾ=ਰੱਬ ਦੇ ਪ੍ਰੇਮ। ਹਰ ਕਿਰਾ=ਜਿਸ ਕਿਸੇ ਨੂੰ। ਮਿਸਮਾਰ=ਬਰਬਾਦ, ਤਬਾਹ। ਕਰਦ=ਕੀਤਾ ਹੈ। ਮੁਗ਼ਤਨਿਮ=ਗਨੀਮਤ, ਸੁਭਾਗ। ਦਾਨਦ=ਜਾਣਦਾ ਹੈ, ਸਮਝਦਾ ਹੈ। ਸਰੇ=(ਆਪਣੇ) ਸਿਰ ਨੂੰ। ਦਰਕਾਰਿ=ਵਾਸਤੇ, (੨) ਲਗ ਜਾਣਾ, (੩) ਕਬੂਲ।}

*ਅਰਥ*—ਜਿਸ ਕਿਸੇ ਨੂੰ ਵਾਹਿਗੁਰੂ ਦੇ ਪ੍ਰੇਮ ਨੇ ਬਰਬਾਦ ਕੀਤਾ ਹੈ। (ਉਹ) ਪਰੇਮ ਦੇ ਰਾਹ ਤੇ ਲਗ ਜਾਣ ਕਰ ਕੇ ਆਪਣੇ ਸਿਰ ਨੂੰ ਸੁਭਾਗ (ਸਫਲ) ਸਮਝਦਾ ਹੈ।

**ਆਂ ਜ਼ਿਹੇ ਦਮ ਕੋ ਬਯਾਦਸ਼ ਬਿਗੁਜ਼ਰਦ।**
**ਸਰ ਹਮਾਂ ਖ਼ੁਸ਼ ਕੋ ਰਵਦ ਦਰ ਕਾਰੇ ਇਸ਼ਕ॥ ੩॥**

{ਆਂ=ਉਹ। ਜ਼ਿਹੇ=ਧੰਨ। ਦਮ=ਸਵਾਸ। ਬ ਯਾਦਸ਼=(ਬ+ਯਾਦ+ਸ਼) ਉਸ ਦੀ ਯਾਦ ਨਾਲ। ਬਿਗੁਜ਼ਰਦ=ਲੰਘਦਾ ਹੈ। ਸਰ=ਸਿਰ। ਹਮਾਂ=(ਹਮ+ਆਂ) ਭੀ ਉਹ। ਖ਼ੁਸ਼=ਚੰਗਾ। ਰਵਦ=ਜਾਂਦਾ ਹੈ। ਦਰ ਕਾਰੇ=ਕੰਮ ਦੇ ਵਿਚ।}

*ਅਰਥ*—ਉਹ ਸਵਾਸ ਧੰਨ ਹੈ, ਜੋ ਉਸ ਦੇ ਸਿਮਰਨ ਨਾਲ ਗੁਜ਼ਰਦਾ ਹੈ। ਸਿਰ ਭੀ ਉਹ ਚੰਗਾ ਹੈ। ਜੋ ਪਰੇਮ ਦੇ ਕੰਮ ਵਿਚ ਜਾਂਦਾ ਹੈ।

**ਸਦ ਹਜ਼ਾਰਾਂ ਜਾਂ ਬਕਫ਼ ਦਰ ਰਾਹੇ ਊ।**
**ਈਸਤਾਦਹ ਤਕੀਆ ਬਰ ਦੀਵਾਰੇ ਇਸ਼ਕ॥ ੪॥**

{ਜਾਂ=ਜਾਨ। ਬਕਫ਼=ਹਥੇਲੀ ਉਤੇ। ਈਸਤਾਦਹ=ਖੜੇ ਹਨ। ਤਕੀਆ=ਆਸਰਾ,



Sri Satguru Jagjit Singh Ji eLibrary NamdhariElibrary@gmail.com

ਢੋ। ਦੀਵਾਰ=ਕੰਧ।}

*ਅਰਥ*—ਸੈਂਕੜੇ ਤੇ ਹਜ਼ਾਰਾਂ ਬੰਦੇ ਆਪਣੀ ਜਾਨ ਤਲੀ ਉਤੇ ਰਖ ਕੇ ਉਸ ਦੇ ਰਾਹ ਵਿਚ ਪਰੇਮ ਦੀ ਕੰਧ ਦੇ ਆਸਰੇ ਉਤੇ ਖੜੇ ਹਨ।

**ਹਰ ਕਿ ਸ਼ੁਦ ਦਰ ਰਾਹੇ ਮੌਲਾ ਬੇ ਅਦਬ।**

**ਹਮ ਚੂੰ ਮਨਸੂਰਸ਼ ਸਜ਼ਦ ਬਰਦਾਰੇ ਇਸ਼ਕ॥ ੫॥**

{ਹਰ ਕਿ=ਜਿਹੜਾ ਕੋਈ। ਸ਼ੁਦ ਹੋਇਆ ਹੈ। ਰਾਹੇ=ਰਾਹ ਵਿਚ। ਬੇ ਅਦਬ= ਗੁਸਤਾਖ। ਹਮ ਚੂੰ=ਵਾਂਗੂੰ। ਮਨਸੂਰ=(ਇਕ ਪ੍ਰੇਮੀ ਦਾ ਨਾਮ ਹੈ)। ਸ਼=ਉਹ। ਸਜ਼ਦ= ਸੋਭਦਾ। ਦਾਰੇ= ਸੂਲੀ ਤੇ।}

*ਅਰਥ*—ਜਿਹੜਾ ਕੋਈ ਰੱਬ ਦੇ ਰਾਹ ਵਿਚ ਗੁਸਤਾਖ (ਬੇ-ਅਦਬ) ਹੋਇਆ ਹੈ। ਉਹ ਮਨਸੂਰ ਵਾਂਗੂੰ ਪਰੇਮ ਦੀ ਸੂਲੀ ਉਤੇ ਸੋਭਾ ਪਾਂਦਾ ਹੈ।

**ਐ ਜ਼ਹੇ ਦਿਲ ਕੋ ਜ਼ਿ ਇਸ਼ਕੇ ਹਕ ਪੁਰ ਅਸ਼ਤ।**

**ਖ਼ਮ ਸ਼ੁਦਹ ਪੁਸ਼ਤੇ ਫ਼ਲਕ ਅਜ਼ ਬਾਰੇ ਇਸ਼ਕ॥ ੬॥**

{ਐ ਜ਼ਹੇ=ਉਹ ਧੰਨ ਹੈ। ਇਸ਼ਕੇ ਹਕ=ਰੱਬੀ ਪਰੇਮ ਨਾਲ। ਪੁਰ ਅਸਤ=ਭਰਿਆ ਹੋਇਆ ਹੈ। ਖ਼ਮ ਸ਼ੁਦਹ=ਕੁਬਾ ਹੋ ਗਿਆ। ਪੁਸ਼ਤੇ=ਪਿੱਠ, ਲੱਕ। ਫ਼ਲਕ=ਆਸਮਾਨ। ਬਾਰੇ=ਬੋਝ, ਭਾਰ।}

*ਅਰਥ*—ਉਹ ਧੰਨ ਹੈ ਦਿਲ ਜਿਹੜਾ ਰੱਬੀ ਪਰੇਮ ਨਾਲ ਭਰਿਆ ਹੋਇਆ ਹੈ। ਪਰੇਮ ਦੇ ਬੋਝ ਨਾਲ ਆਸਮਾਨ ਦਾ ਲੱਕ ਕੁਬਾ ਹੋ ਗਿਆ ਹੈ।

**ਜਿੰਦਹ ਮਾਨੀ ਦਾਯਮਾ ਐ ਨੇਕ ਖ਼ੂ।**

**ਬਿਸ਼ਨਵੀ ਗਰ ਜ਼ਮਜ਼ਮਹ ਅਜ਼ ਤਾਰਿ ਇਸ਼ਕ॥ ੭॥**

{ਮਾਨੀ=ਰਹੇਂ। ਦਾਯਮਾ=ਸਦਾ ਹੀ। ਨੇਕ ਖ਼ੂ=ਭਲੇ (ਖ਼ੂ-ਖੋ) ਸੁਭਾਵ ਵਾਲੇ। ਜ਼ਮਜ਼ਮਹ=ਰਾਗ। ਬਿਸ਼ਨਵੀ=ਤੂੰ ਸੁਣ ਲਵੇਂ।}

*ਅਰਥ*—ਅਰਥ ਹੇ ਚੰਗੇ ਲੋਕ ! ਸਦਾ ਹੀ ਜੀਉਂਦਾ ਰਹੇਂਗਾ! ਜੇਕਰ ਤੂੰ ਇਸ਼ਕ ਦੀ ਤਾਰ ਤੋਂ ਰਾਗ ਸੁਣ ਲਵੇਂ।

**ਬਾਦਸ਼ਾਹਾਂ ਸਲਤਨਤ ਬਿਗੁਜਾਸ਼ਤੰਦ।**

**ਤਾ ਸ਼ਵੰਦ ਆਂ ਮਹਿਰਮ ਅਜ਼ ਰਫਤਾਰਿ ਇਸ਼ਕ॥੮॥**

{ਸਲਤਨਤ=ਰਾਜਧਾਨੀਆਂ। ਬਿਗੁਜਾਸ਼ਤੰਦ=ਛਡ ਗਏ ਹਨ। ਸ਼ਵੰਦ=ਹੋ ਸਕੇ



Sri Satguru Jagjit Singh Ji eLibrary NamdhariElibrary@gmail.com

ਹਨ। ਆਂ=ਉਹ। ਮਹਿਰਮ=ਵਾਕਫ, ਜਾਣੂ। ਰਫਤਾਰ=ਚਾਲ, ਮਰਯਾਦਾ।}

*ਅਰਥ*—ਅਨੇਕਾਂ ਬਾਦਸ਼ਾਹ ਰਾਜਧਾਨੀਆਂ ਛਡ ਗਏ ਹਨ, ਤਦ ਹੀ ਉਹ ਪ੍ਰੇਮ ਦੀ ਚਾਲ ਤੋਂ ਜਾਣੂ ਹੋ ਸਕੇ ਹਨ।

**ਮਹਰਮੇ ਜੁਜ਼ ਬੰਦਗੀ ਦੀਗਰ ਨ ਦੀਦ।**
**ਹਮਚੂੰ ਗੋਯਾ ਹਰ ਕਿ ਸ਼ੁਦ ਬੀਮਾਰਿ ਇਸ਼ਕ॥ ੯॥**

{ਮਹਰਮੇ=ਵਾਕਫ਼ ਨੇ, ਜਾਣੂ ਨੇ। ਜੁਜ਼=ਬਿਨਾਂ। ਦੀਗਰ=ਹੋਰ ਦੂਜਾ। ਦੀਦ= ਡਿੱਠਾ, ਤਕਿਆ। ਹਮਚੂੰ=ਵਾਂਗੂੰ। ਹਰ ਕਿ=ਜਿਹੜਾ ਕੋਈ। ਸ਼ੁਦ=ਹੋਇਆ ਹੈ।}

*ਅਰਥ*—ਵਾਕਫ਼ ਨੇ ਬੰਦਗੀ ਤੋਂ ਬਿਨਾਂ ਹੋਰ ਕੋਈ ਦੂਜਾ ਦਾਰੂ ਨਹੀਂ ਡਿਠਾ। ਨੰਦ ਲਾਲ ਵਾਂਗੂੰ ਜਿਹੜਾ ਕੋਈ ਇਸ਼ਕ ਦਾ ਬੀਮਾਰ ਹੋਇਆ ਹੈ।

**ਪੰਜਾਬੀ ਉਲਥਾ-**

ਸੁਣੀਂ ਭਾਈ ਮੈਥੋਂ ਤੂੰ ਰੀਤ ਪਰੇਮ ਵਾਲੀ।
ਪਾਏ ਸਵਾਦ ਬਹੁਤਾ ਨਾ ਹੋਇ ਰਸ ਤੋਂ ਖਾਲੀ।
ਇਸ ਪਰੇਮ ਰੱਬ ਦੇ ਨੇ ਜਿਸ ਨੂੰ ਬਰਬਾਦ ਕੀਤਾ,
ਹੁਇ ਬਰਬਾਦ ਭਾਵੇਂ ਪਰ ਤੁਰਨ ਪ੍ਰੇਮ ਚਾਲੀ।
ਓ ਸਫਲ ਸ੍ਵਾਸ ਜਾਣੋ ਸਿਮਰਨ ਵਿਚ ਜੋ ਗੁਜ਼ਰੇ,
ਸਿਰ ਭੀ ਸਫਲ ਉਸਦਾ ਜਿਨ ਕਾਰ ਪ੍ਰੇਮ ਘਾਲੀ।
ਸਿਰ ਤਲੀ ਗਲੀ ਉਤੇ ਖੜੇ ਨਿ ਕਈ ਹਜ਼ਾਰਾਂ,
ਹੋ ਇਸ਼ਕ ਕੰਧ ਪਰਨੇ ਦਰ ਦੇ ਬਣੇ ਸੁਆਲੀ।
ਰੱਬ ਪਰੇਮ ਰਾਹ ਉਤੇ ਹੋਇ ਜਿ ਬੇਅਦਬ ਕੋਈ,
ਸ਼ਾਹ ਮਨਸੂਰ ਵਾਂਗੂੰ ਸੂਲੀ ਖੜੀ ਹੈ ਖਾਲੀ।
ਧੰਨ ਹੈ ਉਹ ਦਿਲ ਵਿਚ ਪ੍ਰੇਮ ਪਦਾਰਥ ਭਰਿਆ,
ਨਭ ਭਾਰ ਪ੍ਰੇਮ ਹੋਯਾ ਜਿਉਂ ਝੁਕ ਜਾਵੇ ਡਾਲੀ।
ਜੀਵਨ ਸਫਲ ਉਸਦਾ ਜੀਵਨ ਅਮਰ ਜਿ ਪਾ ਕੇ,
ਸੁਣਿਆ ਜਿ ਨਾਦ ਰੱਬੀ ਅਤੇ ਤਾਰ ਪ੍ਰੇਮ ਵਾਲੀ।
ਛਡ ਬਾਦਸਾਹੀ ਨੇਕਾਂ ਫਕੀਰ ਹੋਏ,
ਭੇਦ ਤਦੋਂ ਨਿ ਪਾਇਆ, ਇਹੋ ਹੈ ਪ੍ਰੇਮ ਚਾਲੀ।
ਭਗਤੀ ਬਿਨਾਂ ਨ ਕੋਈ ਦਾਰੂ ਜਗ ਵਿਚ ਸੁਣਿਆ,
ਨੰਦ ਲਾਲ ਹੋਈ ਜਿਸ ਨੂੰ ਹੈ ਮਰਜ਼ ਪ੍ਰੇਮ ਵਾਲੀ।

**ਗ਼ਜ਼ਲ–੫੦**



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੫੦

**ਜ਼ਾਂ ਅਫਰੀਦਹ ਅਸਤ ਮਰਾ ਆਂ ਖ਼ੁਦਾਏ ਪਾਕ।**

**ਜੁਜ਼ ਹਰਫ਼ੇ ਨਾਮੇ ਹਕ ਕਿ ਨਿਆਯਦ ਜ਼ਿ ਜਿਸਮੇ ਖ਼ਾਕ ॥੧॥**

{ਅਫ਼ਰੀਦਹ ਅਸਤ=ਪੈਦਾ ਕੀਤਾ ਹੈ। ਮਰਾ=ਮੈਨੂੰ, ਸਾਨੂੰ। ਪਾਕ=ਪਵਿਤ੍ਰ। ਜੁਜ਼=ਬਿਨਾਂ। ਹਰਫ਼ੇ=ਅੱਖਰ, ਗਲ। ਨਿਆਯਦ=ਨਹੀਂ ਆਉਂਦਾ। ਜ਼ਿ=ਤੋਂ। ਜਿਸਮੇ=ਦੇਹ, ਸਰੀਰ। ਖ਼ਾਕ=ਮਿਟੀ।}

*ਅਰਥ*—ਉਸ ਪਵਿੱਤਰ ਵਾਹਿਗੁਰੂ ਨੇ ਮੈਨੂੰ ਪੈਦਾ ਕੀਤਾ ਹੈ। ਇਸ ਲਈ ਸਚੇ ਰੱਬ ਦੇ ਨਾਮ ਤੋਂ ਬਿਨਾਂ ਹੋਰ ਕੋਈ ਗੱਲ ਮਿਟੀ ਦੇ ਸਰੀਰ ਤੋਂ ਨਹੀਂ ਆਉਂਦੀ ਹੈ।

**ਦਰ ਹਿਜਰੇ ਤੁਸਤ ਜਾਨੋ ਦਿਲੇ ਆਸ਼ਕਾਂ ਚੁਨੀਂ।**

**ਚੂੰ ਲਾਲਹ ਦਾਗ਼ ਬਰ ਜਿਗਰ ਓ ਸੀਨਹ ਚਾਕ ਚਾਕ ॥੨॥**

{ਹਿਜਰੇ=ਵਿਛੋੜੇ। ਤੁਸਤ=ਤੇਰੇ ਹੈ। ਚੁਨੀਂ=ਕੈਸਾ। ਚੂੰ=ਜਿਵੇਂ। ਲਾਲਹ=ਇਕ ਤਰ੍ਹਾਂ ਦੇ ਪੌਦੇ ਦਾ ਨਾਮ ਹੈ, ਜਿਸ ਦੇ ਫੁਲ ਦਾ ਰੰਗ ਲਾਲ ਹੁੰਦਾ ਹੈ ਤੇ ਉਸ ਦੇ ਉਪਰ ਕਾਲਾ ਕਾਲਾ ਦਾਗ ਹੁੰਦਾ ਹੈ ਤੇ ਪੰਖੜੀਆਂ ਰੇਜ਼ਾ ਰੇਜ਼ਾ ਹੁੰਦੀਆਂ ਹਨ, ਉਸ ਫੁਲ ਦਾ ਨਾਮ 'ਗੁਲਿ ਲਾਲਾ' ਕਿਹਾ ਹੈ। ਇਹ ਗਜ਼ਨੀ ਵਿਚ ਬਹੁਤ ਹੁੰਦਾ ਹੈ।}

*ਅਰਥ*—ਤੇਰੇ ਵਿਛੋੜੇ ਵਿਚ ਆਸ਼ਕਾਂ ਦਾ ਦਿਲ ਤੇ ਜਾਨ ਕਿਸ ਤਰ੍ਹਾਂ ਦੀ ਹੈ? ਜਿਵੇਂ ਲਾਲੇ ਦਾ ਫੁੱਲ ਆਪਣੇ ਜਿਗਰ ਉਤੇ ਕਾਲਾ ਦਾਗ ਰਖਦਾ ਹੈ ਅਤੇ ਉਸ ਦਾ ਸੀਨਾ ਲੀਰਾਂ ਲੀਰਾਂ (ਟੁਕੜੇ ਟੁਕੜੇ ਹੋਇਆ ਹੁੰਦਾ) ਹੈ।

**ਈਂ ਗ਼ਫ਼ਲਤ ਅਸਤ ਮਰਗ ਕਿ ਬੇ ਯਾਦੇ ਹਕ ਬਵਦ।**

**ਚੂੰ ਸਾਯਹ ਤੁ ਹਸਤ ਨ ਦਾਰੇਮ ਹੇਚ ਬਾਕ ॥੩॥**

{ਗ਼ਫ਼ਲਤ=ਸੁਸਤੀ। ਮਰਗ=ਮੌਤ। ਬੇ ਯਾਦੇ=ਸਿਮਰਨ ਤੋਂ ਬਿਨਾਂ। ਬਵਦ=ਹੁੰਦੀ ਹੈ। ਸਾਯਹ=ਛਾਂ। ਦਾਰੇਮ=ਰਖਦਾ ਹਾਂ ਮੈਂ। ਹੇਚ=ਕੁਝ। ਬਾਕ=ਡਰ।}

*ਅਰਥ*—ਇਹ ਗ਼ਫ਼ਲਤ ਹੀ ਮੌਤ ਹੈ, ਜੋ ਰੱਬ ਦੇ ਸਿਮਰਨ ਤੋਂ ਬਿਨਾਂ ਹੁੰਦੀ ਹੈ। ਜਦ ਕਿ ਸਿਰ ਉਤੇ ਤੇਰਾ ਸਾਇਆ ਹੈ, ਤਾਂ ਸਿਰਫ ਮਨ ਵਿਚ ਮੈਂ ਕੁਝ ਭੀ ਡਰ ਨਹੀਂ ਰੱਖਦਾ ਹਾਂ।



Sri Satguru Jagjit Singh Ji eLibrary NamdhariElibrary@gmail.com

**ਤਖ਼ਤੋ ਨਗੀਂ ਗੁਜ਼ਾਸ਼ਤਹ ਸ਼ਾਹਾਂ ਜ਼ਿ ਬਹਿਰਿ ਤੋ।**

**ਬ ਕੁਸ਼ਾ ਰੁਖ਼ ਅਜ਼ ਨੁਕਾਬ ਜ਼ਿ ਆਲਮ ਸ਼ੁਦਹ ਹਲਾਕ॥ ੪॥**

{ਤਖ਼ਤੋ ਨਗੀਂ=ਤਖਤੇ ਤੇ ਨਗੀਨੇ ਭਾਵ ਸੁਨਹਿਰੀ ਜੜਾਊ ਤਾਜ ਤੇ ਰਾਜ ਸਿੰਘਾਸਣ। ਗੁਜ਼ਾਸ਼ਤਹ=ਛਡ ਦਿਤੇ ਹਨ। ਸ਼ਾਹਾਂ=ਬਾਦਸ਼ਾਹਾਂ। ਬਹਿਰਿ=ਵਾਸਤੇ। ਬ ਕੁਸ਼ਾ=ਖੋਲ੍ਹ ਦੇਹੁ। ਰੁਖ਼=ਚੇਹਰਾ, ਮੂੰਹ। ਨਕਾਬ=ਘੁੰਡ। ਸ਼ੁਦਹ=ਹੋ ਰਿਹਾ। ਹਲਾਕ=ਮਰ।}

*ਅਰਥ*—ਬਾਦਸ਼ਾਹਾਂ ਨੇ ਤੇਰੇ ਦਰਸ਼ਨ ਵਾਸਤੇ ਤਖ਼ਤ ਤੇ ਤਾਜ ਛਡ ਦਿਤੇ ਹਨ। ਚੇਹਰੇ ਤੋਂ ਘੁੰਡ ਖੋਲ੍ਹ ਦੇਹੁ, ਕਿਉਂ ਜੋ ਜਗਤ ਮਰ ਰਿਹਾ ਹੈ।

**ਐ ਖ਼ਾਕ ਦਰਗਾਹੇ ਤੋ ਸ਼ਫ਼ਾ ਬਖ਼ਸ਼ੇ ਆਲਮ ਅਸਤ।**

**ਰਹਮੇ ਬਿਕੁਨ ਬਹਾਲੇ ਗ਼ਰੀਬਾਨੇ ਦਰਦਨਾਕ॥ ੫॥**

{ਖ਼ਾਕ=ਧੂੜੀ। ਸ਼ਫਾ=ਆਰਾਮ। ਆਲਮ=ਜਗਤ। ਰਹਮੇ=ਤਰਸ। ਬਿਕੁਨ=ਕਰ।}

*ਅਰਥ*—ਐ ਖ਼ੁਦਾ! ਤੇਰੀ ਦਰਗਾਹ ਦੀ ਧੂੜੀ ਜਗਤ ਨੂੰ ਆਰਾਮ ਬਖਸ਼ਦੀ ਹੈ। ਤੂੰ ਗਰੀਬਾਂ ਦੇ ਦਰਦਨਾਕ ਹਾਲ ਉਤੇ ਤਰਸ ਕਰ।

SIKHBOOKCLUB.COM

**ਚਸ਼ਮਮ ਹਮੇਸ਼ਹ ਬੇ ਤੋ ਗੌਹਰ ਬਾਰ ਮੇ ਸ਼ਵਦ।**

**ਗੋਯਾ ਮਿਸਾਲ ਦਾਨਹ ਅਜ਼ ਖ਼ੋਸ਼ਾਹਾਇ ਤਾਕ॥ ੬॥**

{ਚਸ਼ਮਮ=ਅੱਖਾਂ ਮੇਰੀਆਂ। ਬੇ ਤੋ=ਤੇਰੇ ਦਰਸ਼ਨ ਤੋਂ ਬਿਨਾਂ। ਗੌਹਰ=ਮੋਤੀ। ਬਾਰ=ਬਾਰਸ਼। ਮੇ ਸ਼ਵਦ=ਹੁੰਦੀ ਹੈ। ਤਾਕ=ਡਿਗਣਾ। ਮਿਸਾਲ=ਵਾਂਗੂੰ। ਖੋਸ਼ਾਹਾਇ= (ਖੋਸ਼ਾ ਦਾ ਬਹੁ ਵਚਨ) ਅੰਗੂਰ ਦੇ ਗੁਛੇ।}

*ਅਰਥ*—ਤੇਰੇ ਦਰਸ਼ਨ ਤੋਂ ਬਿਨਾਂ ਹੋਣ ਕਰ ਕੇ ਮੇਰੀਆਂ ਅੱਖਾਂ ਤੋਂ ਹਮੇਸ਼ਾਂ ਹੀ ਮੋਤੀਆਂ ਦੀ ਬਾਰਸ਼ ਹੁੰਦੀ ਹੈ। ਨੰਦ ਲਾਲ! ਜਿਵੇਂ ਅੰਗੂਰ ਦੇ ਗੁਛਿਆਂ ਨਾਲੋਂ ਦਾਣੇ ਕਿਰਦੇ ਹਨ।

**ਪੰਜਾਬੀ ਉਲਥਾ-**



Sri Satguru Jagjit Singh Ji eLibrary NamdhariElibrary@gmail.com

ਉਸ ਪਾਕ ਪਵਿਤਰ ਵਾਹਿਗੁਰੂ ਨੇ ਮੈਨੂੰ ਹੈ ਪੈਦਾ ਕੀਤਾ।
ਬੁਤ ਖ਼ਾਕੀ ਮਿਟੀ ਦੇ ਵਿਚੋਂ, ਬਿਨ ਨਾਮ ਹੋਰ ਨਾ ਲੀਤਾ।
ਦਿਲ ਵ ਜਾਨ ਹੋਈ ਹੈ ਕੈਸੀ, ਨਾਦ ਵਿਛੋੜੇ ਤੇਰੇ ਦੇ,
ਗੁਲ ਲਾਲਾ ਜਿਉਂ ਲੀਰਾਂ ਲੀਰਾਂ, ਮਸ ਦਾਗ ਮਥੇ ਤੇ ਲੀਤਾ।
ਮੌਤ ਇਹ ਹੈ ਰੱਬ ਦਾ ਭੁਲਣਾ, ਬਿਨ ਸਿਮਰਨ ਤੋਂ ਹੋਵੇ,
ਸਾਯਾ ਤੇਰਾ ਸਿਰ ਮੇਰੇ ਜਦ, ਫਿਰ ਕਿਉਂ ਡਰ ਮਨ ਲੀਤਾ।
ਲੱਖਾਂ ਤਾਜ ਤੇ ਤਖ਼ਤ ਛਡ ਦਿਤੇ, ਤੇਰੇ ਦਰਸ਼ਨ ਕਾਰਨ,
ਖੋਲ੍ਹ ਨਕਾਬ ਦਰਸ ਦੇਹੁ ਆਪਣਾ, ਹੈ ਮਰਦਾ ਜਗਤ ਦਖੀਤਾ।
ਦਰ ਤੇਰੇ ਦੀ ਧੂੜੀ ਜਗ ਨੂੰ, ਸਾਰੇ ਸੁਖ ਅਰਾਮ ਦੇਵੇ,
ਰਹਿਮ ਕਰੋ ਕੁਛ ਹਾਲ ਗਰੀਬਾਂ, ਦੁਖ ਦਰਦ ਵਿਛੋੜੇ ਦੀਤਾ।
ਦਰਸ ਤੇਰੇ ਬਿਨ ਨੈਣ ਮੇਰੇ ਹਨ, ਮੋਤੀ ਬਾਰਸ਼ ਕਰਦੇ,
ਜਿਉਂ ਅੰਗੂਰ ਦੇ ਗੁਛੇ ਗੋਯਾ, ਹਨ ਦਾਣੇ ਕਿਰਨ ਝੜੀਤਾ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੫੧

**ਮਨ ਨਾ ਦਾਨਮ ਕਿ ਕੁਦਾਮਮ ਕਿਹ ਕੁਦਾਮਮ ਕਿ ਕੁਦਾਮ।**
**ਬੰਦਹ ਏ ਊਅਮ ਵ ਊ ਹਾਫ਼ਜ਼ੇ ਮਨ ਦਰ ਹਮਾ ਹਾਲ॥੧॥**

{ਮਨ=ਮੈਂ। ਦਾਨਮ=ਜਾਣਦਾ। ਕੁਦਾਮਮ=ਕੌਣ ਹਾਂ ਮੈਂ। ਕਿਹ=ਜੋ। ਬੰਦਹ=ਬੰਦਾ, ਗੁਲਾਮ। ਊਅਮ=ਉਸਦਾ ਹਾਂ। ਵ=ਅਤੇ। ਊ=ਉਹ। ਹਾਫ਼ਜ਼=ਰਾਖਾ ਹੈ। ਹਮਾ=ਸਾਰਿਆਂ। ਹਾਲ=ਸਮਾਂ।}

*ਅਰਥ*—ਮੈਂ ਨਹੀਂ ਜਾਣਦਾ, ਜੋ ਮੈਂ ਕੌਣ ਹਾਂ, ਜੋ ਮੈਂ ਕੌਣ ਹਾਂ, ਜੋ ਮੈਂ ਕੌਣ ਹਾਂ। (ਕੇਵਲ ਇਹ ਜਾਣਦਾ ਹਾਂ ਕਿ) ਮੈਂ ਉਸ ਦਾ ਬੰਦਾ ਹਾ ਅਤੇ ਉਹ ਸਾਰਿਆਂ ਸਮਿਆਂ ਵਿਚ ਮੇਰਾ ਰਾਖਾ ਹੈ।

**ਸਾਹਿਬੇ ਹਾਲ ਬਜੁਜ਼ ਹਰਫ਼ੇ ਖ਼ੁਦਾ ਦਮ ਨ ਜ਼ਨਦ।**
**ਗ਼ੈਰ ਜ਼ਿਕਰਸ਼ ਹਮਹ ਆਵਾਜ਼ ਬਵਦ ਕੀਲੋ-ਕਾਲ॥੨॥**

{ਸਾਹਿਬੇ ਹਾਲ=ਨਾਮ ਦਾ ਰਸੀਆ ਮਸਤਾਨਾ। ਬਜੁਜ਼=ਬਿਨਾਂ। ਹਰਫ਼ੇ=ਗੱਲ। ਜ਼ਨਦ=ਮਾਰਦਾ, (੨) ਲੈਂਦਾ। ਗ਼ੈਰ=ਬਿਨਾਂ। ਜ਼ਿਕਰਸ਼=ਸਿਮਰਨ ਉਸ ਦਾ। ਬਵਦ=ਹੁੰਦੀ ਹੈ। ਕੀਲੋ-ਕਾਲ=ਬੇਅਰਥ ਗੱਲ-ਬਾਤ।}

*ਅਰਥ*—ਨਾਮ ਦਾ ਰਸੀਆ ਵਾਹਿਗੁਰੂ (ਸਬੰਧੀ) ਗੱਲ ਤੋਂ ਬਿਨਾਂ ਸਵਾਸ ਨਹੀਂ ਲੈਂਦਾ (ਜੈਸਾ ਕਿ ਹੁਕਮ ਹੈ) 'ਗਲੀ ਗਲਾ ਸਿਰਜਨਹਾਰੁ' (ਉਹ ਜਾਣਦੇ ਹਨ) ਉਸ ਦੇ ਸਿਮਰਨ ਤੋਂ ਬਿਨਾਂ (ਹੋਰ) ਸਾਰੀ ਗੱਲ ਬਾਤ (ਹਵਾ ਦੀ ਸਾਂ-ਸਾਂ) ਆਵਾਜ਼ ਵਾਂਗੂੰ ਬੇਅਰਥ ਹੈ।

**ਮੁਰਸ਼ਦੇ ਕਾਮਿਲੇ ਮਾ ਬੰਦਗੀਅਤ ਫ਼ਰਮਾਯਦ।**
**ਐ ਜ਼ਹੇ ਕੌਲੇ ਮੁਬਾਰਕ ਕਿ ਕੁਨਦ ਸਾਹਿਬੇ ਹਾਲ॥੩॥**

{ਮੁਰਸ਼ਦੇ=ਗੁਰੂ। ਕਾਮਿਲੇ=ਪੂਰੇ। ਮਾ=ਮੇਰੇ। ਬੰਦਗੀਅਤ=ਭਗਤੀ ਕਰਨੀ। ਫ਼ਰਮਾਯਦ=ਫੁਰਮਾਉਂਦੇ ਹਨ, ਹੁਕਮ ਦੇਂਦੇ ਹਨ। ਜਹੇ=ਪਵਿੱਤ੍ਰ। *ਕੌਲੇ=ਬਚਨ,

*ਕਿਸੇ ਕਿਸੇ ਪੁਸਤਕ ਵਿਚ 'ਕੌਲੇ' ਦੀ ਥਾਂ ਤੇ 'ਫਾਲੇ' ਪਾਠ ਭੀ ਵੇਖਿਆ ਗਿਆ ਹੈ। ਉਸ ਦਾ ਅਰਥ 'ਘੜੀ' (ਜਾਂ ਵੇਲਾ) ਹੈ।*



Sri Satguru Jagjit Singh Ji eLibrary NamdhariElibrary@gmail.com

ਬਾਣੀ, (੨) ਫਾਲੇ=ਘੜੀ। ਮੁਬਾਰਕ=ਧੰਨ। ਕੁਨਦ=ਕਰਦੀ ਹੈ। ਸਾਹਿਬੇ ਹਾਲ=ਨਾਮ ਦਾ ਰਸੀਆ, ਮਸਤਾਨਾ।}

*ਅਰਥ*— ਨਾਮ ਦਾ ਰਸੀਆ ਮਸਤਾਨਾ। ਮੇਰੇ ਪੂਰੇ ਸਤਿਗੁਰੂ ਜੀ ਬੰਦਗੀ ਕਰਨ ਦਾ ਹੁਕਮ ਦੇਂਦੇ ਹਨ। ਉਹ ਪਵਿਤਰ ਬਾਣੀ ਧੰਨ ਹੈ, ਜੋ ਨਾਮ ਦਾ ਰਸੀਆ ਕਰ ਦੇਂਦੀ ਹੈ।

## ਪੰਜਾਬੀ ਉਲਥਾ-

ਕੌਣ ਅਹਾਂ ਮੈਂ ਕੌਣ ਅਹਾਂ ਮੈਂ, ਮੈਂ ਕੌਣ ਹਾਂ ਨਹੀਂ ਜਾਣਾ।
ਮੈਂ ਹਾਂ ਉਸ ਦਾ ਬੰਦਾ ਹਰਦਮ, ਉਹ ਰਾਖਾ ਮੇਰਾ ਜਾਣਾ।
ਨਾਮ ਰਸੀਏ ਦਾ ਇਕ ਸਵਾਸ ਭਿ, ਬਿਨ ਯਾਦ ਪ੍ਰਭੂ ਨਾ ਗੁਜ਼ਰੇ,
ਬਿਨ ਸਿਮਰਨ ਦੇ ਜੁ ਗੱਲਾਂ-ਬਾਤਾਂ, ਸਭ ਵਾਂਗੂੰ ਹਵਾ ਦੇ ਜਾਣਾ।
ਭਗਤੀ ਹਰਦਮ ਕਰ ਤੂੰ ਬੰਦੇ, ਹੁਕਮ ਪੂਰੇ ਗੁਰੂ ਕੀਤਾ,
ਰਸੀਆ ਨਾਮ ਕਰ ਦੇਂਦੀ ਜੋ, ਧੰਨ ਗੁਰ ਬਾਣੀ ਜਾਣਾ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੫੨

ਚੂੰ ਖ਼ੁਦਾ ਹਾਜ਼ਰ ਅਸਤ ਦਰ ਹਮਹ ਹਾਲ।
ਤੋ ਚਿਰਾ ਮੇਜ਼ਨੀ ਦਿਗ਼ਰ ਪਰੋ ਬਾਲ॥ ੧॥

{ਚੂੰ=ਜਦ। ਹਾਜ਼ਰ=ਸਾਹਮਣੇ, ਪ੍ਰਤੱਖ। ਹਮਹ ਹਾਲ=ਸਾਰਿਆਂ ਸਮਿਆਂ। ਚਿਰਾ= ਕਿਉਂ। ਮੇਜ਼ਨੀ=ਮਾਰਦਾ ਹੈਂ। ਦਿਗਰ=ਹੋਰ, ਇਧਰ ਉਧਰ। ਪਰੋ ਬਾਲ=ਪੈਰ ਹੱਥ।}

*ਅਰਥ*—ਜਦ ਕਿ ਵਾਹਿਗੁਰੂ ਸਾਰਿਆਂ ਸਮਿਆਂ ਵਿਚ ਹਾਜ਼ਰ ਹੈ। ਤਾਂ ਫ਼ਿਰ ਕਿਉਂ ਇਧਰ ਉਧਰ ਹੱਥ ਪੈਰ ਮਾਰਦਾ ਹੈਂ।

ਹਮਦੇ ਹਕ ਗੋ ਦਿਗਰ ਮਗੋ ਐ ਜਾਂ।
ਸਾਹਿਬੇ ਕੌਲਿ ਬਾਸ਼ੋ ਬੰਦਹ ਏ ਹਾਲ॥ ੨॥

{ਹਮਦੇ=ਸਿਫ਼ਤ, ਤਾਰੀਫ, ਉਸਤਤਿ। ਹਕ=ਵਾਹਿਗੁਰੂ। ਗੋ=ਬੋਲ, ਕਰ। ਦਿਗਰ=ਦੂਜਾ। ਮਗੋ=ਨਾ ਬੋਲ। ਐ ਜਾਂ=ਹੇ ਪਿਆਰੇ। ਕੌਲਿ=ਬਚਨ, ਕੀਰਤਨ। ਬਾਸ਼ੋ=ਹੋ, ਬਣ।}

*ਅਰਥ*—ਵਾਹਿਗੁਰੂ ਦੀ ਸਿਫਤ ਕਰ, ਹੋਰ ਕਿਸੇ ਦੀ ਨਾ ਕਹੁ, ਹੇ ਪਿਆਰੇ ਮਿਤ੍ਰ! ਕੀਰਤਨ ਕਰ, ਅਤੇ ਨਾਮ ਦਾ ਰਸੀਆ ਬੰਦਾ ਹੋ ਜਾਹੁ।

ਮਾ ਸਿਵਾ ਨੇਸਤ ਹਰ ਕੁਜਾ ਬੀਨੀ।
ਤੋ ਚਿਰਾ ਗ਼ਾਫ਼ਲੀ ਦਰ ਐਨ ਵਸਾਲ॥ ੩॥

{ਮਾ ਸਿਵਾ=ਉਸ ਤੋਂ ਬਿਨਾਂ। ਨੇਸਤ=ਨਹੀਂ ਹੈ। ਹਰ ਕੁਜਾ=ਜਿਥੇ ਕਿਥੇ। ਬੀਨੀ=ਤੂੰ ਵੇਖਦਾ ਹੈਂ। ਚਿਰਾ=ਕਿਉਂ। ਗ਼ਾਫ਼ਲੀ=ਗਾਫ਼ਲ ਹੋਇਆ ਹੈਂ। ਵਸਾਲ=ਮਿਲਾਪ। ਐਨ=ਵੇਲੇ ਸਿਰ।}

*ਅਰਥ*—ਜਦ ਕਿ ਉਸ ਤੋਂ ਬਿਨਾਂ ਨਹੀਂ ਹੈ, ਜਿਥੇ ਕਿਥੇ ਤੂੰ ਵੇਖਿਆ ਹੈ। (ਤਾਂ ਫਿਰ) ਤੂੰ ਕਿਉਂ ਗਾਫਲ ਹੋਇਆ ਹੈਂ ਐਨ ਮਿਲਾਪ ਦੇ ਸਮੇਂ ਵਿਚ।

ਗ਼ੈਰ ਹਰਫ਼ੇ ਖ਼ੁਦਾ ਮਗ਼ੋ ਗੋਯਾ।
ਕਿ ਦਿਗਰ ਪੋਚ ਹਸਤ ਕੀਲੋ ਮਕਾਲ॥ ੪॥


Sri Satguru Jagjit Singh Ji eLibrary NamdhariElibrary@gmail.com

{ਗੈਰ=ਦੂਜੇ। ਹਰਫੇ=ਅੱਖਰ, ਨਾਮ ਦੇ। ਮਗੋ=ਨਾ ਬੋਲ। ਦਿਗਰ=ਦੂਜੇ, ੨. ਬਿਨਾਂ। ਪੋਚ=ਬੇਹੂਦਾ, ਫਜ਼ੂਲ। ਹਸਤ=ਹੈ। ਕੀਲੋ ਮਕਾਲ=ਗੱਲ-ਬਾਤ।}

*ਅਰਥ*—ਹੇ ਨੰਦ ਲਾਲ! ਵਾਹਿਗੁਰੂ ਦੇ ਨਾਮ ਤੋਂ ਬਿਨਾਂ ਹੋਰ ਕੁਝ ਨਾ ਬੋਲ। ਕਿਉਂਕਿ ਜੋ ਦੂਜੀ ਗੱਲ ਬਾਤ (ਸਭ) ਬੇਹੂਦਾ ਤੇ ਫਜ਼ੂਲ ਹੈ।

### ਪੰਜਾਬੀ ਉਲਥਾ-

ਸਭ ਕਾਲਾਂ ਵਿਚ ਸਭਨੀਂ ਥਾਈਂ, ਜਦ ਪ੍ਰਭ ਹਾਜ਼ਰ ਹੁੰਦਾ ਹੈ।
ਤਾਂ ਫਿਰ ਕਿਉਂ ਤੂੰ ਇਧਰ ਉਧਰ, ਹਰ ਦਮ ਰਹਿੰਦਾ ਭੌਂਦਾ ਹੈ।
ਉਸਤਤਿ ਕਰ ਤੂੰ ਹਰਦਮ ਪ੍ਰਭ ਦੀ, ਹੋਰ ਕਿਸੇ ਦੀ ਕਰਨੀ ਨਾ,
ਬੰਦਾ ਰਸੀਆ ਨਾਮ ਹੁਇ ਕੇ, ਹਰ ਦਮ ਕੀਰਤਨ ਗੌਂਦਾ ਹੈ।
ਜਦ ਕਿ ਓਸ ਬਿਨਾਂ ਕੋਈ ਨਾਹੀ, ਜਿਥੇ ਕਿਥੇ ਭੀ ਤੂੰ ਵੇਖੇਂ,
ਕਿਉਂ ਮਿਲਾਪ ਦੇ ਵੇਲੇ ਬੰਦਾ, ਉਸ ਤੋਂ ਗਾਫਲ ਹੁੰਦਾ ਹੈ।
ਨੰਦ ਲਾਲ ਬਿਨ ਨਾਮ ਗੁਰੂ ਹੋਰ ਕਥਨ ਨਾ ਬੋਲ ਕਦੀ,
ਕਿਉਂਕਿ ਹੋਰ ਕਰਨ ਸੰਗ ਗੱਲਾਂ ਜਨਮ ਬਿਅਰਥ ਹੁੰਦਾ ਹੈ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੫੩

**ਮਾ ਕਿ ਖ਼ੁਦ ਹਰ ਬੰਦਾ ਏ ਹਕ ਰਾ ਖ਼ੁਦਾ ਫ਼ਹਮੀਦਹ ਏਮ।**
**ਖੇਸ਼ਤਨ ਰਾ ਬੰਦਾ ਏ ਈਂ ਬੰਦਾਹਾ ਫ਼ਹਮੀਦਹ ਏਮ ॥੧॥**

{ਮਾ ਕਿ=ਅਸਾਂ ਜੋ। ਖ਼ੁਦ=ਆਪ। ਹਰ ਬੰਦਾ ਏ=ਸਾਰੇ ਬੰਦਿਆਂ ਨੂੰ। ਹੱਕ ਰਾ=ਰੱਬ ਦੇ। ਫ਼ਹਮੀਦਹ ਏਮ=ਸਮਝਿਆ ਹੈ। ਖੇਸ਼ਤਨ=ਆਪਣੇ ਆਪ। ਈਂ ਬੰਦਾਹਾ=ਇਹਨਾਂ ਬੰਦਿਆਂ ਦਾ।}

*ਅਰਥ*—ਮੈਂ ਜੋ ਆਪ ਰੱਬ ਦੇ ਸਾਰੇ ਬੰਦਿਆਂ ਨੂੰ ਰੱਬ ਹੀ ਸਮਝਿਆ ਹੈ। (ਅਤੇ) ਆਪਣੇ ਆਪ ਨੂੰ ਇਹਨਾਂ ਬੰਦਿਆਂ ਦਾ ਬੰਦਾ ਸਮਝਿਆ ਹੈ।

**ਮਰਦਮਾਨੇ ਚਸ਼ਮਿ ਮਾ ਰਾ ਇਹਤਿਆਜੇ ਸੁਰਮਹ ਨੇਸਤ।**
**ਬਸ ਕਿ ਖਾਕਿ ਰਾਹੇ ਮਰਦਮ ਤੂਤੀਆ ਫ਼ਹਮੀਦਹ ਏਮ ॥੨॥**

{ਮਰਦਮਾਨੇ=ਪੁਤਲੀਆਂ। ਚਸ਼ਮਿ=ਅੱਖਾਂ ਦੀਆਂ। ਮਾ ਰਾ=ਅਸਾਂ ਨੇ। ਇਹਤਿਆਜੇ=ਲੋੜ। ਬਸ=ਫ਼ਕਤ, ਕੇਵਲ। ਮਰਦਮ=ਸੰਤਾਂ। ਤੂਤੀਆ=ਮਮੀਰਾ।}

SIKHBOOKCLUB.COM

*ਅਰਥ*—ਮੇਰੀਆਂ ਅੱਖਾਂ ਦੀਆਂ ਪੁਤਲੀਆਂ ਨੂੰ ਸੁਰਮੇ ਦੀ ਲੋੜ ਨਹੀਂ ਹੈ। (ਕਿਉਂ) ਜੋ ਕੇਵਲ ਸੰਤਾਂ ਦੇ ਰਾਹ ਦੀ ਧੂੜੀ ਨੂੰ ਅਸਾਂ ਮਮੀਰਾ ਸਮਝਿਆ ਹੈ।

**ਹਰ ਨਫ਼ਸ ਸਰ ਬਰ ਜਿਮੀਂ ਦਾਰੇਮ ਅਜ਼ ਬਹਰੇ ਸਿਜੂਦ।**
**ਜ਼ਾਂ ਕਿ ਰੂਏ ਯਾਰ ਖ਼ੁਦ ਨੂਰੇ ਖ਼ੁਦਾ ਫ਼ਹਮੀਦਹ ਏਮ ॥ ੩ ॥**

{ਨਫ਼ਸ=ਸਵਾਸ। ਸਰ=ਸਿਰ। ਬਰ=ਉਪਰ। ਜਿਮੀਂ=ਧਰਤੀ ਦੇ। ਦਾਰੇਮ=ਰਖਦਾ ਹਾਂ, ਮੈਂ। ਬਹਰੇ=ਵਾਸਤੇ। ਸਿਜੂਦ=ਸਿਜਦਾ, ਡੰਡੌਤ। ਰੂਏ=ਚਿਹਰਾ। ਖ਼ੁਦ=ਆਪਣਾ।}

*ਅਰਥ*—ਹਰ ਸਵਾਸ ਮੈਂ ਆਪਣਾ ਸਿਰ ਸਿਜਦੇ (ਡੰਡੌਤ) ਵਾਸਤੇ ਧਰਤੀ ਉਤੇ ਰਖਦਾ ਹਾਂ। ਕਿਉਂ ਜੋ ਆਪਣੇ ਯਾਰ ਦੇ ਚਿਹਰੇ ਨੂੰ ਖ਼ੁਦਾ ਦਾ ਨੂਰ ਸਮਝਿਆ ਹੈ।

**ਬਾਦਸ਼ਾਹਾਂ ਰਾ ਫ਼ਕੀਰਾਂ ਬਾਦਸ਼ਾਹੀ ਦਾਦਹ ਅੰਦ।**
**ਜ਼ਾਂ ਗਦਾਏ ਕੂਏ ਓ ਰਾ ਬਾਦਸ਼ਾਹ ਫ਼ਹਮੀਦਹ ਏਮ ॥੪॥**

{ਰਾ=ਨੂੰ। ਬਾਦਸ਼ਾਹੀ=ਰਾਜਧਾਨੀਆਂ। ਦਾਦਹ ਅੰਦ=ਦਿਤੀਆਂ ਹਨ, ਬਖਸ਼ੀਆਂ



Sri Satguru Jagjit Singh Ji eLibrary NamdhariElibrary@gmail.com

ਹਨ। ਜ਼ਾਂ=ਇਸ ਲਈ। ਗਦਾਏ=ਮੰਗਤੇ। ਓ ਰਾ=ਉਸ ਦੇ।}

*ਅਰਥ*—ਬਾਦਸ਼ਾਹਾਂ ਨੂੰ ਫਕੀਰਾਂ (ਸੰਤਾਂ) ਨੇ ਬਾਦਸ਼ਾਹੀਆਂ ਬਖਸ਼ਦੀਆਂ ਹਨ। ਇਸ ਲਈ ਅਸਾਂ ਉਸ ਦੇ ਕੂਚੇ ਦੇ ਮੰਗਤੇ ਨੂੰ ਬਾਦਸ਼ਾਹ ਸਮਝਿਆ ਹੈ।

**ਮਾ ਨਮੇ ਖ਼ਾਹੇਮ ਮੁਲਕੋ ਮਾਲ ਰਾ ਗੋਯਾ ਅਜ਼ਾਂ।**
**ਸਾਯਹ ਏ ਜ਼ੁਲਫ਼ੇ ਤੁਰਾ ਬਾਲੇ ਹੁਮਾ ਫ਼ਹਮੀਦਹ ਏਮ ॥੫॥**

{ਮਾ=ਅਸੀਂ। ਨਮੇ=ਨਹੀਂ। ਖ਼ਾਹੇਮ=ਚਾਹੁੰਦੇ। ਮੁਲਕੋ ਮਾਲ=ਰਾਜਧਾਨੀ ਤੇ ਦੌਲਤ। ਸਾਯਹ=ਪਰਛਾਵਾਂ। ਤੁਰਾ=ਤੇਰਾ। ਬਾਲੇ ਹੁਮਾ=ਹੁਮਾ ਪੰਛੀ ਦੇ ਬੱਚੇ ਦਾ।}

*ਅਰਥ*—ਨੰਦ ਲਾਲ ! ਮੁਲਕ (ਜਗੀਰਾਂ) ਅਤੇ ਦੌਲਤ ਨੂੰ ਅਸੀਂ ਨਹੀਂ ਚਾਹੁੰਦੇ। ਕਿਉਂਕਿ ਤੇਰੀ ਜ਼ੁਲਫ ਨੂੰ ਅਸਾਂ ਬਾਲਹੁਮਾਂ ਦਾ ਪ੍ਰਛਾਵਾਂ ਸਮਝਿਆ ਹੈ।

### ਪੰਜਾਬੀ ਉਲਥਾ-

ਵਾਹਿਗੁਰੂ ਦੇ ਭਗਤਾਂ ਤਾਈਂ, ਵਾਹਿਗੁਰੂ ਕਰ ਜਾਤਾ ਮੈਂ।
ਆਪਣੇ ਆਪ ਨੂੰ ਜਗ ਦੇ ਅੰਦਰ, ਉਨ ਕਾ ਬੰਦਾ ਜਾਤਾ ਮੈਂ।
ਮਿਰੀਆਂ ਅੱਖਾਂ ਨੂੰ ਹੁਣ ਭਾਈ, ਸੁਰਮੇ ਦੀ ਨਾ ਲੋੜ ਕੋਈ,
ਕਿਉਂ ਜੋ ਧੂੜੀ ਸੰਤ ਚਰਨ ਨੂੰ ਮੀਰਾ ਕਰ ਕੇ ਜਾਤਾ ਮੈਂ।
ਹਰ ਦਮ ਸਿਰ ਨੂੰ ਧਰਤੀ ਉਤੇ ਵਿਚ ਸਿਜਦੇ ਦੇ ਰੱਖਦਾ ਹਾਂ,
ਗੁਰ ਆਪਣੇ ਦੇ ਸੁੰਦਰ ਮੁਖ ਨੂੰ, ਰੱਬ ਦਾ ਮੁੱਖ ਕਰ ਜਾਤਾ ਮੈਂ।
ਬਾਦਸ਼ਾਹਾਂ ਨੂੰ ਇਹਨਾਂ ਫਕੀਰਾਂ, ਮੁਲਕ ਜਗੀਰਾਂ ਦਿਤੀਆਂ ਨੇ,
ਉਸ ਦੇ ਦਰ ਦੇ ਮੰਗਤੇ ਤਾਈਂ, ਬਾਦਸ਼ਾਹ ਕਰ ਜਾਤਾ ਮੈਂ।
ਨੰਦ ਲਾਲ ਨਹੀਂ ਚਾਹੁੰਦਾ ਹਰਗਿਜ਼, ਮੁਲਕ ਜਗੀਰਾਂ ਦੌਲਤ ਨੂੰ,
ਕਿਉਂਕਿ ਸਾਯਾ ਜ਼ੁਲਫ ਤੇਰੀ ਨੂੰ, ਹੁਮਾ ਸਾਇਆ ਕਰ ਜਾਤਾ ਮੈਂ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੫੪

**ਦਰੂਨਿ ਮਰਦਮਕੇ ਦੀਦਹ ਦਿਲਰੁਬਾ ਦੀਦਮ।**
**ਬ ਹਰ ਤਰਫ਼ ਕਿ ਨਜ਼ਰ ਕਰਦਮ ਆਸ਼ਨਾ ਦੀਦਮ॥੧॥**

{ਦਰੂਨਿ=ਵਿਚਾਲੇ। ਮਰਦਮਕੇ=ਪੁਤਲੀਆਂ ਦੇ। ਦੀਦਹ=ਅੱਖਾਂ। ਦਿਲਰੁਬਾ=ਦਿਲ ਨੂੰ ਮੋਹਨ ਵਾਲੇ ਪ੍ਰੀਤਮ। ਦੀਦਮ=ਵੇਖਿਆ ਹੈ, ਮੈਂ। ਬ ਹਰ ਤਰਫ=ਜਿਸ ਪਾਸੇ ਭੀ ਕਰਦਮ=ਕਰਦਾ ਹਾਂ, ਮੈਂ। ਆਸ਼ਨਾ=ਦੋਸਤ, ਮਿੱਤ੍ਰ।}

*ਅਰਥ*—ਅੱਖਾਂ ਦੀਆਂ ਪੁਤਲੀਆਂ ਦੇ ਵਿਚਾਲੇ ਪ੍ਰੀਤਮ ਨੂੰ ਮੈਂ ਵੇਖਿਆ ਹੈ। ਜਿਸ ਪਾਸੇ ਵਲ ਵੀ ਨਜ਼ਰ ਕਰਦਾ ਹਾਂ, ਮੈਂ ਮਿੱਤ੍ਰ ਨੂੰ ਹੀ ਵੇਖਦਾ ਹਾਂ।

**ਬ ਗਿਰਦ ਕਾਬਾ ਓ ਬੁਤਖ਼ਾਨਹ ਹਰ ਦੂ ਗਰਦੀਦਮ।**
**ਦਿਗਰ ਨ ਯਾਫ਼ਤਮ ਆਂ ਜਾ ਹਮੀ ਤੁਰਾ ਦੀਦਮ॥੨॥**

{ਬ ਗਿਰਦ=ਚੁਫੇਰੇ। ਬੁਤਖਾਨਹ=ਪੱਥਰ ਦੇ ਬੁੱਤਾਂ ਦਾ ਘਰ, ਮੰਦਰ। ਗਰਦੀਦਮ=ਫਿਰਿਆ ਹਾਂ, ਮੈਂ। ਦਿਗਰ=ਹੋਰ ਕੋਈ ਦੂਜਾ। ਯਾਫਤਮ=ਪਾਇਆ ਹੈ, ਮੈਂ। ਆਂ ਜਾ=ਉਸ ਜਗ੍ਹਾਂ। ਹਮੀ=ਸਭਨਾਂ ਵਿਚ।}

*ਅਰਥ*—ਕਾਬਾ ਅਤੇ ਮੰਦਰ ਦੋਹਾਂ ਦੇ ਚੁਫੇਰੇ ਮੈਂ ਫਿਰਿਆ ਹਾਂ। ਹੋਰ ਕੋਈ ਦੂਜਾ ਮੈਂ ਨਹੀਂ ਪਾਇਆ, ਉਹਨਾਂ ਸਭਨਾਂ ਜਗ੍ਹਾਂ ਤੇ ਤੈਨੂੰ ਹੀ ਵੇਖਦਾ ਹਾਂ।

**ਬ ਹਰ ਕੁਜਾ ਕਿ ਨਜ਼ਰ ਕਰਦਮ ਅਜ਼ ਰਹੇ ਤਹਕੀਕ।**
**ਵਲੇ ਬਖ਼ਾਨਹੇ ਦਿਲ ਖਾਨਹੇ ਖ਼ੁਦਾ ਦੀਦਮ॥੩॥**

{ਬ ਹਰ ਕੁਜਾ=ਹਰ ਇਕ ਥਾਂ ਤੇ ਵੀ। ਕਰਦਮ=ਕੀਤੀ ਹੈ, ਮੈਂ। ਤਹਕੀਕ=ਢੂੰਡ ਭਾਲ। ਵਲੇ=ਪਰ। ਬਖ਼ਾਨਹੇ ਦਿਲ=ਦਿਲ ਦੇ ਘਰ ਨੂੰ।}

ਅਰਥ—ਹਰ ਇਕ ਥਾਂ ਤੇ ਵੀ, ਜੋ ਮੈਂ ਨਜ਼ਰ ਕੀਤੀ ਹੈ, ਢੂੰਡ-ਭਾਲ ਦੇ ਵਾਸਤੇ। ਪਰ ਦਿਲ ਦੇ ਘਰ ਨੂੰ ਮੈਂ ਖ਼ੁਦਾ ਦਾ ਹੀ ਘਰ ਵੇਖਿਆ ਹੈ।

**ਗਦਾਈ ਏ ਦਰੇ ਕੂਏ ਤੋ ਬਿਹ ਜ਼ਿ ਸੁਲਤਾਨੀਸਤ।**
**ਖ਼ਿਲਾਫ਼ਤੇ ਦੁ ਜਹਾਂ ਤਰਕਿ ਮੁੱਦਆ ਦੀਦਮ॥੪॥**



Sri Satguru Jagjit Singh Ji eLibrary NamdhariElibrary@gmail.com

{ਗਦਾਈ ਏ=ਮੰਗਤਾ ਹੋਣਾ। ਦਰੇ=ਵਿਚ ਦੀ। ਬਿਹ=ਚੰਗਾ। ਜ਼ਿ=ਨਾਲ। ਸੁਲਤਾਨੀਸਤ=ਬਾਦਸ਼ਾਹੀ ਹੈ। ਖ਼ਿਲਾਫ਼ਤੇ=ਬਾਦਸ਼ਾਹੀ। ਦੂ ਜਹਾਂ=ਦੋਹਾਂ ਲੋਕਾਂ। ਤਰਕਿ=ਤਿਆਗ ਕਰਨਾ। ਮੁੱਦਆ=ਸੰਕਲਪਾਂ, ਵਾਸ਼ਨਾਂ।}

*ਅਰਥ*—ਤੇਰੇ ਕੂਚੇ ਵਿਚ ਦਾ ਮੰਗਤਾ ਹੋਣਾ, ਬਾਦਸ਼ਾਹੀ ਨਾਲੋਂ ਚੰਗਾ ਹੈ। ਸੰਕਲਪਾਂ ਦਾ ਤਿਆਗ ਕਰ ਦੇਣਾ ਹੀ ਦੋਹਾਂ ਲੋਕਾਂ ਦੀ ਬਾਦਸ਼ਾਹੀ ਵੇਖੀ ਹੈ।

**ਮਰਾ ਜ਼ਿ ਰੋਜ਼ੇ ਅਜ਼ਲ ਆਮਦ ਈਂ ਨਿਦਾ ਗੋਯਾ।**
**ਕਿ ਇੰਤਹਾਇ ਜਹਾਂ ਰਾ ਦਰ ਇਬਤਦਾ ਦੀਦਮ॥੫॥**

{ਮਰਾ=ਮੈਨੂੰ। ਰੋਜ਼ਿ=ਦਿਨ ਤੋਂ। ਅਜ਼ਲ=ਪਹਿਲੇ। ਆਮਦ=ਆਉਂਦੀ ਸੀ। ਈਂ=ਇਹ। ਨਿਦਾ=ਆਵਾਜ਼। ਇੰਤਹਾਇ=ਅੰਤ, ਨਤੀਜਾ, ਐੱਡ। ਜਹਾਂ ਰਾ=ਜਗਤ ਦਾ। ਦਰ=ਵਿਚ। ਇਬਤਦਾ=ਸ਼ੁਰੂ, ਅਰੰਭ।}

*ਅਰਥ*—ਨੰਦ ਲਾਲ! ਮੈਨੂੰ ਪਹਿਲੇ ਦਿਨ ਤੋਂ ਹੀ ਇਹ ਅਵਾਜ਼ ਆਉਂਦੀ ਸੀ। (ਕਿ) ਜਗਤ ਦਾ ਜੋ ਅੰਤ ਹੋਣਾ ਹੈ, ਉਹ ਸ਼ੁਰੂ ਵਿਚ ਹੀ ਮੈਂ ਵੇਖ ਲਿਆ ਹੈ।

SIKHBOOKCLUB.COM

**ਪੰਜਾਬੀ ਉਲਥਾ-**

ਮੇਰੇ ਪ੍ਰੀਤਮ ਨੈਣਾਂ ਅੰਦਰ, ਵਾਸਾ ਆਣ ਕੇ ਕੀਤਾ ਏ।
ਜਿਤ ਕਿਤ ਵਲ ਮੈਂ ਨਜ਼ਰ ਹਾਂ ਕਰਦਾ, ਦਰਸ਼ਨ ਮਾਹੀ ਦਾ ਕੀਤਾ ਏ।
ਮੰਦਰ ਅਤੇ ਮਸੀਤਾਂ ਦੁਆਲੇ, ਹਰ ਥਾਂ ਜਾ ਕੇ ਫਿਰਿਆ ਮੈਂ,
ਦੂਜਾ ਕੋਈ ਹੋਰ ਨਾ ਡਿੱਠਾ, ਪ੍ਰੀਤਮ ਦਰਸ਼ਨ ਕੀਤਾ ਏ।
ਹਰ ਪਾਸੇ ਮੈਂ ਖੋਜੀ ਹੋ ਕੇ, ਨਜ਼ਰ ਮਾਰ ਕੇ ਡਿੱਠਾ ਕੀ?
ਹਰ ਇਕ ਦਿਲ ਦੀ ਕੁਟੀਆ ਅੰਦਰ, ਰੱਬ ਦਾ ਘਰ ਦਖੀਤਾ ਏ।
ਤੇਰੇ ਦਰ ਦਾ ਮੰਗਤਾ ਹੋਣਾ, ਚੰਗਾ ਹੈ ਬਾਦਸ਼ਾਹੀ ਤੋਂ,
ਦੋਹੂੰ ਲੋਕਾਂ ਦੇ ਪੂਜਯ ਹੋਏ ਹਾਂ, ਤ੍ਰਿਸ਼ਨਾ ਤਿਆਗ ਕਰੀਤਾ ਏ।
ਨੰਦ ਲਾਲ ਦਿਨ ਪਹਿਲੋਂ ਤੋਂ ਹੀ, ਏਹ ਅਵਾਜ਼ ਸੁਣੀਦੀ ਸੀ,
ਅੰਤ ਜਗਤ ਦਾ ਜੋ ਹੋਣਾ ਹੈ, ਪਹਿਲੋਂ ਹੀ ਵੇਖ ਲੀਤਾ ਏ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੫੫

**ਅਜ਼ ਦੋਸਤ ਗ਼ੈਰਿ ਦੋਸਤਿ ਤਮੰਨਾ ਨਮੇ ਕੁਨੇਮ।**
**ਮਾ ਬਹਰਿ ਦਰਦ ਖ਼ੇਸ਼ ਮੁਦਾਵਾ ਨਮੇ ਕੁਨੇਮ॥੧॥**

{ਅਜ਼=ਪਾਸੋਂ। ਦੋਸਤ=ਮਿੱਤਰ। ਗੈਰਿ=ਬਿਨਾਂ। ਦੋਸਤਿ=ਦੋਸਤੀ, ਮਿਤਰਾਨਾ। ਤਮੰਨਾ=ਇੱਛਾ। ਨਮੇ=ਨਹੀਂ। ਕੁਨੇਮ=ਕਰਦੇ, ਅਸੀਂ। ਮਾ=ਅਸੀਂ। ਬਹਰਿ=ਵਾਸਤੇ। ਖੇਸ਼=ਆਪਣੇ। ਮੁਦਾਵਾ=ਇਲਾਜ, ਦਾਰੂ।}

*ਅਰਥ*—ਅਸੀਂ ਦੋਸਤ ਪਾਸੋਂ ਦੋਸਤੀ ਤੋਂ ਬਿਨਾਂ ਹੋਰ ਕੋਈ ਇੱਛਾ ਨਹੀਂ ਕਰਦੇ। ਅਸੀਂ ਵਾਸਤੇ ਦੁਖ ਆਪਣੇ ਦੇ, ਕੋਈ ਦਵਾਈ ਭੀ ਨਹੀਂ ਕਰਦੇ ਹਾਂ।

**ਬੀਮਾਰ ਨਰਗਸੇਮ ਕਿ ਨਰਗਸ ਗੁਲਾਮੇ ਓਸਤ।**
**ਮਾ ਆਰਜ਼ੂਏ ਖਿਜ਼ਰੋ ਮਸੀਹਾ ਨਮੇ ਕੁਨੇਮ॥੨॥**

{ਨਰਗਸੇਮ=ਨਰਗਸ ਇਕ ਫੁਲ ਦਾ ਨਾਮ ਹੈ, ਇਸ ਦੀ ਉਪਮਾ ਅੱਖ ਨੂੰ ਦਿਤੀ ਜਾਂਦੀ ਹੈ, ਇਸ ਲਈ ਭਾਵ ਵਿਚ ਨਰਗਸ ਵਰਗੀ ਅੱਖ ਲਈ ਜਾਂਦੀ ਹੈ। ਓਸਤ=ਉਸ ਦਾ। ਮਾ=ਅਸੀਂ। ਆਰਜ਼ੂਏ=ਖ਼ਾਹਸ਼ ੧. ਕਾਣ ੨. ਪ੍ਰਵਾਹ। ਖ਼ਿਜ਼ਰ=ਜਲਾਂ ਦਾ ਸਵਾਮੀ, ਵਰਣ ਦੇਵਤਾ।}

*ਅਰਥ*—ਅਸੀਂ ਨਰਗਸ ਜੇਹੀ ਅਖ ਦੇ ਬੀਮਾਰ ਹਾਂ, ਨਰਗਸ ਫੁੱਲ ਭੀ ਉਸ ਦਾ ਗੁਲਾਮ ਹੈ। ਅਸੀਂ ਖਿਜ਼ਰ ਤੇ ਈਸਾ ਦੀ ਭੀ ਪ੍ਰਵਾਹ ਨਹੀਂ ਕਰਦੇ ਹਾਂ।

**ਹਰ ਜਾ ਕਿ ਦੀਦਾਹ ਏਮ ਜਮਾਲੇ ਤੋ ਦੀਦਾਹ ਏਮ।**
**ਮਾ ਜੁਜ਼ ਜਮਾਲਿ ਦੋਸਤ ਤਮਾਸ਼ਾ ਨਮੇ ਕੁਨੇਮ॥੩॥**

{ਦੀਦਾਹ ਏਮ=ਵੇਖਿਆ ਹੈ। ਜਮਾਲੇ=ਪ੍ਰਕਾਸ਼, ਚਾਨਣ। ਜੁਜ਼=ਬਿਨਾਂ।}

*ਅਰਥ*—ਅਸਾਂ ਹਰ ਥਾਂ ਜੋ ਵੇਖਿਆ ਹੈ, ਤੇਰਾ ਹੀ ਪ੍ਰਕਾਸ਼ ਵੇਖਿਆ ਹੈ। ਅਸੀਂ ਮਿੱਤਰ ਦੇ ਪ੍ਰਕਾਸ਼ ਤੋਂ ਬਿਨਾਂ ਹੋਰ ਕੋਈ ਤਮਾਸ਼ਾ ਨਹੀਂ ਵੇਖਿਆ ਹੈ।

**ਬਾ ਯਾਰ ਹਮਦਮੇਮੁ ਨ ਬੀਨੇਮ ਗੈਰਿ ਓ।**
**ਮਾ ਚਸ਼ਮਿ ਖ਼ੁਦ ਬਰੂਇ ਕਸੇ ਵਾ ਨਮੇ ਕੁਨੇਮ॥੪॥**



Sri Satguru Jagjit Singh Ji eLibrary NamdhariElibrary@gmail.com

{ਬਾ ਯਾਰ=ਮਿਤ੍ਰ ਨਾਲ। ਹਮਦਮੇ੍=ਮਿਤ੍ਰਚਾਰਾ। ਬੀਨੇਮ=ਵੇਖਦੇ ਹਾਂ। ਖੁਦ=ਆਪਣੀਆਂ। ਬਰੂਇ ਕਸੇ=ਕਿਸੇ ਹੋਰ ਦੇ ਰੂਬਰੂ (ਸਾਹਮਣੇ)।}

*ਅਰਥ*—ਸਾਡਾ ਮਿੱਤਰ ਨਾਲ ਹੀ ਮਿਤ੍ਰਚਾਰਾ ਹੈ, ਉਸ ਤੋਂ ਬਿਨਾਂ (ਹੋਰ ਵਲ) ਵੇਖਦੇ ਹੀ ਨਹੀਂ ਹਾਂ। ਅਸੀਂ ਆਪਣੀਆਂ ਅੱਖਾਂ ਨੂੰ ਕਿਸੇ ਹੋਰ ਦੇ ਸਾਹਮਣੇ ਖੋਹਲਣਾ ਹੀ ਨਹੀਂ ਕਰਦੇ ਹਾਂ।

**ਪਰਵਾਨਹ ਵਾਰ ਗਿਰਦ ਰੁਖ਼ੇ ਸ਼ਮਯ ਜਾਂ ਦਿਹੇਮ।**

**ਚੂੰ ਇੰਦਲੀਬ ਬੇਹੂਦਹ ਗੌਗਾ ਨਮੇ ਕੁਨੇਮ॥੫॥**

{ਪਰਵਾਨਹ=ਪਤੰਗਾ, ਭੰਬਟ (ਇਕ ਨਿਕੇ ਜੇਹੇ ਖੰਭਾਂ ਵਾਲੇ ਕੀੜੇ ਦਾ ਨਾਮ ਹੈ, ਜੋ ਦੀਵੇ ਦੀ ਲਾਟ ਦਾ ਪ੍ਰੇਮੀ ਹੈ, ਅਤੇ ਉਸ ਉਤੇ ਹੀ ਸੜ ਮਰਦਾ ਹੈ)। ਵਾਰ=ਵਾਂਗੂੰ। ਗਿਰਦ=ਚੁਫੇਰੇ। ਰੁਖੇ=ਚੇਹਰੇ। ਸ਼ਮਯ=ਦੀਵੇ ਦੀ ਲਾਟ। ਜਾਂ=ਜਾਨ। ਦਿਹੇਮ=ਦੇ ਦੇਂਦਾ ਹਾਂ, ਮੈਂ। ਇੰਦਲੀਬ=ਬੁਲਬੁਲ, (ਇਕ ਤਰ੍ਹਾਂ ਦੀ ਚਿੜੀ ਦਾ ਨਾਮ ਹੈ, ਜੋ ਫੁੱਲਾਂ ਉਤੇ ਆਸ਼ਕ ਹੈ।) ਬੇਹੂਦਹ=ਫ਼ਜ਼ੂਲ। ਗੌਗਾ=ਰੌਲਾ, ਸ਼ੋਰ।}

*ਅਰਥ*—ਪ੍ਰੇਮੀ ਪਤੰਗੇ ਵਾਂਗੂੰ ਦੀਵੇ ਦੀ ਲਾਟ ਦੇ ਚੇਹਰੇ ਦੇ ਚੁਫੇਰੇ ਜਾਨ ਦੇ ਦੇਂਦੇ ਹਨ। ਬੁਲਬੁਲ ਵਾਂਗੂੰ ਬੇਅਰਥ ਰੌਲਾ-ਗੌਲਾ ਨਹੀਂ ਕਰਦੇ ਹਨ।

**ਗੋਯਾ ਖਮੋਸ਼ ਬਾਸ਼ ਕਿ ਸੌਦਾਇ ਇਸ਼ਕਿ ਯਾਰ।**

**ਤਾ ਈਂ ਸਰ ਅਸਤ ਅਜ਼ ਸਰੇ ਖੁਦ ਵ ਨਮੇ ਕੁਨੇਮ॥੬॥**

{ਖਮੋਸ਼=ਚੁਪ। ਬਾਸ਼=ਹੋ। ਸ਼ੌਦਾਇ=ਪਾਗਲਪਨ। ਇਸ਼ਕਿ=ਪ੍ਰੇਮ। ਤਾ=ਤਾਈਂ, ਤਕ। ਈਂ ਸਰ=ਏਹ ਸਿਰ। ਅਸਤ=ਹੈ। ਅਜ਼ ਸਰੇ=ਸ਼ਿਰ ਤੋਂ।}

*ਅਰਥ*—ਨੰਦ ਲਾਲ ਚੁਪ ਹੋ, (ਕਿਉਂ) ਜੋ ਯਾਰ ਦੇ ਪ੍ਰੇਮ ਦੇ ਜਨੂੰਨ ਨੂੰ ਇਸ ਸਿਰ (ਦੇ ਹੁੰਦੇ) ਤਕ, ਸਿਰ ਵਿਚੋਂ ਆਪ ਹੀ ਨਹੀਂ ਕਢ ਸਕਦੇ।

**ਪੰਜਾਬੀ ਉਲਥਾ-**

ਮਿਤ੍ਰ ਪਾਸੋਂ ਮਿਤ੍ਰਤਾ ਬਿਨ ਕੁਈ, ਦੂਜੀ ਗਲ ਨ ਚਾਂਹੁਦੇ ਹਾਂ।
ਦਿਲ ਆਪਣੇ ਦੇ ਦੁਖਾਂ ਲਈ, ਕੋਈ ਦਾਰੂ ਵੈਦ ਨਾ ਲਾਂਦੇ ਹਾਂ।
ਉਸ ਨਰਗਸ ਦੇ ਹਾਂ ਮਤਵਾਲੇ, ਨਰਗਸ ਜਿਸ ਦੀ ਦਾਸੀ ਹੈ,
ਈਸਾ ਮੂਸਾ ਦੀ ਕਾਣ ਨ ਰਖਦੇ, ਨਾ ਖਿਜ਼ਰ ਵਲ ਸਿਧਾਂਦੇ ਹਾਂ।



Sri Satguru Jagjit Singh Ji eLibrary NamdhariElibrary@gmail.com

ਜਿਥੇ ਕਿਥੇ ਜਾ ਕੇ ਤਕਿਆ, ਤੇਰਾ ਦਰਸ਼ਨ ਡਿਠਾ ਏ,
ਗੁਰੂ ਮਿਤ੍ਰ ਜੀ ਦੇ ਜਲਵੇ ਬਾਝੋਂ, ਨਾ ਕੌਤਕ ਹੋਰ ਤਕਾਂਦੇ ਹਾਂ।
ਅਸੀਂ ਉਸ ਦੇ ਉਹ ਸਾਡਾ ਹੋਯਾ, ਦੂਜੇ ਦੀ ਕੋਈ ਜਾ ਨਹੀਂ,
ਹਰਗਿਜ਼ ਅੱਖ਼ ਉਘਾੜ ਕੇ ਆਪਣੀ, ਨਾ ਦੂਜੇ ਨਾਲ ਲੜਾਂਦੇ ਹਾਂ।
ਸ਼ਮਾਅ ਯਾਰ ਦੇ ਨੂਰੀ ਮੁਖ ਤੇ, ਵਾਂਗ ਪਤੰਗੇ ਸੜਿਆ ਮੈਂ,
ਬੁਲਬੁਲ ਵਾਂਗੂੰ ਫੁੱਲਾਂ ਉਤੇ, ਨਾ ਚੀਖ ਪੁਕਾਰ ਸੁਣਾਂਦੇ ਹਾਂ।
ਯਾਰ ਇਸ਼ਕ ਦਾ ਖ਼ਬਤ ਜੋ ਗੋਯਾ, ਸਿਰ ਵਿਚ ਆਣ ਕੇ ਵਸਿਆ ਏ,
ਸਿਰ ਦੇ ਰਹਿੰਦੇ ਤਾਈਂ ਰਹਿਸੀ, ਕਦੇ ਨਾ ਪਰੇ ਹਟਾਂਦੇ ਹਾਂ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੫੬

**ਮਾ ਬਯਾਦੇ ਹਕ ਹਮੇਸ਼ਹ ਜ਼ਿੰਦਹ ਏਮ।**
**ਦਾਇਲ ਅਜ਼ ਇਹਸਾਨੇ ਓ ਸ਼ਰਮਿੰਦਹ ਏਮ॥੧॥**

{ਬਯਾਦੇ=ਸਿਮਰਨ ਦੇ ਨਾਲ, ਯਾਦ ਦੇ ਨਾਲ। ਜ਼ਿੰਦਹ ਏਮ=ਜੀਊਂਦਾ ਹੈ। ਇਹਸਾਨੇ=ਨੇਕੀਆਂ, ਉਪਕਾਰਾਂ।}

*ਅਰਥ*—ਅਸੀਂ ਰੱਬ ਦੀ ਯਾਦ ਨਾਲ ਹੀ ਸਦਾ ਜੀਊਂਦੇ ਹਾਂ। ਉਸ ਦੀਆਂ ਨੇਕੀਆਂ ਵਲੋਂ ਅਸੀਂ ਸਦਾ ਹੀ ਸ਼ਰਮਿੰਦੇ ਹੁੰਦੇ ਹਾਂ।

**ਖ਼ੁਦ ਨੁਮਾ ਰਾ ਬੰਦਗੀ ਮਨਜ਼ੂਰ ਨੇਸਤ।**
**ਊ ਹਮੇਸ਼ਹ ਸਾਹਿਬੋ ਮਾ ਬੰਦਹ ਏਮ॥ ੨॥**

{ਖ਼ੁਦ ਨੁਮਾ=ਆਪ ਨੂੰ ਵੇਖਣ ਵਾਲਾ, ਭਾਵ ਹੰਕਾਰੀ। ਰਾ=ਦੀ। ਨੇਸਤ=ਨਹੀਂ ਹੈ। ਏਮ=ਹਾਂ।}

SIKHBOOKCLUB.COM

*ਅਰਥ*—ਹੰਕਾਰੀ ਪੁਰਸ਼ ਦੀ ਭਗਤੀ (ਕੀਤੀ ਹੋਈ ਭੀ) ਮਨਜ਼ੂਰ ਨਹੀਂ ਹੁੰਦੀ ਹੈ। ਉਹ ਸਦਾ ਹੀ ਸਾਹਿਬ ਹੈ ਅਤੇ ਅਸੀਂ ਉਸਦੇ ਬੰਦੇ ਹਾਂ।

**ਦਰ ਵਜੂਦ ਖਾਕੀ ਪਾਕੀ ਅਜ਼ੋਸਤ।**
**ਮਾ ਖ਼ੁਦਾਇ ਪਾਕ ਰਾ ਬੀਨਿੰਦਹ ਏਮ॥ ੩॥**

{ਦਰ=ਵਿਚ। ਵਜੂਦ=ਸਰੀਰ, ਜਿਸਮ। ਖ਼ਾਕੀ=ਮਿੱਟੀ। ਆਂ=ਉਸ। ਪਾਕ=ਪਵਿੱਤਰ। ਅਜ਼ੋਸਤ=(ਅਜ਼+ਓਸਤ) ਉਸ ਤੋਂ ਹੈ। ਬੀਨਿੰਦਹ=ਵੇਖਿਆ ਹੈ।}

*ਅਰਥ*—ਇਸ ਮਿਟੀ ਦੇ ਸਰੀਰ ਵਿਚ ਪਵਿੱਤਰਤਾ ਉਸ ਦੀ ਹੈ। ਅਸੀਂ ਪਵਿੱਤ੍ਰ ਖੁਦਾ ਨੂੰ ਇਸ ਦੇਹ ਵਿਚ ਵੇਖਦੇ ਹਾਂ।

**ਮਾ ਬ ਪਾਏ ਸ਼ਾਹਿ ਸਰ ਅਫ਼ਰੀਦਹ ਏਮ।**
**ਅਜ਼ ਦੁ ਆਲਮ ਦਸਤ ਰਾ ਅਫਸਾਦਹ ਏਮ॥ ੪॥**

{ਬ ਪਾਏ=ਪੈਰਾਂ ਉਤੇ। ਸ਼ਾਹਿ=ਪਾਤਸ਼ਾਹ ਦੇ। ਸਰ=ਸਿਰ। ਅਫ਼ਰੀਦਹ ਏਮ=ਰਖ ਦਿਤਾ ਹੈ। ਅਜ਼=ਵਲੋਂ। ਦੁ ਆਲਮ=ਦੋਹਾਂ ਲੋਕਾਂ। ਦਸਤ ਰਾ=ਹੱਥ ਨੂੰ। ਅਫ਼ਸਾਦਹ



Sri Satguru Jagjit Singh Ji eLibrary NamdhariElibrary@gmail.com

ਏਮ=ਝਾੜ ਲਿਆ ਹੈ।}

*ਅਰਥ*—ਅਸਾਂ ਬਾਦਸ਼ਾਹ ਦੇ ਪੈਰਾਂ ਉਤੇ ਸਿਰ ਰਖ ਦਿਤਾ ਹੈ। ਅਤੇ ਦੋਹਾਂ ਲੋਕਾਂ ਵਲੋਂ ਹੱਥ ਨੂੰ ਝਾੜ ਲਿਆ ਹੈ, ਅਰਥਾਤ ਹੱਥ ਪਿਛਾਂਹ ਖਿੱਚ ਲਿਆ ਹੈ।

**ਨੇਸਤ ਦਰ ਹਰ ਚਸ਼ਮਿ ਗੈਰ ਅਜ਼ ਨੂਰਿ ਓ।**
**ਸੋਹਬਤੇ ਮਰਦਾਨਿ ਹਕ ਜੋਇੰਦਹ ਏਮ॥ ੫॥**

{ਨੇਸਤ=ਨਹੀਂ ਹੈ। ਨੂਰਿ=ਪ੍ਰਕਾਸ਼, ਚਾਨਣ। ਸੋਹਬਤੇ=ਸੰਗਤ। ਮਰਦਾਨੇ=ਸੰਤਾਂ। ਹਕ=ਸੱਚ। ਜੋਇੰਦਹ=ਲੋੜਦੇ, ਲੱਭਦੇ।}

*ਅਰਥ*—ਸਾਰੀਆਂ ਅੱਖਾਂ ਵਿਚ ਉਸ ਤੋਂ ਬਿਨਾਂ ਹੋਰ ਕਿਸੇ ਦਾ ਪ੍ਰਕਾਸ਼ ਨਹੀਂ ਹੈ। ਅਸੀਂ ਸੱਚ ਦੇ ਸੰਤਾਂ ਦੀ ਸੰਗਤ ਚਾਹੁੰਦੇ ਹਾਂ।

**ਮਾ ਚੁ ਜ਼ੱਰਹ ਖ਼ਾਕ ਪਾਏ ਓ ਸ਼ੁਦੇਮ।**
**ਤਾ ਬਦਾਮਨ ਦਸਤਿ ਖ਼ੁਦ ਅਫ਼ਗੰਦਹ ਏਮ॥ ੬॥**

{ਜ਼ੱਰਹ=ਕਿਣਕਾ। ਸ਼ੁਦੇਮ=ਹੋ ਚੁਕੇ ਹਾਂ। ਤਾ=ਤਦੇ ਹੀ। ਬਦਾਮਨ=ਪੱਲੇ ਵਲ। ਦਸਤਿ ਖ਼ੁਦ=ਹੱਥ ਆਪਣਾ। ਅਫ਼ਗੰਦਹ ਏਮ=ਸੁਟਿਆ (ਵਧਾਇਆ) ਹੈ।}

*ਅਰਥ*—ਅਸੀਂ ਜੋ ਉਸਦੇ ਚਰਨਾਂ ਦੀ ਧੂੜੀ ਦਾ ਇਕ ਕਿਣਕਾ ਹੋ ਚੁਕੇ ਹਾਂ ਤਦੇ (ਹੀ ਉਸਦਾ) ਪੱਲਾ (ਫੜਨ) ਵੱਲ ਆਪਣਾ ਹੱਥ ਵਧਾਇਆ ਹੈ।

**ਕੀਸਟ ਗੋਯਾ ਜ਼ਾਕਿਰੇ ਨਾਮੇ ਖ਼ੁਦਾ।**
**ਹਮ ਚੁ ਖੁਰਸ਼ੈਦੈ ਜਹਾਂ ਰਖਸ਼ਿੰਦਹ ਏਮ॥ ੭॥**

{ਕੀਸਟ=ਕੈਸਾ ਹੈ। ਜ਼ਾਕਿਰੇ=ਜ਼ਿਕਰ ਕਰਨ ਵਾਲਾ, ਸਿਮਰਨ ਕਰਨ ਵਾਲਾ। ਹਮ ਚੁ=ਵਾਂਗੂੰ। ਖੁਰਸ਼ੈਦੈ=ਸੂਰਜ ਦੇ ਰਖ਼ਸ਼ਿੰਦਹ=ਚਮਕਦੇ ਹਨ।}

*ਅਰਥ*—ਨੰਦ ਲਾਲ! ਵਾਹਿਗੁਰੂ ਨਾਮ ਦਾ ਸਿਮਰਨ ਕਰਨ ਵਾਲਾ ਕੈਸਾ ਹੈ? (ਉਹ) ਜਗਤ ਵਿਚ ਸੂਰਜ ਵਾਂਗੂੰ ਚਮਕਦਾ ਹੈ।


Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਉਲਥਾ-

ਹਰ ਦਮ ਵਾਹਿਗੁਰੂ ਸਿਮਰਨ ਕਰਦੇ, ਸਿਮਰਨ ਕਰਕੇ ਜੀਨੇ ਹਾਂ।
ਨੇਕੀਆਂ ਉਸਦੀਆਂ ਕਰਕੇ ਚੇਤੇ, ਹਰ ਛਿਨ ਸ਼ਰਮਿੰਦੇ ਥੀਨੇ ਹਾਂ।
ਜੋ ਹੰਕਾਰੀ ਬੰਦਾ ਜਗ ਵਿਚ, ਭਗਤੀ ਉਸ ਤੋਂ ਹੁੰਦੀ ਨਾ,
ਉਸ ਸਦਾ ਤੋਂ ਸੱਚਾ ਸਾਹਿਬ, ਬੰਦੇ ਅਸੀਂ ਕਹੀਨੇ ਹਾਂ।
ਬੰਦਾ ਗੰਦਾ ਮਿਟੀ ਸੰਦਾ, ਵਿਚ ਪਵਿੱਤ੍ਰਤਾ ਉਸਦੀ ਹੈ,
ਅਸੀਂ ਪਵਿੱਤ੍ਰ ਰੱਬ ਓਸ ਨੂੰ, ਦੇਹ ਦੇ ਵਿਚ ਤਕੀਨੇ ਹਾਂ।
ਪਾਤਸ਼ਾਹ ਦੇ ਚਰਨਾਂ ਉਤੇ, ਸਿਰ ਅਪਨਾ ਧਰ ਦਿਤਾ ਮੈਂ,
ਅਸੀਂ ਦੋਹੂੰ ਲੋਕਾਂ ਦੇ ਵਲੋਂ, ਅਪਣੇ ਹੱਥ ਖਚੀਨੇ ਹਾਂ।
ਨਹੀਂ ਹੈ ਸਭ ਦੀਆਂ ਅੱਖਾਂ ਦੇ ਵਿਚ, ਹੋਰ ਕਿਸੇ ਦਾ ਚਾਨਣ ਹੀ,
ਵਾਹਿਗੁਰੂ ਦੇ ਸੰਤਾਂ ਦੀ ਅਸਿ, ਸੰਗਤ ਸਦਾ ਬਹੀਨੇ ਹਾਂ।
ਸਤਿਗੁਰੂ ਜੀ ਦੀ ਚਰਨ ਧੂੜੀ ਦਾ, ਕਿਣਕਾ ਹੋਇਆ ਮਨ ਮਰਾ,
ਅਪਣੇ ਹਥ ਦੇ ਨਾਲ ਓਸਦਾ, ਪੱਲਾ ਅਸੀਂ ਫੜੀਨੇ ਹਾਂ।
ਪ੍ਰਭੁ ਦਾ ਸਿਮਰਨ ਕਰਨੇ ਵਾਲਾ, ਨੰਦ ਲਾਲ ਉਹ ਕੈਸਾ ਹੈ?
ਸੂਰਜ ਵਾਂਗੂੰ ਜਗ ਵਿਚ ਰੌਸ਼ਨ, ਚੰਦ ਵਾਂਗ ਚਮਕੀਨੇ ਹਾਂ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੫੭

**ਮਾਂ ਬੰਦਹੇ ਇਸ਼ਕੇਮ ਖ਼ੁਦਾ ਰਾ ਨ ਸ਼ਨਾਸੇਮ।**
**ਦੁਸ਼ਨਾਮ ਨ ਦਾਨੇਮ ਦੁਆ ਰਾ ਨ ਸ਼ਨਾਸੇਮ॥ ੧ ॥**

{ਇਸ਼ਕੇਮ=ਇਸ਼ਕ ਦੇ ਹਾਂ। ਸ਼ਨਾਸੇਮ=(ਸ਼ਨਾਮ+ਏਮ) ਪਛਾਣਦੇ ਹਾਂ। ਦੁਸ਼ਨਾਮ=ਗਾਲੀ ਕਢਨੀ, ਬਦ ਦੁਆ, ਸਰਾਪ। ਦਾਨੇਮ=ਜਾਣਦੇ ਹਾਂ। ਦੁਆ=ਵਰ, ਅਸੀਸ।}

*ਅਰਥ*—ਅਸੀਂ ਬੰਦੇ ਇਸ਼ਕ (ਪ੍ਰੇਮ) ਦੇ ਹਾਂ, ਰੱਬ ਨੂੰ ਪਛਾਣਦੇ ਹਾਂ। ਬਦ ਦੁਆ ਨੂੰ ਨਹੀਂ ਜਾਣਦੇ ਹਾਂ, ਅਤੇ ਅਸੀਸ (ਵਰ) ਨੂੰ (ਭੀ) ਨਹੀਂ ਪਛਾਣਦੇ ਹਾਂ।

**ਆਸ਼ੁਫਤਹੇ ਆਂ ਨੇਮ ਕਿ ਓ ਸ਼ੈਫ਼ਤਹੇ ਮਾਸਤ।**
**ਮਾ ਸ਼ਾਹ ਨ ਦਾਨੇਮ ਗਦਾ ਰਾ ਨ ਸ਼ਨਾਸੇਮ॥ ੨ ॥**

{ਆਸ਼ੁਫਤਹੇ=ਆਸ਼ਕ। ਆਂ=ਉਹ। *ਸ਼ੈਫ਼ਤਹੇ=ਆਸ਼ਕ। ਮਾਸਤ=ਸਾਡਾ ਹੈ।}

SIKHBOOKCLUB.COM

*ਅਰਥ*—ਅਸੀਂ ਉਸਦੇ ਆਸ਼ਕ ਹਾਂ, ਉਹ ਸਾਡਾ ਆਸ਼ਕ ਹੈ। ਅਸੀਂ ਬਾਦਸ਼ਾਹ ਨੂੰ ਜਾਣਦੇ ਨਹੀਂ ਹਾਂ ਅਤੇ ਮੰਗਤੇ ਨੂੰ ਪਛਾਣਦੇ ਨਹੀਂ ਹਾਂ।

**ਚੂੰ ਗ਼ੈਰੇ ਤੋ ਕਸ ਨੇਸਤ ਬ ਤਹਿਕੀਕ ਦਰ ਈਂ ਜਾ।**
**ਈਂ ਤਫ਼ਰਕਾਏ ਮਾ ਓ ਸ਼ੁਮਾ ਰਾ ਨ ਸ਼ਨਾਸੇਮ॥ ੩ ॥**

{ਚੂੰ=ਜਦ। ਗ਼ੈਰੇ ਤੋ=ਤੇਰੇ ਬਿਨਾਂ ਹੋਰ। ਕਸ=ਕੋਈ। ਨੇਸਤ=ਨਹੀਂ ਹੈ। ਤਹਿਕੀਕ=ਸੱਚ, ਨਿਸਚੇ ਹੀ। ਤਫ਼ਰਕਾਏ=ਵੱਖਰਾਪਨ, ਫਰਕ। ਸ਼ੁਮਾ=ਤੇਰਾ।}

*ਅਰਥ*—ਜਦ ਕਿ ਤੈਥੋਂ ਬਿਨਾਂ ਹੋਰ ਕੋਈ ਨਹੀਂ ਹੈ, ਨਿਸਚੇ ਹੀ ਇਸ ਜਗ੍ਹਾ ਵਿਚ। (ਤਦ) ਇਸ ਮੇਰੇ ਅਤੇ ਤੇਰੇ ਫ਼ਰਕ ਨੂੰ (ਅਸੀਂ) ਨਹੀਂ ਪਛਾਣਦੇ (ਜਾਂ ਸਮਝਦੇ) ਹਾਂ।

**ਸਰ ਪਾ ਸ਼ੁਦ ਪਾ ਸਰ ਸੁਦ ਦਰ ਰਾਹਿ ਮੁਹੱਬਤ।**
**ਗੋਏਮ ਵ ਲੇਕਨ ਸਰੋ ਪਾ ਨ ਸ਼ਨਾਸੇਮ॥ ੪ ॥**

---

**ਕਿਸੇ ਕਿਸੇ ਕਾਪੀ ਵਿਚ 'ਸ਼ੈਫ਼ਤਹੇ' ਪਾਠ ਦੀ ਥਾਂ ਤੇ 'ਸ਼ੈਦਾਏ' ਪਾਠ ਵੇਖਣ ਵਿਚ ਆਉਂਦਾ ਹੈ, ਅਤੇ ਇਸ ਦਾ ਅਰਥ ਹੈ 'ਵਿਕਿਆ ਹੋਇਆ'।*



Sri Satguru Jagjit Singh Ji eLibrary NamdhariElibrary@gmail.com

{ਸਰ=ਸਿਰ। ਪਾ=ਪੈਰ। ਸ਼ੁਦ=ਹੋਏ ਹਨ। ਮੁਹੱਬਤ=ਪ੍ਰੇਮ। ਗ਼ੋਏਮ=ਆਖਦੇ ਹਾਂ, ਅਸੀਂ। ਵ ਲੇਕਨ=ਪਰ ਅਸਲ ਵਿਚ।}

*ਅਰਥ*—ਸਿਰ ਪੈਰ ਹੋਏ ਹਨ, ਪੈਰ ਸਿਰ ਬਣ ਗਿਆ ਹੈ, ਪ੍ਰੇਮ ਦੇ ਰਾਹ ਵਿਚ। (ਇਸ ਤਰ੍ਹਾਂ) ਅਸੀਂ ਆਖਦੇ ਹਾਂ, ਪਰ ਅਸਲ ਵਿਚ ਸਿਰ ਅਤੇ ਪੈਰ ਪਛਾਣਦੇ ਨਹੀਂ ਹਾਂ।

**ਮਾ ਨੀਜ਼ ਚੁ ਗੋਯਾ ਜ਼ਿ ਅਜ਼ਲ ਮਸਤ ਅਲਮਸਤੇਮ।**
**ਈਂ ਕਾਯਦਾ ਏ ਜ਼ੁਹਦ ਰਿਆ ਰਾ ਨ ਸ਼ਨਾਸੇਮ॥ ੫॥**

{ਮਾ ਨੀਜ਼=ਅਸੀਂ ਭੀ। ਚੁ=ਵਾਂਗੂੰ। ਜ਼ਿ=ਤੋਂ। ਅਜ਼ਲ=ਪਹਿਲੇ, ਸ਼ੁਰੂ। ਮਸਤ ਅਲਮਸਤੇਮ=ਮਸਤ ਦੀਵਾਨੇ ਹਾਂ। ਕਾਯਦਾ=ਤ੍ਰੀਕਾ। ਜ਼ੁਹਦ=ਤਪੱਸਜਾ, ਕਰਮ ਕਾਂਡ। ਰਿਆ ਰਾ=ਲੋਕ ਵਖਾਲੇ ਦੀ।}

*ਅਰਥ*—ਅਸੀਂ ਭੀ ਨੰਦ ਲਾਲ ਵਾਂਗੂੰ ਸ਼ੁਰੂ ਤੋਂ ਹੀ ਮਸਤ ਦੀਵਾਨੇ ਹਾਂ। (ਇਸ ਲਈ) ਅਸੀਂ ਲੋਕ ਵਿਖਾਵੇ ਦੀ ਤਪੱਸਜਾ ਦੇ ਤਰੀਕੇ ਨੂੰ ਪਛਾਣਦੇ ਨਹੀਂ ਹਾਂ।

### ਪੰਜਾਬੀ ਉਲਥਾ–

SIKHBOOKCLUB.COM

ਬੰਦੇ ਅਸੀਂ ਪ੍ਰੇਮ ਦੇ ਪੁਤਲੇ, ਰੱਬ ਦੀ ਨਹੀਂ ਪਛਾਣ ਕੋਈ।
ਚੁਕਾ ਡਰ 'ਸਰਾਪਾਂ' ਵਾਲਾ, 'ਵਰ' ਦੀ ਰਹੀ ਨਾ ਕਾਨ ਕੋਈ।
ਅਸੀਂ ਓਸਦੇ ਆਸ਼ਕ ਹੋਏ, ਓਹ ਸਾਡਾ ਆਸ਼ਕ ਹੋਯਾ ਏ,
ਮੈਂ ਨਾ ਬਾਦਸ਼ਾਹ ਨੂੰ ਜਾਨਾਂ, ਜਾਚਕ ਨਹੀਂ ਧਜਾਨ ਕੋਈ।
ਬਿਨ ਤੁਧ ਕੋਈ ਹੋਰ ਨ ਦੂਜਾ, ਜਦ ਇਹ ਨਿਸਚੇ ਕੀਤਾ ਏ,
ਮੈਂ ਹੀ ਤੂੰ ਅਰ ਤੂੰ ਹੀ ਮੈਂ ਹਾਂ, ਬਾਕੀ ਰਿਹਾ ਨ ਆਨ ਕੋਈ।
ਸਿਰ ਪਗ ਹੋਇ ਪੈਰ ਹੋਏ ਸਿਰ, ਉਲਟਾ ਪ੍ਰੇਮ ਦਾ ਚਾਲਾ ਏ,
ਕਹਿਣ ਮਾਤ੍ਰ ਗਲ ਏਹ ਭੀ ਲੇਕਨ, ਸਿਰ ਤੇ ਪੈਰ ਨਾ ਜਾਨ ਕੋਈ।
ਅਸੀਂ ਵਾਂਗ ਹੀ ਨੰਦ ਲਾਲ ਦੇ, ਮੁਢੋਂ ਮਸਤ ਦੀਵਾਨੇ ਹਾਂ,
ਝਗੜੇ ਕਰਮ ਕਾਂਡ ਦੇ ਚੁਕੇ, ਨਾ ਗੱਲ ਰਹੀ ਗਜਾਨ ਕੋਈ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੫੮

**ਹਰ ਗਹ ਨਜ਼ਰ ਬ ਜਾਨਿਬੇ ਦਿਲਦਾਰ ਮੇ ਕੁਨੇਮ।**
**ਦਰਯਾਇ ਹਰ ਦੁ ਚਸ਼ਮ ਗੌਹਰ ਬਾਰ ਮੇ ਕੁਨਮ॥ ੧॥**

{ਹਰ ਗਹ=ਜਦ ਕਦੇ। ਬ ਜਾਨਿਬੇ=ਤਰਫ਼, ਵਲ। ਦਿਲਦਾਰ=ਪ੍ਰੀਤਮ, ਮਿੱਤ੍ਰ। ਮੇ ਕੁਨੇਮ=ਕਰਦੇ ਹਾਂ, ਅਸੀਂ। ਗੌਹਰ=ਮੋਤੀ। ਬਾਰ=ਬਾਰਸ਼, ਬਰਖਾ।}

*ਅਰਥ*—ਜਦ ਕਦੇ ਅਸੀਂ ਪ੍ਰੀਤਮ ਦੇ ਵਲੇ ਨਜ਼ਰ ਕਰਦੇ ਹਾਂ। (ਤਾਂ) ਦੋਹਾਂ ਅੱਖਾਂ ਦੇ ਦਰੀਆਉ ਮੋਤੀਆਂ ਦੀ ਬਾਰਸ਼ ਕਰਨ ਲਗ ਜਾਂਦੇ ਹਨ।

**ਹਰ ਜਾ ਕਿ ਦੀਦਹ ਏਮ ਰੁਖੇ ਯਾਰ ਦੀਦਹ ਏਮ।**
**ਮਾ ਕੈ ਨਜ਼ਰ ਬ ਜਾਨਬੇ ਅਗ਼ਯਾਰ ਮੇ ਕੁਨੇਮ॥ ੨॥**

{ਹਰ ਜਾ=ਹਰ ਇਕ ਜਗ੍ਹਾਂ। ਦੀਦਹ ਏਮ=ਵੇਖਿਆ ਹੈ, ਅਸਾਂ। ਰੁਖ਼ੇ ਯਾਰ=ਪ੍ਰੀਤਮ ਦਾ ਚੇਹਰਾ ਹੀ, ਮਾਹੀ ਦਾ ਦਰਸ਼ਨ ਹੀ। ਮਾ ਕੈ=ਅਸੀਂ ਕਦ। ਜਾਨਬੇ=ਵਲ, ਤਰਫ। ਅਗਯਾਰ=ਗ਼ੈਰ, ਹੋਰ।}

*ਅਰਥ*—ਹਰ ਇਕ ਥਾਂ ਤੇ, ਜੋ ਭੀ ਅਸਾਂ ਵੇਖਿਆ ਹੈ, ਮਿਤ੍ਰ ਦਾ ਮੁਖ ਹੀ ਡਿੱਠਾ ਹੈ। ਅਸੀਂ ਕਿਸੇ ਗੈਰ ਦੇ ਵਲੇ ਨਜ਼ਰ ਕਦੋਂ ਕਰਦੇ ਹਾਂ?

**ਜ਼ਾਹਿਦ ਮਰਾ ਜ਼ਿ ਦੀਦਨੇ ਖ਼ੂਬਾਂ ਮਨਾ ਮਕੁਨ।**
**ਮਾ ਖ਼ੁਦ ਨਜ਼ਰ ਬ ਸੂਏ ਰੁਖ਼ੇ ਯਾਰ ਮੇ ਕੁਨੇਮ॥ ੩॥**

{ਜ਼ਾਹਿਦ=ਹੇ ਉਪਦੇਸ਼ਕ। ਮਰਾ=ਮੈਨੂੰ। ਜ਼ਿ=ਤੋਂ। ਦੀਦਨੇ=ਵੇਖਣਾ। ਖ਼ੂਬਾਂ=ਸੋਹਣਿਆਂ। ਮਨਾ ਮਕੁਨ=ਮਨ੍ਹਾ ਨਾ ਕਰ। ਖ਼ੁਦ ਨਜ਼ਰ=ਆਪੇ ਹੀ ਆਪਣੀ ਨਜ਼ਰ।}

*ਅਰਥ*—ਹੇ ਉਪਦੇਸ਼ਕ! ਮੈਨੂੰ ਸੋਹਣਿਆਂ ਦੇ ਵੇਖਣ ਵਲੋਂ ਮਨ੍ਹਾ ਨਾ ਕਰ (ਕਿਉਂਕਿ) ਅਸਾਂ ਆਪੇ ਹੀ ਆਪਣੀ ਨਜ਼ਰ ਯਾਰ ਦੇ ਚੇਹਰੇ ਵਲੇ ਕੀਤੀ ਹੋਈ ਹੈ।

**ਮਾ ਜੁਜ਼ ਹਦੀਸੇ ਰੂਏ ਤੋ ਕੂਤੇ ਨ ਖ਼ੁਰਦਹ ਏਮ।**
**ਦਰ ਰਾਹੇ ਇਸ਼ਕ ਈਂ ਹਮਹ ਤਕਰਾਰ ਮੇ ਕੁਨੇਮ॥ ੪॥**



Sri Satguru Jagjit Singh Ji eLibrary NamdhariElibrary@gmail.com

{ਮਾ ਜੁਜ਼=ਅਸੀਂ ਬਿਨਾਂ। ਹਦੀਸੇ ਰੂਏ ਤੋ=ਤੇਰੇ ਚੇਹਰੇ (ਮੁਖ) ਦੀ ਹਦੀਸ। ਕੂਤੇ ਕੁਝ ਭੀ। ਖ਼ੁਰਦਹ ਏਮ=ਖਾਣਾ ਪੀਣਾ ਕਰਦੇ ਹਾਂ। ਹਮਹ=ਸਾਰੇ ਹੀ। ਤਕਰਾਰ=ਵਾਧੂ ਝਗੜੇ।}

*ਅਰਥ*—ਅਸੀਂ ਤੇਰੇ ਮੁਖ ਦੇਖਣ ਦੀ ਹਦੀਸ ਤੋਂ ਬਿਨਾਂ ਹੋਰ ਕੁਝ ਭੀ ਖਾਂਦੇ ਪੀਂਦੇ ਨਹੀਂ ਹਾਂ। (ਕਿਉਂਕਿ) ਪ੍ਰੇਮ ਦੇ ਰਾਹ ਵਿਚ ਏਹ ਸਾਰੇ (ਕੰਮ ਹੀ) ਵਾਧੂ ਝਗੜੇ ਮੰਨੇ ਹੋਏ ਹਨ।

**ਗੋਯਾ ਜ਼ਿ ਚਸ਼ਮੇ ਯਾਰ ਚੂੰ ਮਖ਼ਮੂਰ ਗਸ਼ਤਹ ਏਮ।**
**ਕੈ ਖਾਹਿਸ਼ੇ ਸ਼ਰਾਬੇ ਪੁਰ ਅਸ਼ਰਾਰ ਮੇ ਕੁਨੇਮ॥ ੫॥**

{ਮਖ਼ਮੂਰ=ਮਸਤੀ। ਗਸ਼ਤਹ ਏਮ=ਹਾਸਲ ਕਰ ਲਈ ਹੈ। ਖਾਹਿਸ਼ੇ=ਇੱਛਾ। ਪੁਰ=ਭਰੀ ਹੋਈ। ਅਸ਼ਰਾਰ=ਅੱਗ। (੨) ਝਗੜੇ।}

*ਅਰਥ*—ਨੰਦ ਲਾਲ ਨੇ ਜਦ ਕਿ ਮਿਤ੍ਰ ਦੀਆਂ ਅੱਖਾਂ ਪਾਸੋਂ ਮਸਤੀ ਲੈ ਲਈ ਹੈ। (ਹੁਣ) ਅਸਾਂ ਅੱਗ ਨਾਲ ਭਰੀ ਹੋਈ ਸ਼ਰਾਬ ਦੀ ਇੱਛਾ ਕਿਉਂ ਕਰਨੀ ਹੈ?

### ਪੰਜਾਬੀ ਉਲਥਾ–

SIKHBOOKCLUB.COM

ਜਦ ਕਦ ਭੀ ਵਲ ਪ੍ਰੀਤਮ ਅਪਣੇ, ਨਜ਼ਰ ਆਪਣੀ ਕਰਦੇ ਹਾਂ।
ਨੈਣ ਦੋਵੇਂ ਦਰਿਆ ਹੋਂਵਦੇ, ਮੋਤੀ ਬਾਰਸ਼ ਕਰਦੇ ਹਾਂ।
ਹਰ ਇਕ ਥਾਂ ਤੇ ਜੋ ਭੀ ਤਕਿਆ, ਮਿਤ੍ਰ ਦਾ ਮੁਖ ਡਿੱਠਾ ਏ,
ਅਸੀਂ ਹੋਰ ਕਿਸੇ ਦੂਜੇ ਵਲੇ, ਕਦੋਂ ਨਜ਼ਰ ਨੂੰ ਕਰਦੇ ਹਾਂ।
ਹੇ ਉਪਦੇਸ਼ਕ ਹੋੜ ਨ ਮੈਨੂੰ, ਸੋਹਣੇ ਦਾ ਦਰਸ ਵੇਖਣ ਤੋਂ,
ਆਪਣੀ ਨਜ਼ਰ ਅਸੀਂ ਆਪੇ ਹੀ, ਮੋੜ ਮੂੰਹ ਵਲ ਕਰਦੇ ਹਾਂ।
ਦਰਸ਼ਨ ਤੇਰੇ ਮੁਖੜੇ ਤੋਂ ਬਿਨ, ਕੁਝ ਪੀਂਦੇ ਖਾਂਦੇ ਹੋਰ ਨਹੀਂ,
ਪ੍ਰੇਮ ਰਾਹ ਦੇ ਬਣੇ ਪੰਧਾਊ, ਝਗੜੇ ਨ ਕੁਈ ਕਰਦੇ ਹਾਂ।
ਪ੍ਰੀਤਮ ਦੀ ਅੱਖਾਂ ਨੂੰ ਤੱਕ ਕੇ, ਨੰਦ ਲਾਲ ਮਦ ਮਸਤ ਹੁਯਾ,
ਅੱਗ ਰੰਗ ਜੋ ਭਰੀ ਸੁਰਾ ਹੈ, ਨਾ ਤਿਸ ਪੀਵਨ ਕਰਦੇ ਹਾਂ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੫੯

**ਨਮੇ ਗੁੰਜਦ ਬ ਚਸ਼ਮੇ ਗ਼ੈਰ ਸ਼ਾਹੇ ਖ਼ੁਦ ਪਸੰਦੇ ਮਨ।**
**ਬ ਚਸ਼ਮਮ ਖੁਸ਼ ਨਿਸਸਤ ਆਂ ਕਾਮਤੇ ਬਖ਼ਤੇ ਬੁਲੰਦੇ ਮਨ ॥੧॥**

{ਨਮੇ ਗੁੰਜਦ=ਨਹੀਂ ਸਮਾ ਸਕਦਾ। ਗੈਰ=ਹੋਰਨਾਂ, ਬਗਾਨਿਆਂ। ਖ਼ੁਦ-ਪਸੰਦੇ= ਆਪ ਨੂੰ ਵੇਖਣ ਵਾਲਾ, ਹੰਕਾਰੀ। ਖੁਸ਼ ਨਿਸਸਤ=ਚੰਗੀ ਬੈਠਕ। ਕਾਮਤੇ=ਕਦ, ਸਰੀਰ। ਬਖਤੇ ਬੁਲੰਦੇ=ਉਚੇ ਭਾਗਾਂ ਵਾਲੇ।}

*ਅਰਥ*—ਮੇਰਾ ਪਾਤਸ਼ਾਹ ਕਿਸੇ ਦੂਜੇ ਹੰਕਾਰੀ ਪੁਰਸ਼ ਦੀ ਅੱਖ ਵਿਚ ਨਹੀਂ ਸਮਾ ਸਕਦਾ। ਉਸ ਉਚੇ ਭਾਗਾਂ ਵਾਲੇ ਮੇਰੇ (ਮਾਹੀ ਨੇ ਮੇਰੀਆਂ) ਅੱਖਾਂ ਨੂੰ ਆਪਣੀ ਚੰਗੀ ਬੈਠਕ ਬਣਾਈ ਹੈ।

**ਤੁਮਾਮੀ ਮੁਰਦਹਾ ਰਾ ਅਜ਼ ਤਬੱਸਮ ਜਿੰਦਹ ਮੇ ਸਾਜ਼ਦ।**
**ਚੁ ਰੇਜ਼ਦ ਆਬਿ ਹੈਵਾਂ ਅਜ਼ ਦਹਾਂ ਆਂ ਗੁੰਚਹ ਖੰਦੇ ਮਨ ॥੨॥**

{ਤਮਾਮੀ=ਸਾਰਿਆਂ। ਅਜ਼=ਨਾਲ। ਤਬੱਸਮ=ਮੁਸਕ੍ਰਾਹਟ। ਮੇ ਸਾਜ਼ਦ= ਬਣਾਉਂਦਾ ਹੈ। ਚੁ=ਜਦ। ਰੇਜ਼ਦ=ਟਪਕਦਾ, ਬੂੰਦਾਂ ਡਿਗਦੀਆਂ ਹਨ। ਆਬਿ ਹੈਵਾਂ= ਅੰਮ੍ਰਿਤ। ਅਜ਼ ਦਹਾਂ=ਮੂੰਹਾਂ ਤੋਂ। ਆਂ=ਉਹ। ਗੁੰਚਹ ਖੰਦੇ=ਖਿੜੇ ਹੋਏ ਫੁਲ।}

*ਅਰਥ*—ਸਾਰੇ ਮੁਰਦਿਆਂ ਨੂੰ, (ਆਪਣੀ) ਮੁਸਕ੍ਰਾਹਟ ਨਾਲ ਜੀਉਂਦਾ ਕਰਦਾ ਹੈ। ਜਦ ਉਹ ਆਪਣੇ ਖਿੜੇ ਫੁਲ ਵਰਗੇ ਮੁਖ ਤੋਂ ਅੰਮ੍ਰਿਤ ਦੀਆਂ ਬੂੰਦਾਂ ਟਪਕਾਉਂਦਾ ਹੈ।

**ਬਰਾਏ ਦੀਦਨੈ ਤੋ ਦੀਦਹ ਅਮ ਸ਼ੁਦ ਚਸ਼ਮ ਐ ਕੌਸਰ।**
**ਬਿਆ ਜਾਨਾਂ ਕਿ ਕੁਰਬਾਨੇ ਤੁ ਜਾਨੇ ਦਰਦ ਮੰਦੇ ਮਨ ॥੩॥**

{ਬਰਾਏ=ਵਾਸਤੇ। ਦੀਦਨੇ ਤੋ=ਦਰਸ਼ਨ ਤੇਰੇ। ਦੀਦਹ=ਅੱਖਾਂ। ਸ਼ੁਦ=ਹੋਈਆਂ ਹਨ। ਚਸ਼ਮ ਐ ਕੌਸਰ=ਕੌਸਰ ਦਾ ਚਸ਼ਮਾ। ਬਿਆ=ਆਓ। ਜਾਨਾਂ=ਪਿਆਰੇ। ਜਾਨੇ ਦਰਦ ਮੰਦੇ= ਦਰਦਾਂ ਵਾਲੀ ਜਿੰਦ। ਮਨ=ਸਾਡੀ।}

*ਅਰਥ*—ਤੇਰੇ ਦਰਸ਼ਨ ਵਾਸਤੇ, ਮੇਰੀਆਂ ਅੱਖਾ ਕੌਸਰ ਦਾ ਚਸ਼ਮਾ ਹੋਈਆਂ ਹਨ। ਆਓ ਪਿਆਰੇ ! ਸਾਡੀ ਦਰਦਾਂ ਭਰੀ ਜਿੰਦ ਤੇਰੇ ਤੋਂ ਕੁਰਬਾਨ ਹੈ।



Sri Satguru Jagjit Singh Ji eLibrary NamdhariElibrary@gmail.com

**ਅਗਰ ਬੀਨੀ ਦਰੂਨੇ ਮਨ ਬਗ਼ੈਰ ਅਜ਼ ਖ਼ੁਦ ਕੁਜਾ ਯਾਬੀ।**
**ਕਿ ਗ਼ੈਰ ਅਜ਼ ਜ਼ਿਕਰਿ ਤੋ ਨ ਬਵਦ ਦਰੂਨੇ ਬੰਦ ਬੰਦੇ ਮਨ॥੪॥**

{ਬੀਨੀ=ਤੂੰ ਵੇਖੇਂਗਾ। ਦਰੂਨੇ ਮਨ=ਅੰਦਰ ਮੇਰੇ, ਮੇਰੇ ਦਿਲ ਵਿਚ। ਖ਼ੁਦ=ਆਪਣੇ। ਕੁਜਾ ਯਾਬੀ=ਕੀ ਲਭੇਂਗਾ ਤੂੰ। ਜ਼ਿਕਰਿ=ਸਿਮਰਨ ਤੋਂ। ਬਵਦ=ਹੈਗਾ ਹੈ। ਬੰਦ=ਜੋੜ, ਅੰਗ।}

*ਅਰਥ*—ਜੇਕਰ ਤੂੰ ਮੇਰੇ ਅੰਦਰ ਵਲ ਵੇਖੇਂਗਾ, (ਤਾਂ) ਆਪਣੇ ਤੋਂ ਬਿਨਾਂ ਕੀ ਲਭੇਂਗਾ। (ਕਿਉਂ) ਜੋ ਤੇਰੇ ਸਿਮਰਨ ਤੋਂ ਬਿਨਾਂ, ਮੇਰੇ ਬੰਦ ਬੰਦ ਅੰਦਰ ਹੋਰ ਕੁਝ ਭੀ ਨਹੀਂ ਹੈਗਾ।

**ਮਨਮ ਯਕ ਮੁਸਤ ਗਿਲ ਗੋਯਾ ਦਰੂਨਮ ਨੂਰਿ ਓ ਲਾਮਯ।**
**ਬ ਗਿਰਦਸ਼ ਦਾਯਮਾ ਗਰਦਦ ਦਿਲੇ ਪੁਰ ਹੋਸ਼ਮੰਦੇ ਮਨ॥੫॥**

{ਮਨਮ=ਮੈਂ ਹਾਂ। ਯਕ=ਇਕ। ਮੁਸਤ=ਮੁੱਠੀ। ਗਿਲ=ਮਿਟੀ। ਦਰੂਨਮ=ਅੰਦਰ, ਮੇਰੇ। ਨੂਰਿ=ਪ੍ਰਕਾਸ਼। ਲਾਮਯ=ਚਮਕਦਾ ਹੈ। ਬ ਗਿਰਦਸ਼=ਚੁਫੇਰੇ ਉਸ ਦੇ। ਦਾਯਮਾ= ਸਦਾ, ਹਮੇਸ਼ਾਂ। ਗਰਦਦ=ਭੌਂਦਾ ਹੈ। ਗਰਦਦ=ਫਿਰਦਾ ਹੈ। ਹੋਸ਼ਮੰਦੇ=ਸੁਜਾਨ, ਚਤੁਰ।}

*ਅਰਥ*—ਨੰਦ ਲਾਲ! ਮੈਂ ਇਕ ਮਿੱਟੀ ਦੀ ਮੁੱਠੀ ਹਾਂ, ਪਰ ਮੇਰੇ ਅੰਦਰ ਉਸ ਦਾ ਪ੍ਰਕਾਸ਼ ਚਮਕਦਾ ਹੈ। ਹੋਸ਼ਾਂ (ਅਕਲਾਂ) ਦਾ ਭਰਿਆ ਹੋਇਆ ਮੇਰਾ ਦਿਲ ਸਦਾ ਹੀ ਉਸ ਦੇ ਚੁਤਰਫੇ ਭੌਂਦਾ ਹੈ।

### ਪੰਜਾਬੀ ਉਲਥਾ-

ਸੱਚਾ ਪਾਤਸ਼ਾਹ ਗ਼ੁਰੁ ਮੇਰਾ, ਹੈਂਕੜ ਦੀ ਅੱਖ ਨਾ ਵਸਦਾ ਏ।
ਉਚ ਭਾਗਾਂ ਵਾਲੇ ਜੁ ਗੁਰਮੁਖ, ਤਿਨ੍ਹਾਂ ਦੀ ਅੱਖ ਚਿ ਵਸਦਾ ਏ।
ਦੁਨੀਦਾਰ ਜੋ ਮੁਰਦੇ ਸਾਰ, ਜਿੰਦਾ ਨਾਲ ਮੁਸਕਰਾਣ ਕਰੇ,
ਖਿੜੇ ਫੁਲ ਸਮ ਮੁਖੜੇ ਤੋਂ ਜਦ, ਅੰਮ੍ਰਿਤ ਬੂੰਦਾਂ ਰਸਦਾ ਏ।
ਤੁਧ ਦਰਸ਼ਨ ਨੂੰ ਮਿਰੀਆਂ ਅੱਖਾਂ ਚਸ਼ਮਾ ਕੌਸਰ ਹੋਈਆਂ,
ਦਰਦਾਂ ਭਰੀ ਜਿੰਦੜੀ ਵਾਰਾਂ, ਆ ਮਿੱਤਰ! ਜੀਉ ਤਰਸਦਾ ਏ।
ਜੇ ਤੂੰ ਮੇਰੇ ਅੰਦਰ ਵੇਖੇਂ, ਬਿਨ ਆਪਨੇ ਹੋਰ ਨਾ ਦੇਖੇਂਗਾ,
ਬਿਨ ਤੁਧ ਸਿਮਰਨ ਮੇਰੇ ਲੂੰ ਲੂੰ, ਹੋਰ ਨ ਕੁਈ ਵਸਦਾ ਏ।
ਖ਼ਾਕ ਦੀ ਮੁਠੀ ਤਨ ਮੇਰਾ ਹੈ, ਅੰਦਰ ਲਿਸ਼ਕੇ ਨੂਰ ਤਿਰਾ,
ਅਕਲਾਂ ਭਰਿਆ ਦਿਲ ਜੋ ਮੇਰਾ, ਗਿਰਦ ਤੇਰੇ ਸਦਾ ਨਸਦਾ ਏ।


Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ-੬੦

**ਬੇਵਫ਼ਾ ਨੇਸਤ ਕਸੇ ਗਰ ਤੂ ਵਫਾਦਾਰ ਸ਼ਵੀ।**
**ਵਕਤ ਆਨਸਤ ਕਿ ਬਰ ਵਕਤ ਖ਼ਬਰਦਾਰ ਸ਼ਵੀ॥੧॥**

{ਸ਼ਵੀ=ਹੋਵੇਂ। ਆਨਸਤ=ਓਹੀ ਹੈ। ਕਸੇ=ਕੋਈ ਭੀ।}

*ਅਰਥ*—ਬੇਵਫਾ ਕੋਈ ਭੀ ਨਹੀਂ ਹੈ, ਜੇਕਰ ਤੂੰ ਵਫ਼ਾਦਾਰ ਹੋਵੇਂ। ਵੇਲਾ ਓਹੀ ਹੈ, ਜਿਸ ਵੇਲੇ ਉਪਰ ਖ਼ਬਰਦਾਰ ਹੋ ਜਾਵੇਂ।

**ਜਾਂ ਅਗਰ ਹਸਤ ਨਿਸਾਰੇ ਕਦਮੇ ਜਾਨਾਂ ਕੁਨ।**
**ਦਿਲ ਬ ਦਿਲਦਾਰ ਬਿਦਿਹ ਤਾ ਕਿ ਤੋ ਦਿਲਦਾਰ ਸ਼ਵੀ॥੨॥**

{ਜਾਂ=ਜਾਨ। ਹਸਤ=ਰਖਦਾ ਹੈਂ। ਨਿਸਾਰੇ=ਕੁਰਬਾਨ, ਸਦਕੇ। ਜਾਨਾਂ=ਪਿਆਰੇ ਪ੍ਰੀਤਮ ਤੋਂ। ਬ=ਬਰਾਬਰ, ਨਾਲ। ਦਿਲਦਾਰ=ਪ੍ਰੀਤਮ, ਸਜਣ। ਬਿਦਿਹ=ਦੇ ਦੇਹੁ।}

*ਅਰਥ*—ਜਾਨ ਜੇਕਰ ਰਖਦਾ ਹੈਂ, ਤਾਂ ਪਿਆਰੇ ਪ੍ਰੀਤਮ ਦੇ ਕਦਮਾਂ ਤੋਂ ਵਾਰਨੇ ਕਰ। ਦਿਲਦਾਰ ਨੂੰ ਦਿਲ ਦੇ ਦੇਹੁ, ਤਾਂਕਿ ਤੂੰ ਦਿਲਦਾਰ ਬਰਾਬਰ ਹੋ ਜਾਵੇਂ (ਅਰਥਾਤ ਪ੍ਰੀਤਮ ਦਾ ਸਰੂਪ ਹੀ ਹੋ ਜਾਵੇਂਗਾ।)

**ਮੰਜ਼ਲੇ ਇਸ਼ਕ ਦਰਾਜ ਅਸਤ ਬ ਪਾ ਨ ਤਵਾਂ ਰਫ਼ਤ।**
**ਸਰ ਕੁਦਮ ਸਾਜ਼ ਤਾ ਦਰ ਰਹੇ ਆਂ ਯਾਰ ਸ਼ਵੀ॥੩॥**

{ਮੰਜ਼ਲੇ=ਪੈਂਡਾ। ਦਰਾਜ=ਲੰਮਾ। ਅਸਤ=ਹੈ। ਬ ਪਾ=ਪੈਰਾਂ ਨਾਲ। ਤਵਾਂ= ਸਕੀਦਾ। ਰਫਤ=ਜਾਣਾ। ਸਾਜ਼=ਬਣਾਓ। ਕਦਮ=ਪੈਰ।}

*ਅਰਥ*—ਪ੍ਰੇਮ ਦਾ ਰਾਹ ਲੰਮਾ ਹੈ, ਪੈਰਾਂ ਨਾਲ ਨਹੀਂ ਜਾ ਸਕੀਦਾ, ਸਿਰ ਨੂੰ ਪੈਰ ਬਣਾਓ, ਤਾਂ ਯਾਰ ਦੇ ਉਸ ਰਾਹ ਵਿਚ (ਜਾਣ ਵਾਲਾ) ਹੋਵੇਂਗਾ।

**ਗੁਫ਼ਤਗੂ ਏ ਹਮਹ ਕਸ ਦਰ ਖੁਦ ਇਦਰਾ ਕੇ ਖੁਦ ਅਸਤ।**
**ਲਬ ਗ਼ਰੋ ਬੰਦ ਕਿ ਤਾ ਮਹਰਮੇ ਅਸਰਾਰ ਸ਼ਵੀ॥੪॥**

{ਗੁਫ਼ਤਗੂ=ਗੱਲ ਬਾਤ। ਹਮਹ ਕਸ=ਸਾਰੇ ਬੰਦਿਆਂ। ਇਦਰਾ ਕੇ=ਅਕਲ। ੨. ਦਨਾਈ। ਖੁਦ ਅਸਤ=ਆਪਣੀ ਹੈ। ਲਬ=ਬੁਲ੍ਹ, ਹੋਂਠ। ਮਹਰਮੇ=ਵਾਕਫ, ਜਾਣੂ।



Sri Satguru Jagjit Singh Ji eLibrary NamdhariElibrary@gmail.com

ਅਸਰਾਰ=ਭੇਦ।}

*ਅਰਥ*—ਸਾਰੇ ਬੰਦਿਆਂ ਦੀ ਗੱਲ ਬਾਤ ਵਿਚ ਆਪਣੀ ਅਕਲ ਤੇ ਦਨਾਈ ਆਪਣੀ ਹੈ। ਆਪਣੇ ਹੋਠਾਂ ਨੂੰ ਬੰਦ ਕਰ, ਤਾਂ ਜੋ ਯਾਰ ਦੇ ਭੇਦਾਂ ਦਾ ਜਾਣੂ ਹੋ ਜਾਵੇਂ।

**ਮੇ ਫ਼ਰੋਸ਼ਦ ਦਿਲੇ ਦਿਵਾਨਾ ਏ ਖ਼ੁਦ ਰਾ ਗੋਯਾ।**

**ਬ ਉਮੈਦੇ ਕਰਮੇ ਆਂ ਕਿ ਖ਼ਰੀਦਾਰ ਸ਼ਵੀ॥੫॥**

{ਮੇ ਫ਼ਰੋਸ਼ਦ=ਫ਼ਰੋਸ਼ ਕਰਦਾ ਹੈ, ਵੇਚਦਾ ਹੈ। ਖ਼ੁਦ ਰਾ=ਆਪਣੇ ਨੂੰ। ਬ ਉਮੈਦੇ= ਇਸ ਉਮੀਦ (ਆਸ) ਉਤੇ। ਕਰਮੇ=ਮਿਹਰ ਕਰਨ ਵਾਲਾ, ੨. ਮਿਹਰ, ਕ੍ਰਿਪਾ। ਖ਼ਰੀਦਾਰ=ਗ੍ਰਾਹਕ।}

*ਅਰਥ*—ਨੰਦ ਲਾਲ ਆਪਣੇ ਦੀਵਾਨੇ ਦਿਲ ਨੂੰ ਵੇਚਦਾ ਹੈ। ਇਸ ਆਸ ਉਤੇ ਕਿ ਉਹ ਮਿਹਰ ਕਰਨ ਵਾਲਾ ਹੀ ਇਸ ਦੇ ਖ਼ਰੀਦਣ ਵਾਲਾ ਹੋ ਜਾਵੇ।

### ਪੰਜਾਬੀ ਉਲਥਾ-

ਯਾਰੀ ਤੋੜ ਨਿਭਾਵਣ ਸਭੇ, ਜੇ ਤੂੰ ਤੋੜ ਨਿਭਾਵੇਂਗਾ।
ਵੇਲਾ ਉਹ ਜਦ ਸੰਭਲ ਜਾਵੇਂ, ਫਿਰ ਨਾ ਪਛੋਤਾਵੇਂਗਾ।
ਤਨ ਆਪਣੇ ਚਿ ਜਾਨ ਜੇ ਰੱਖਦੈਂ, ਵਾਰ ਪ੍ਰੀਤਮ ਕਦਮਾਂ ਤੋਂ,
ਦਿਲਬਰ ਨੂੰ ਦਿਲ ਦੇਵੀਂ ਆਪਣਾ, ਦਿਲਬਰ ਤੂੰ ਬਣ ਜਾਵੇਂਗਾ।
ਲੰਮਾ ਪੰਧ ਪ੍ਰੇਮ ਦਾ ਬਹੁਤਾ, ਤੁਰ ਪੈਰੀਂ ਪਹੁੰਚ ਨਾ ਸਕੀਦਾ,
ਸਿਰ ਨੂੰ ਪੈਰ ਬਣਾਵੇਂ ਜੇ, ਤਦ ਯਾਰ ਰਾਹ ਤੇ ਜਾਵੇਂਗਾ।
ਹਰ ਬੰਦੇ ਦੀ ਗੱਲ ਬਾਤ ਵਿਚ, ਅਕਲ ਦਨਾਈ ਆਪਣੀ,
ਮੂੰਹ ਕਰ ਬੰਦ ਚੁਪ ਜੇ ਹੋਵੇਂ, ਮਹਿਰਮ ਯਾਰ ਕਹਾਵੇਂਗਾ।
ਨੰਦ ਲਾਲ ਅਜ ਵੇਚ ਰਿਹਾ ਹੈ, ਆਪਣੇ ਦਿਲ ਦੀਵਾਨੇ ਨੂੰ,
ਹੈ ਆਸ਼ਾ ਉਹ ਕਿਰਪਾ ਕਰਕੇ, ਖ਼ਰੀਦਾਰ ਬਣ ਜਾਵੇਗਾ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

# ਰੁਬਾਈਆਂ

(੧)

ਹਰ ਕਸ ਕਿ ਜ਼ਿ ਸ਼ੌਕੇ ਤੋ ਕਦਮ ਸਰ ਸਾਖ਼ਤ।
ਬਰ ਨਹੁ ਤਬਕੇ ਚਰਖ਼ ਅਲਮ ਬਰ ਅਫ਼ਰਾਖ਼ਤ।
ਸ਼ੁਦ ਆਮਦਨਸ਼ ਮੁਬਾਰਕੇ ਰਫ਼ਤਨ ਹਮ,
ਗੋਯਾ ਆਂ ਕਸ ਕਿ ਰਾਹੇ ਹਕ ਰਾ ਬਿਸਨਾਖ਼ਤ।

{ਸ਼ੌਕਿ=ਪ੍ਰੇਮ। ਕਦਮ=ਪੈਰ। ਸਰ=ਸਿਰ। ਸਾਖ਼ਤ=ਬਣਾਇਆ ਹੈ। ਨਹੁ=ਨੌਂ, ੯। ਤਬਕੇ=ਅਸਮਾਨ ੨. ਖੰਡਾਂ। ਚਰਖ=ਅਸਮਾਨ। ਅਲਮ=ਝੰਡਾ। ਅਫ਼ਰਾਖ਼ਤ=ਝੁਲਾਇਆ ਹੈ। ਸ਼ੁਦ=ਹੋਇਆ ਹੈ। ਆਮਦਨਸ਼=ਆਉਣਾ, ਉਸ ਦਾ। ਰਫ਼ਤਨ=ਜਾਣਾ (ਭਾਵ-ਜੰਮਣਾ ਮਰਨਾ)। ਹਮ=ਭੀ। ਬਿਸਨਾਖ਼ਤ=ਪਛਾਣਿਆ।}

SIKHBOOKCLUB.COM

*ਅਰਥ*—ਜਿਸ ਆਦਮੀ ਨੇ ਕਿ ਤੇਰੇ ਸ਼ੌਕ ਵਿਚ ਆਪਣੇ ਸਿਰ ਨੂੰ ਪੈਰ ਬਣਾਇਆ ਹੈ। ਉਸ ਨੇ ਨੌਂ ਖੰਡਾਂ ਦੀ ਧਰਤੀ ਤੇ ਅਕਾਸ਼ ਉਪਰ ਝੰਡਾ ਝੁਲਾਇਆ ਹੈ। (ਇਸ ਜਗਤ ਵਿਚ) ਉਸ ਦਾ ਆਉਣਾ ਤੇ ਜਾਣਾ (ਜੰਮਣਾ ਤੇ ਮਰਨਾ) ਭੀ ਮੁਬਾਰਕ ਹੋਇਆ ਹੈ। ਨੰਦ ਲਾਲ! ਉਸ ਆਦਮੀ ਦਾ, ਜਿਸ ਨੇ ਸੱਚ ਦੇ ਰਾਹ ਨੂੰ ਪਛਾਣਿਆ ਹੈ।

## ਪੰਜਾਬੀ ਉਲਥਾ-

ਜਿਸ ਨੇ ਪ੍ਰੇਮ ਮਾਹੀ ਵਿਚ ਆਪਣੇ, ਸਿਰ ਨੂੰ ਪੈਰ ਬਣਾਇਆ ਹੈ।
ਅਕਾਸ਼ੋਂ ਉਚਾ ਨੌਂ ਖੰਡਾਂ ਵਿਚ, ਝੰਡਾ ਓਸ ਝੁਲਾਇਆ ਹੈ।
ਆਉਣਾ ਸਫਲ ਓਸ ਦਾ ਜਗਤ ਤੇ, ਜਾਨਾ ਭੀ ਉਸ ਸਫਲ ਹੋਇਆ,
ਨੰਦ ਲਾਲ ਉਸ ਬੰਦੇ ਦਾ ਜਿਨ, ਮਾਰਗ ਸੱਚ ਦਾ ਪਾਇਆ ਹੈ।



Sri Satguru Jagjit Singh Ji eLibrary NamdhariElibrary@gmail.com

(੨)

**ਕੋਰ ਅਸਤ ਹਰਾਂ ਦੀਦਹ ਕਿ ਹਕ ਰਾ ਨ ਸ਼ਨਾਖ਼ਤ।**
**ਈਂ ਉਮਰੇ ਗਿਰਾਂ ਮਾਯਹ ਬਗ਼ਫਲਤ ਦਰ ਬਾਖ਼ਤ।**
**ਓ ਗਿਰੀਆਂ ਕੁਨਾਂ ਆਮਦੋ ਬ ਹਸਰਤ ਮੁਰਦ,**
**ਅਫ਼ਸੋਸ ਦਰੀਂ ਆਮਦੋ ਸ਼ੁਦ ਕਾਰੇ ਨ ਸਾਖ਼ਤ।**

{ਕੋਰ=ਅੰਨ੍ਹਾ। ਅਸਤ=ਹਨ। ਹਰਾਂ=(ਹਰ+ਆਂ) ਉਹ ਸਭ। ਦੀਦਹ=ਅੱਖਾਂ। ਸ਼ਨਾਖ਼ਤ=ਪਛਾਣਿਆ, ਡਿੱਠਾ। ਗਿਰਾਂ ਮਾਯਾ=ਅਮੋਲਕ, ਬੇਕੀਮਤੀ। ਬਾਖ਼ਤ=ਗਵਾ ਦਿਤੀ ਹੈ। ਗਿਰੀਆਂ=ਰੋਂਦਾ ਹੋਇਆ। ਕੁਨਾਂ (ਕੁਨ+ਆਂ) ਕਰਦਾ, ਉਹ। ਆਮਦੋ= ਆਇਆ ਹੈ ਅਤੇ। ਕਾਰੇ=ਕੰਮ। ਸਾਖਤ=ਬਣਾਇਆ ਕੀਤਾ।}

*ਅਰਥ*—ਉਹ ਸਭ ਅੱਖਾਂ ਅੰਨ੍ਹੀਆਂ ਹਨ, ਜਿਨ੍ਹਾਂ ਨੇ ਹੱਕ (ਵਾਹਿਗੁਰੂ) ਨੂੰ ਪਛਾਣਿਆ ਨਹੀਂ ਹੈ। ਇਹ ਅਮੋਲਕ ਉਮਰਾ ਉਸ ਨੇ ਗਫ਼ਲਤ ਨਾਲ ਜਗਤ ਵਿਚ ਗਵਾਈ ਹੈ। ਉਹ ਰੋਂਦਾ ਹੋਇਆ ਹੀ ਜਗਤ ਵਿਚ ਜੰਮਿਆ ਹੈ ਅਤੇ ਹਸਰਤਾਂ ਨਾਲ ਅਫ਼ਸੋਸ ਵਿਚ ਹੀ ਮਰਦਾ ਹੈ। ਉਸ ਦੇ ਇਥੇ ਆਉਣ ਉਤੇ ਅਫਸੋਸ ਹੈ, ਜਿਸ ਨੇ ਪ੍ਰਲੋਕ ਦਾ ਸਾਥੀ ਕੋਈ ਨਹੀਂ ਬਣਾਇਆ ਹੈ।

SIKHBOOKCLUB.COM

**ਪੰਜਾਬੀ ਉਲਥਾ-**

ਅੰਨ੍ਹੀਆਂ ਅੱਖਾਂ ਉਹ ਜਗ ਅੰਦਰ, ਰੱਬ ਨਾ ਜਿਨ੍ਹਾਂ ਪਛਾਤਾ।
ਦੁਰਲਭ ਜਨਮ ਅਮੋਲਕ ਹੀਰਾ, ਗਫ਼ਲਤ ਵਿਚ ਗਵਾਤਾ।
ਰੋਂਦਾ ਆਇਆ ਉਹ ਜਗ ਅੰਦਰ, ਰੋਂਦਾ ਹੀ ਉਠ ਜਾਸੀ,
ਸਦ ਅਫਸੋਸ ਓਸ ਦੇ ਉਤੇ, ਜਿਨ ਸਾਥੀ ਨਹੀਂ ਬਨਾਤਾ।

(੩)

**ਈਂ ਚਸ਼ਮਿ ਤੋ ਖਾਨਹਦਾਰੇ ਆਂ ਜ਼ਾਨਾਨਸਤ।**
**ਈਂ ਤਖ਼ਤਿ ਵਜੂਦ ਮਸਨਦੇ ਸੁਲਤਾਨ ਅਸਤ।**
**ਹਰ ਬੁਲਹ ਵਸੇ ਬਸੂਇ ਓ ਰਾਹ ਨ ਬੁਰੱਦ,**
**ਕਿ ਈਂ ਰਾਹ ਤਅੱਲਕ ਬਸਰੇ ਮਰਦਾਨ ਅਸਤ।**



Sri Satguru Jagjit Singh Ji eLibrary NamdhariElibrary@gmail.com

{ਤੋ=ਤੇਰੀਆਂ। ਖ਼ਾਨਹਦਾਰੇ=ਬੈਠਕ, ਔਤਾਕ। ਆਂ=ਉਸ। ਜਾਨਾਨਸਤ= (ਜਾਨਨ+ਅਸਤ) ਪਿਆਰੇ ਮਿੱਤਰ ਦੀ ਹੈ। ਵਜੂਦ=ਸਰੀਰ। ਮਸਨਦੇ=ਸਿੰਘਾਸਨ। ਬੁਲਹ ਵਸੇ=ਲੋਭੀ ਪੁਰਸ਼। ਬਸੂਇ ਓ=ਉਸਦੇ ਵਲ। ਬੁਰੱਦ=ਜਾ ਸਕਦਾ। ਤਅੱਲਕ= ਸੰਬੰਧ। ਬਸਰੇ=ਸਿਰ ਦੇ ਨਾਲ। ਮਰਦਾਨ=ਮਰਦਾਂ, ਸੰਤਾਂ।}

*ਅਰਥ*—ਤੇਰੀਆਂ ਇਹ ਅੱਖਾਂ ਉਸ ਪ੍ਰੀਤਮ ਦੀ ਬੈਠਕ ਹਨ। ਇਹ ਸਰੀਰ ਤਖਤ ਜਾਂ ਸਿੰਘਾਸਨ ਬਾਦਸ਼ਾਹ ਦਾ ਹੈ। ਹਰ ਇਕ ਲੋਭੀ ਉਸ ਦੇ ਰਾਹ ਵਲ ਨਹੀਂ ਜਾ ਸਕਦਾ। ਇਹ ਰਾਹ ਦਾ ਸਬੰਧ ਮਰਦਾਂ ਦੇ ਸਿਰ ਨਾਲ ਹੈ।

### ਪੰਜਾਬੀ ਉਲਥਾ-

ਬਣੀਆਂ ਬੈਠਕਾਂ ਤੇਰੀਆਂ ਅੱਖਾਂ ਉਸ ਪ੍ਰੀਤਮ ਦੇ ਵਸਨ ਨੂੰ।
ਤੇਰਾ ਇਹ ਸਰੀਰ ਸਿੰਘਾਸਨ, ਉਸ ਬਾਦਸ਼ਾਹ ਰੰਗ ਰਸਨ ਨੂੰ।
ਧਨ ਦਾ ਲੋਭੀ ਉਸਦੇ ਰਾਹ ਵਲ, ਹਰਗਿਜ਼ ਨਾਹੀਂ ਜਾਂਦਾ,
ਮਰਦ ਸੰਬੰਧ ਰਾਹ ਇਸ ਹੋਯਾ, ਸਦਕੇ ਕਰ ਸਿਰ ਦਸਨ ਨੂੰ।

SIKHBOOKCLUB.COM

(੪)

**ਹਰ ਦਿਲ ਕਿ ਬਰਾਹਿ ਰਾਸਿਤ ਜਾਨਾਂ ਸ਼ੁਦਹ ਅਸਤ।**
**ਤਹਿਕੀਕ ਬਿਦਾਂ ਕਿ ਓ ਜਾਨਾਂ ਸ਼ੁਦਹ ਅਸਤ।**
**ਯਕ ਜ਼ੱਰਾ ਜ਼ਿ ਫ਼ੈਜ਼ਿ ਰਹਿਮਤਸ਼ ਖਾਲੀ ਨੇਸਤ,**
**ਨਕੱਸ ਦਰੂਨਿ ਨਕਸ਼ ਪਿਨਹਾਂ ਸ਼ੁਦਹ ਅਸਤ।**

{ਬਰਾਹਿ=ਰਾਹ ਉਤੇ। ਰਾਸਿਤ=ਸਿੱਧਾ। ਸ਼ੁਦਹ ਅਸਤ=ਹੋ ਗਿਆ ਹੈ। ਤਹਿਕੀਕ= ਨਿਸਚੇ, ਠੀਕ। ਬਿਦਾਂ=ਜਾਣ ਲਵੋ। ਜ਼ੱਰਾ=ਤੀਲਾ, ਤਿਣਕਾ। ਫ਼ੈਜ਼ਿ= ਬਖਸ਼ਸ਼ ਭਰੀ। ਨਕੱਸ=ਚਿਤਰਕਾਰ, ਮੁਸੱਵਰ। ਦਰੂਨਿ=ਵਿਚ। ਨਕਸ਼=ਚਿਤ੍ਰਕਾਰੀ। ਪਿਨਹਾਂ= ਲੁਕਿਆ ਹੋਇਆ।}

*ਅਰਥ*—ਹਰ ਇਕ ਦਿਲ, ਜੋ ਪਿਆਰੇ ਦੇ ਰਾਹ ਉਤੇ ਸਿੱਧਾ ਹੋ ਗਿਆ ਹੈ। ਨਿਸਚੇ ਹੀ ਸਚ ਜਾਣੋ, ਜੋ ਉਹ ਆਪ ਹੀ ਪ੍ਰੀਤਮ ਦਾ ਰੂਪ ਹੋ ਗਿਆ ਹੈ। (ਕਿਉਂ) ਜੋ ਇਕ ਤਿਣਕਾ ਭੀ ਉਸ ਦੀ ਬਖਸ਼ਸ਼ ਭਰੀ ਰਹਿਮਤ ਤੋਂ ਖਾਲੀ ਨਹੀਂ ਹੈ। ਚਿਤ੍ਰਕਾਰ, ਚਿਤ੍ਰਕਾਰੀ ਦੇ ਵਿਚ ਹੀ ਲੁਕਿਆ ਹੋਇਆ ਹੈ।


Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਉਲਥਾ-

ਹਰ ਇਕ ਦਿਲ ਜੋ ਸਿਧਾ ਹੋਇਆ, ਰਾਹ ਮਿਤ੍ਰ ਪਿਆਰੇ ਵਲੇ।
ਸੱਚ ਜਾਣੋ ਉਹ ਮਾਹੀ ਹੋਇਆ, ਰਹੀ ਨਾ ਦੂਜੀ ਗਲੇ।
ਬਖਸ਼ਸ਼ ਭਰੀ ਰਹਿਮਤ ਉਸ ਦੀ ਤੋਂ, ਜ਼ਰੱਾ ਇਕ ਨਾ ਖ਼ਾਲੀ,
ਚਿਤ੍ਰਕਾਰ ਚਿਤ੍ਰਕਾਰੀ ਦੇ ਵਿਚ, ਲੁਕਿਆ ਪੁਰਖ ਅਕਲੇ।

(੫)

**ਈਂ ਆਮਦੋ ਰਫ਼ਤ ਜੁਜ਼ ਦਮੇ ਬੇਸ਼ ਨਬੂਦ।**
**ਹਰ ਜਾ ਕਿ ਨਜ਼ਰ ਕੁਨੇਮ ਜੁਜ਼ ਖੇਸ ਨਬੂਦ।**
**ਮਨ ਜਾਨਬੇ ਗ਼ੈਰੇ ਹਕ ਨਿਗਾਹੇ ਨ ਕੁਨਮ,**
**ਚੂੰ ਗ਼ੈਰੇ ਤੋ ਹੇਚ ਕਸ ਪਸੋ ਪੇਸ਼ ਨੰ ਬੂਦ।**

{ਆਮਦੋ ਰਫ਼ਤ=ਆਉਣਾ, ਜਾਣਾ (ਜੰਮਣਾ ਮਰਨਾ)। ਜੁਜ਼=ਬਿਨਾਂ। ਦਮੇ= ਸਵਾਸ, ਸਾਹ। ਬੇਸ਼=ਵਾਧੂ, ਵਧੀਕ। ਨਬੂਦ=ਨਹੀਂ ਹੈ। ਹਰ ਜਾ=ਸਭ ਜਗ੍ਹਾਂ। ਕੁਨੇਮ=ਕਰਦਾ ਹਾਂ, ਮੈਂ। ਜੁਜ਼ ਖੇਸ਼=ਆਪਣੇ ਤੋਂ ਬਿਨਾਂ। ਮਨ=ਮੈਂ। ਜਾਨਬੇ=ਤਰਫ, ਵਲ। ਗੈਰੇ ਹੱਕ=ਵਾਹਿਗੁਰੂ ਤੋਂ ਬਿਨਾਂ। ਚੂੰ=ਕਿਉਂਕਿ। ਹੇਚ ਕਸ=ਕੋਈ ਆਦਮੀ। ਪਸੋ=ਪਿਛੇ। ਪੇਸ਼=ਅਗੇ।}

*ਅਰਥ*—ਇਹ ਆਉਣਾ ਜਾਣਾ, ਸਵਾਸ ਤੋਂ ਬਿਨਾਂ (ਹੋਰ) ਵਧੀਕ ਨਹੀਂ ਹੈ। ਹਰ ਥਾਂ ਤੇ ਜੋ ਮੈਂ ਨਜ਼ਰ ਕਰਦਾ ਹਾਂ, ਆਪਣੇ ਤੋਂ ਬਿਨਾਂ ਕੁਝ ਭੀ ਨਹੀਂ। ਮੈਂ ਵਾਹਿਗੁਰੂ ਤੋਂ ਬਗੈਰ ਹੋਰ ਕਿਸੇ ਵਲ ਨਜ਼ਰ ਨਹੀਂ ਕਰਦਾ, ਕਿਉਂਕਿ ਤੇਰੇ ਤੋਂ ਬਗੈਰ ਹੋਰ ਕੋਈ ਆਦਮੀ ਅਗੇ ਪਿਛੇ ਨਹੀਂ ਹੈ।

## ਪੰਜਾਬੀ ਉਲਥਾ-

ਇਥੇ ਆਉਣਾ ਇਥੋਂ ਜਾਣਾ, ਬਿਨ ਸ੍ਵਾਸੋਂ ਨਹੀਂ ਵਸਦਾ ਹੈ।
ਜਿਤ ਕਿਤ ਥਾਂ ਤੇ ਨਜ਼ਰ ਹਾਂ ਕਰਦਾ, ਬਿਨ ਆਪਣੇ ਕੋਈ ਨ ਵਸਦਾ ਹੈ।
ਸਚੇ ਵਾਹਿਗੁਰੂ ਬਿਨ ਤੇਰੇ, ਹੋਰ ਵਲ ਨਜ਼ਰ ਨਾ ਕਰਦਾ,
ਕਿਉਂਕਿ ਬਿਨ ਤੇਰੇ ਕੋਈ ਹੋਰ ਨ ਬੰਦਾ, ਅਗੇ ਪਿਛੇ ਦਿਸਦਾ ਹੈ।


Sri Satguru Jagjit Singh Ji eLibrary NamdhariElibrary@gmail.com

(੬)

**ਹਰ ਬੰਦਹ ਕਿ ਤਾਲਬੇ ਮੌਲਾ ਬਾਸ਼ਦ।**
**ਦਰ ਹਰ ਦੋ ਜਹਾਂ ਰੁਤਬਹ ਅਸ਼ ਔਲਾ ਬਾਸ਼ਦ।**
**ਗੋਯਾ ਦੋ ਜਹਾਂ ਰਾ ਬ ਜਵੇ ਨ ਸਿਤਾਨਦ,**
**ਮਜਨੂਏ ਤੋਕੈ ਆਸ਼ਕੋ ਲੈਲਾ ਬਾਸ਼ਦ।**

{ਤਾਲਬੇ=ਚਾਹੁਣ ਵਾਲਾ। ਮੌਲਾ=ਵਾਹਿਗੁਰੂ। ਬਾਸ਼ਦ=ਹੋਇਆ ਹੈ। ਦੋ ਜਹਾਂ= ਦੋਹਾਂ ਲੋਕਾਂ। ਰੁਤਬਹ=ਦਰਜਾ, ਔਹੁਦਾ। ਅਸ਼=ਹੈ। ਔਲਾ=ਉੱਚਾ ਵੱਡਾ। ਬ ਜਵੇ=ਜੌ ਨਾਲ। ਸਿਤਾਨਦ=ਲੈਂਦਾ ਨਹੀਂ ਹੈ।}

*ਅਰਥ*—ਹਰ ਇਕ ਉਹ ਬੰਦਾ ਜੋ ਵਾਹਿਗੁਰੂ ਨੂੰ ਮਿਲਣ ਦੀ ਇੱਛਾ ਵਾਲਾ ਹੋਇਆ ਹੈ। ਦੋਹਾਂ ਲੋਕਾਂ ਵਿਚ ਉਸ ਦਾ ਦਰਜਾ ਸਭਨਾਂ ਨਾਲੋਂ ਉੱਚਾ ਹੋਇਆ ਹੈ। ਹੇ ਨੰਦ ਲਾਲ ! ਉਹ ਪੁਰਸ਼ ਦੋਹਾਂ ਲੋਕਾਂ ਨੂੰ ਇਕ ਜੌਂ ਨਾਲ (ਭੀ ਮੁਲ) ਨਹੀਂ ਲੈਂਦਾ ਜੋ ਤੇਰਾ ਮਜਨੂੰ ਹੈ, ਉਹ ਲੈਲਾ ਦਾ ਆਸ਼ਕ ਕਿਵੇਂ ਹੁੰਦਾ ਹੈ?

SIKHBOOKCLUB.COM

**ਪੰਜਾਬੀ ਉਲਥਾ–**

ਵਾਹਿਗੁਰੂ ਦੇ ਮਿਲਣ ਦੀ ਇੱਛਾ, ਜਿਸ ਬੰਦੇ ਨੂੰ ਹੋਈ ਏ।
ਮਿਲੀ ਵਡਾਈ ਦੋਹੁੰ ਲੋਕਾਂ ਦੀ, ਦਰਜਾ ਉਚਾ ਸੋਈ ਏ।
ਦੋਹੁੰ ਲੋਕਾਂ ਦੇ ਸੁਖ ਪਦਾਰਥ, ਇਕ ਜੌਂ ਤੋਂ ਮੁਲ ਨਾ ਲੈਂਦਾ ਉਹ,
ਜੋ ਹੈ ਤੇਰਾ ਮਜਨੂੰ ਹੋਇਆ, ਦਰ ਲੈਲਾਂ ਲਹੇ ਨ ਢੋਈ ਏ।

(੭)

**ਦਰ ਦਹਰ ਕਿ ਮਰਦਾਨੇ ਖ਼ੁਦਾ ਆਮਦਹ ਅੰਦ।**
**ਬਰ ਗ਼ੁਮ ਸ਼ੁਦ ਗਾਂ ਰਹਿਨੁਮਾ ਆਮਦਹ ਅੰਦ।**
**ਗੋਯਾ ਅਗਰ ਈਂ ਚਸ਼ਮੇ ਤੋ ਮੁਸ਼ਤਾਕਿ ਅਸਤ,**
**ਮਰਦਾਨੇ ਖ਼ੁਦਾ ਖ਼ੁਦਾ ਨੁਮਾ ਆਮਦਹ ਅੰਦ।**

{ਦਹਿਰ=ਪ੍ਰਵਾਹ ਰੂਪ ਜਗਤ। ਮਰਦਾਨੇ ਖ਼ੁਦਾ=ਰੱਬ ਦੇ ਮਰਦ, ਮਹਾਤਮਾ ਜਨ।



Sri Satguru Jagjit Singh Ji eLibrary NamdhariElibrary@gmail.com

ਆਮਦਹ ਅੰਦ=ਆਏ ਹਨ। ਗ਼ੁਮ ਸ਼ੁਦ ਗਾਂ=ਰਾਹ ਤੋਂ ਭੁਲੇ ਹੋਇਆਂ। ਰਹਿਨੁਮਾ=ਰਸਤਾ ਵਿਖਾਉਣ ਜਾਂ ਦਸਣ ਲਈ। ਮੁਸ਼ਤਾਕਿ=ਚਾਹਵੰਦ। ਖ਼ੁਦਾ ਨੁਮਾ=ਰੱਬ ਦੀ ਸ਼ਕਲ ਵਰਗੇ।}

*ਅਰਥ*—ਇਸ ਜਗਤ ਵਿਚ ਜੋ ਰੱਬ ਦੇ ਬੰਦੇ ਮਹਾਤਮਾ ਜਨ ਆਏ ਹਨ। ਉਹ ਰਾਹ ਤੋਂ ਭੁਲੇ ਹੋਏ ਜੀਵਾਂ ਨੂੰ (ਸਿੱਧਾ) ਰਸਤਾ ਵਿਖਾਉਣ ਲਈ ਆਏ ਹਨ। ਹੇ ਨੰਦ ਲਾਲ! ਜੇਕਰ ਤੇਰੀਆਂ ਇਹ ਅੱਖਾਂ (ਰੱਬ ਨੂੰ ਵੇਖਣ ਦੀ) ਇੱਛਾ ਵਾਲੀਆਂ ਹਨ (ਤਾਂ ਏਹ ਜਾਣ ਲੈ ਜੋ) ਮਹਾਤਮਾ ਪੁਰਸ਼ ਰੱਬ ਦਾ ਹੀ ਰੂਪ ਹੋ ਕੇ ਆਏ ਹਨ।

### ਪੰਜਾਬੀ ਉਲਥਾ-

ਪਰਉਪਕਾਰੀ ਗੁਰਮੁਖ ਬੰਦੇ, ਜੋ ਜਗ ਅੰਦਰ ਆਏ ਹਨ।
ਭੁਲੇ ਹੋਏ ਜੀਵ ਉਹਨਾਂ ਨੇ, ਸਿਧੇ ਰਸਤੇ ਪਾਏ ਹਨ।
ਨੰਦ ਲਾਲ ਜੇ ਤੇਰੀਆਂ ਅੱਖਾਂ, ਰੱਬ ਦਰਸ਼ਨ ਮੁਸ਼ਤਾਕ ਹੋਈਆਂ,
ਸੰਤ ਅਨੰਤ ਵਿਚ ਭੇਦ ਨਾ ਕੋਈ, ਰੱਬ ਰੂਪ ਹੋ ਆਏ ਹਨ।

SIKHBOOKCLUB.COM

(੮)

**ਦਰ ਮਜ਼ਹਬੇ ਮਾ ਗ਼ੈਰ ਪਰਸਤੀ ਨ ਕੁਨੰਦ।**
**ਸਰ ਤਾ ਬ ਕੁਦਨ ਬਹੋਸ਼ ਮਸਤੀ ਨ ਕੁਨੰਦ।**
**ਗਾਫ਼ਲ ਨ ਸ਼ਵੰਦ ਯਕ ਦਮ ਅਜ਼ ਯਾਦੇ ਖ਼ੁਦਾ,**
**ਦੀਗਰ ਸੁਖਨ ਅਜ਼ ਬੁਲੰਦ ਪ੍ਰਸਤੀ ਨ ਕੁਨੰਦ।**

{ਗ਼ੈਰ=ਦੂਜੇ ਦੀ। ਪਰਸਤੀ=ਪੂਜਾ, ਭਗਤੀ ਉਪਾਸ਼ਨਾ। ਕੁਨੰਦ=ਕੀਤੀ ਜਾਂਦੀ। ਬਹੋਸ਼=ਸਾਵਧਾਨ, ਖਬਰਦਾਰ। ਸ਼ਵੰਦ=ਹੁੰਦੇ। ਸੁਖਨ=ਬਚਨ। ਬੁਲੰਦ=ਉਚੀ। ਪਸਤੀ=ਨੀਵੀਂ।}

*ਅਰਥ*—ਸਾਡੇ ਧਰਮ (ਮਜ਼ਹਬ) ਵਿਚ ਕਿਸੇ ਦੂਜੇ ਦੀ ਪੂਜਾ ਨਹੀਂ ਕੀਤੀ ਜਾਂਦੀ। ਸਿਰ ਤੋਂ ਲੈ ਕੇ ਪੈਰਾਂ ਤਕ ਬੇਹੋਸ਼ ਹੋ ਕੇ ਭੀ ਮਸਤੀ ਨਹੀਂ ਕੀਤੀ ਜਾਂਦੀ। ਵਾਹਿਗੁਰੂ ਦੀ ਯਾਦ ਵਲੋਂ ਇਕ ਸਵਾਸ ਭੀ ਗਾਫ਼ਲ ਨਹੀਂ ਹੁੰਦੇ। ਦੂਜੀ ਕੋਈ ਗਲ ਉਚੀ ਨੀਵੀਂ ਨਹੀਂ ਕੀਤੀ ਜਾਂਦੀ।



Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਉਲਥਾ–

ਸਾਡੇ ਪ੍ਰੇਮ ਪੰਥ ਦੇ ਅੰਦਰ, ਹੋਰ ਦੀ ਪੂਜਾ ਹੁੰਦੀ ਨਾ।
ਸਿਰ ਪਗ ਤਕ ਮਦ ਮਸਤ ਭਏ ਹਾਂ, ਤਾਂ ਭੀ ਮਸਤੀ ਹੁੰਦੀ ਨਾ।
ਵਾਹਿਗੁਰੂ ਦੇ ਸਿਮਰਨ ਵਲੋਂ, ਇਕ ਸਵਾਸ ਭੀ ਬਿਰਥਾ ਨਾ ਜਾਵੇ,
ਦੂਜੀ ਗੱਲ ਕੋਈ ਉਚੀ ਨੀਵੀਂ, ਕਦੇ ਭੀ ਸਾਥੋਂ ਹੁੰਦੀ ਨਾ।

(੯)

**ਯਕ ਜ਼ੱਰਹ ਅਗਰ ਸ਼ੌਕੇ ਇਲਾਹੀ ਬਾਸ਼ਦ।**
**ਬਿਹਤਰ ਜ਼ਿ ਹਜ਼ਾਰ ਬਾਦਸ਼ਾਹੀ ਬਾਸ਼ਦ।**
**ਗੋਯਾਸਤ ਗ਼ੁਲਾਮੇ ਮੁਰਦੇ ਖ਼ੇਸ਼,**
**ਈਂ ਖ਼ਤ ਨਾ ਮੁਹਤਾਜੇ ਗਵਾਹੀ ਬਾਸ਼ਦ।**

{ਜ਼ੱਰਹ=ਤਿਣਕਾ, ਕੱਖ। ਬਾਸ਼ਦ=ਹੋ ਜਾਵੇ। ਬਿਹਤਰ=ਚੰਗਾ। ਗੋਯਾਸਤ=ਨੰਦ ਲਾਲ ਹੈ। ਮੁਰਸ਼ਦੇ=ਗੁਰੂ। ਖ਼ੇਸ਼ ਆਪਣੇ। ਖ਼ਤ=ਲਿਖਤ।}

*ਅਰਥ*—ਜੇਕਰ ਇਕ ਕੱਖ ਜਿੰਨਾਂ ਭੀ ਰੱਬ ਦਾ ਸ਼ੌਕ ਹੋ ਜਾਵੇ। (ਤਾਂ ਉਹ) ਹਜ਼ਾਰ ਬਾਦਸ਼ਾਹੀ ਨਾਲੋਂ ਭੀ ਚੰਗਾ ਹੋਵੇਗਾ। ਨੰਦ ਲਾਲ ਆਪਣੇ ਸਤਿਗੁਰੂ ਦਾ ਗੁਲਾਮ ਹੈ। ਇਹ ਲਿਖਤ ਕਿਸੇ ਦੀ ਗਵਾਹੀ ਦੀ ਮੁਥਾਜ ਨਹੀਂ ਹੈ।

## ਪੰਜਾਬੀ ਉਲਥਾ–

ਇਕ ਕੱਖ ਜਿੰਨਾ ਪ੍ਰੇਮ ਪ੍ਰਭੂ ਦਾ, ਦਿਲ ਦੇ ਅੰਦਰ ਹੋ ਜਾਵੇ।
ਦੌਲਤ ਲਖ ਬਾਦਸ਼ਾਹੀ ਨਾਲੋਂ, ਸੌ ਗੁਣ ਚੰਗਾ ਹੋ ਜਾਵੇ।
ਨੰਦ ਲਾਲ ਆਪਣੇ ਸਤਿਗੁਰੂ ਦਾ, ਮੁਲ-ਖਰੀਦੀ ਗੋਲਾ ਹੈ,
ਲਿਖਿਆ ਲੇਖ ਬਿਧਾਤੇ ਐਸਾ, ਨ ਲੋੜ ਗਵਾਹੀ ਹੋ ਜਾਵੇ।



Sri Satguru Jagjit Singh Ji eLibrary NamdhariElibrary@gmail.com

(੧੦)

ਹਰ ਕਸ ਬ ਜਹਾਂ ਨਸ਼ਤੋ ਨੁਮਾ ਮੇ ਖ਼ਾਹਦ।
ਅਸ਼ਪੋ ਸ਼ੁਤਰੋ ਫ਼ੀਲੋ ਤਿਲਾ ਮੇ ਖ਼ਾਹਦ।
ਹਰ ਕਸ ਜ਼ਿ ਬਰਾਏ ਖ਼ੇਸ਼ ਚੀਜ਼ੇ ਖ਼ਾਹਦ,
ਗੋਯਾ ਜ਼ਿ ਖ਼ੁਦਾ ਯਾਦੇ ਖ਼ੁਦਾ ਮੇ ਖ਼ਾਹਦ।

{ਹਰ ਕਸ=ਹਰ ਕੋਈ ਆਦਮੀ। ਜਹਾਂ=ਜਗਤ। ਨਸ਼ਤੋ ਨੁਮਾ=ਵਧਣਾ ਫੁਲਣਾ। ਮੇ ਖ਼ਾਹਦ=ਚਾਹੁੰਦਾ ਹੈ। ਅਸ਼ਪੋ=ਘੋੜੇ ਤੇ। ਸ਼ੁਤਰੋ=ਊਠ ਤੇ। ਫੀਲੋ=ਹਾਥੀ ਤੇ। ਤਿਲਾ=ਸੋਨਾ। ਬਰਾਏ ਖ਼ੇਸ਼=ਆਪਣੇ ਵਾਸਤੇ। ਜ਼ਿ ਖੁਦਾ=ਖੁਦਾ ਪਾਸੋਂ।}

*ਅਰਥ*—ਹਰ ਕੋਈ ਆਦਮੀ ਜਗਤ (ਦੇ ਪਦਾਰਥਾਂ) ਨਾਲ ਵਧਣਾ ਫੁਲਣਾ ਚਾਹੁੰਦਾ ਹੈ। ਘੋੜੇ ਤੇ ਉਠ, ਹਾਥੀ ਤੇ ਸੋਨਾ ਚਾਹੁੰਦਾ ਹੈ। ਹਰ ਇਕ ਆਦਮੀ ਰੱਬ ਪਾਸੋਂ ਆਪਣੇ ਲਈ ਇਹੋ ਜਹੀਆਂ ਚੀਜ਼ਾਂ ਚਾਹੁੰਦਾ ਹੈ, ਪਰ ਨੰਦ ਲਾਲ ਰੱਬ ਪਾਸੋਂ ਰੱਬ ਦਾ ਸਿਮਰਨ ਹੀ ਚਾਹੁੰਦਾ ਹੈ।

SIKHBOOKCLUB.COM

**ਪੰਜਾਬੀ ਉਲਥਾ–**

ਦੁਨੀਆਂ ਦੀ ਵਡਿਆਈ ਬੰਦਾ, ਜਿਹੜਾ ਜਗ ਵਿਚ ਚਾਹੁੰਦਾ ਏ।
ਹਾਥੀ ਘੋੜੇ ਊਠ ਤੇ ਸੋਨਾ, ਸਾਜ ਕਚਾਵੇ ਚਾਹੁੰਦਾ ਏ।
ਹਰ ਕੋਈ ਬੰਦਾ ਆਪਣੀ ਖਾਤਰ, ਮੰਗਦਾ ਸੁੰਦਰ ਵਸਤਾਂ ਨੂੰ,
ਨੰਦ ਲਾਲ ਪਰ ਰੱਬ ਦੇ ਪਾਸੋਂ, ਯਾਦ ਰੱਬ ਦੀ ਚਾਹੁੰਦਾ ਏ।

(੧੧)

ਪੁਰ ਗਸ਼ਤਹ ਜ਼ਿ ਸਰ ਤਾ ਬਕਦਮ ਨੂਰ-ਉਲ-ਨੂਰ।
ਆਈਨਹੇ ਕਿ ਦਰ ਵੈ ਨ ਬਵਦ ਹੇਚ ਕਸੂਰ।
ਤਹਿਕੀਕ ਬਿਦਾਂ ਜ਼ਿ ਗਾਫ਼ਿਲਾਂ ਦੂਰ ਬਵਦ,
ਓ ਦਰ ਦਿਲਿ ਆਰਫ਼ਾਨਿ ਖੁਦ ਕਰਦਹ ਜ਼ਹੂਰ।

{ਪੁਰ ਗਸ਼ਤਹ=ਭਰ ਗਿਆ। ਜ਼ਿ=ਤੋਂ। ਤਾ=ਤਕ। ਨੂਰ-ਉਲ-ਨੂਰ=ਨੂਰ ਵਾਲੇ ਦਾ ਨੂਰ। ਆਈਨਹੇ=ਦਰਪਣ, ਚੇਹਰਾ ਵਿਖਾਉਣ ਵਾਲਾ ਸ਼ੀਸ਼ਾ। ਬਵਦ=ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਕਸੂਰ=ਨੁਕਸ। ਤਹਿਕੀਕ=ਸੱਚ। ਬਿਦਾ=ਜਾਣੇ। ਆਰਫ਼ਾਨਿ=ਗਿਆਨਵਾਨਾਂ, ਨਾਮ ਰਸੀਆਂ। ਜ਼ਹੂਰ=ਪ੍ਰਕਾਸ਼।}

*ਅਰਥ*—ਸਿਰ ਤੋਂ ਲੈ ਕੇ ਪੈਰਾਂ ਤਕ (ਸਰੀਰ ਵਿਚ) ਨੂਰੀ ਦਾ ਨੂਰ ਭਰਿਆ ਹੋਇਆ ਹੈ। (ਮਨੁੱਖ ਦੇਹ ਉਸ ਨੂੰ ਵਿਖਾਉਣ ਵਾਲਾ) ਸ਼ੀਸ਼ਾ ਹੈ, ਜਿਸ ਵਿਚ ਕੁਝ ਭੀ ਨੁਕਸ ਨਹੀਂ ਹੈ। ਸਚ ਜਾਣੋ ਕਿ ਉਹ ਗਾਫ਼ਲਾਂ ਤੋਂ ਦੂਰ ਰਹਿੰਦਾ ਹੈ। ਨਾਮ ਰਸੀਏ ਗਿਆਨਵਾਨਾਂ ਦੇ ਦਿਲ ਵਿਚ ਉਹ ਆਪਣਾ ਪ੍ਰਕਾਸ਼ ਕਰਦਾ ਹੈ।

### ਪੰਜਾਬੀ ਉਲਥਾ-

ਸਿਰ ਤੋਂ ਲੈ ਪੈਰਾਂ ਤਕ ਦੇਹ ਵਿਚ, ਭਰਿਆ ਨੂਰੋ ਨੂਰ ਹੋਯਾ।
ਸ਼ੀਸ਼ਾ ਜਗਤ ਦੇ ਅੰਦਰ ਤਕੋ, ਜਿਸ ਵਿਚ ਨਹੀਂ ਕਸੂਰ ਹੋਯਾ।
ਸੱਚ ਜਾਣੋ ਪਰ ਗਾਫ਼ਲ ਬੰਦਾ, ਰੱਬ ਤੋਂ ਰਹਿੰਦਾ ਦੂਰ ਸਦਾ,
ਰਸੀਏ ਨਾਮ ਗਿਆਨੀ ਦੇ ਦਿਲ, ਪ੍ਰਭੂ ਮੇਰਾ ਭਰਪੂਰ ਹੋਯਾ।

### (੧੨)

**ਈਂ ਉਮਰ ਗਿਰਾਂ ਮਾਯਾ ਕਿ ਬਰਬਾਦ ਸ਼ਵਦ।**
**ਈਂ ਖਾਨਾ ਏ ਵੀਰਾਂ ਬ ਚਿਹ ਆਬਾਦ ਸ਼ਵਦ।**
**ਤਾ ਮੁਰਸ਼ਿਦਿ ਕਾਮਿਲ ਨ ਦਿਹਦ ਦਸਿਤ ਬ ਹਮ,**
**ਗੋਯਾ ਦਿਲਿ ਗ਼ਮਗੀਨ ਤੁ ਚੂੰ ਸ਼ਾਦ ਸ਼ਵਦ।**

{ਗਿਰਾ ਮਾਯਾ=ਅਮੋਲਕ। ਬਰਬਾਦ=ਤਬਾਹ। ਸ਼ਵਦ=ਹੋ ਗਈ। ਖਾਨਾ=ਘਰ। ਵੀਰਾਂ=ਵੀਰਾਨ, ਉਜੜਿਆ ਹੋਇਆ। ਚਿਹ=ਕਿਸ ਤਰ੍ਹਾਂ। ਮੁਰਸ਼ਿਦਿ ਕਾਮਿਲ=ਸਤਿਗੁਰੂ ਪੂਰਾ। ਦਿਹਦ=ਦੇਂਦਾ, ਰਖਦਾ। ਦਸਿਤ=ਹੱਥ। ਗ਼ਮਗੀਨ=ਗ਼ਮਾਂ ਦਾ ਭਰਿਆ ਹੋਇਆ, ਦੁਖਾਂ ਦਾ ਮਾਰਿਆ ਹੋਇਆ। ਸ਼ਾਦ=ਖੁਸ਼।}

*ਅਰਥ*—ਇਹ ਅਮੋਲਕ ਉਮਰਾ ਜੋ ਬਰਬਾਦ ਹੋ ਗਈ ਹੈ। ਇਹ ਉਜੜ ਚੁਕਾ ਏ ਘਰ ਕਿਸ ਤਰ੍ਹਾਂ ਆਬਾਦ ਹੋਵੇਗਾ? ਜਦ ਤਕ ਪੂਰਾ ਸਤਿਗੁਰੂ (ਸਿਰ ਤੇ) ਹੱਥ ਨਾ ਰਖ ਦੇਵੇ। ਨੰਦ ਲਾਲ ! ਤੇਰਾ ਗਮਾਂ ਦਾ ਮਾਰਿਆ ਹੋਇਆ ਦਿਲ ਤਦ ਤਕ ਕਿਵੇਂ ਖੁਸ਼ ਹੋਵੇਗਾ।

### ਪੰਜਾਬੀ ਉਲਥਾ-

ਮਾਨੁਖ ਜਨਮ ਅਮੋਲਕ ਉਮਰਾ, ਐਵੇਂ ਹੀ ਬਰਬਾਦ ਹੋਈ।
ਸੋਹਣਾ ਮੰਦਰ ਹੋਇਆ ਖੋਲਾ, ਫਿਰ ਹੁਣ ਕਿਵੇਂ ਅਬਾਦ ਹੋਈ।



Sri Satguru Jagjit Singh Ji eLibrary NamdhariElibrary@gmail.com

ਪੂਰਾ ਸਤਿਗੁਰੁ ਸਿਰ ਮੇਰੇ ਤੇ, ਜਦ ਤਕ ਹੱਥ ਨਾ ਧਰਸੀ,
ਗ਼ਮਾਂ ਦਾ ਕੁਠਾ ਦਿਲ ਗੋਯਾ ਦਾ, ਕੀਕੂੰ ਇਸ ਨੂੰ ਸ਼ਾਦ ਹੋਈ।

(੧੩)

**ਦਿਲੇ ਜ਼ਾਲਮ ਬ ਕਸਦਿ ਕੁਸ਼ਤਨਿ ਮਾਸਤ।**
**ਦਿਲੇ ਮਜ਼ਲੂਮਿ ਮਾ ਬ ਸੂਇ ਖ਼ੁਦਾਸਤ।**
**ਓ ਦਰੀਂ ਫ਼ਿਕਰ ਤਾ ਬਮਾ ਚਿਹ ਕੁਨਦ,**
**ਮਾ ਦਰੀਂ ਫ਼ਿਕਰ ਤਾ ਖ਼ੁਦਾ ਚਿ ਕੁਨਦ।**

{ਬ ਕਸਦਿ=ਇਰਾਦਾ ਕੀਤਾ ਹੈ। ਕੁਸ਼ਤਾਨਿ=ਮਾਰਨ ਦਾ। ਮਾਸਤ=ਸਾਨੂੰ ਹੈ। ਮਜ਼ਲੂਮਿ=ਜਿਸ ਉਤੇ ਜ਼ੁਲਮ ਹੋਇਆ ਹੋਵੇ, ਉਸਨੂੰ 'ਮਜ਼ਲੂਮ' ਕਹਿੰਦੇ ਹਨ। ਮਾ=ਸਾਡਾ। ਬ ਸੂਇ=ਤਰਫ, ਵਲ। ਦਰੀਂ=ਵਿਚ ਇਸ। ਬਮਾ=ਸਾਡੇ ਨਾਲ। ਚਿਹ ਕੀ। ਮਾ ਦਰੀਂ ਫਿਕਰ=ਮੈਂ ਇਸ ਫ਼ਿਕਰ ਵਿਚ ਹਾਂ। ਕੁਨਦ=ਕਰਦਾ ਹਾਂ।}

*ਅਰਥ*—ਜਦ ਤੋਂ ਜ਼ਾਲਮ ਨੇ ਦਿਲ ਨਾਲ ਸਾਨੂੰ ਮਾਰਨ ਦਾ ਇਰਾਦਾ ਕੀਤਾ ਹੈ। (ਤਦ ਤੋਂ ਹੀ) ਸਾਡਾ ਮਜ਼ਲੂਮ ਦਿਲ ਵਾਹਿਗੁਰੂ ਵਲ ਲਗਾ ਹੈ। ਉਹ ਇਸ ਫਿਕਰ ਵਿਚ ਹੈ, ਜੋ ਸਾਡੇ ਨਾਲ ਕੀ ਕਰੇ ? ਮੈਂ ਇਸ ਵਿਚਾਰ ਵਿਚ ਹਾਂ (ਵੇਖੀਏ) ਵਾਹਿਗੁਰੂ ਕੀ ਕਰਦਾ ਹੈ ?

SIKHBOOKCLUB.COM

**ਪੰਜਾਬੀ ਉਲਥਾ–**

ਜ਼ਾਲਮ ਮੈਨੂੰ ਦਿਲ ਆਪਣੇ ਵਿਚ, ਖ਼ਿਆਲ ਮਾਰਨ ਦਾ ਕੀਤਾ।
ਮੇਰੇ ਦਿਲ ਮਜ਼ਲੂਮ ਨੇ ਤਦ ਤੋਂ, ਤਕਵਾ ਪ੍ਰਭ ਦਾ ਲੀਤਾ।
ਵੈਰੀ ਚਾਉ ਤਕਾਈ ਬੈਠਾ, ਚਾਹੇ ਚੋਟ ਚਲਾਉਣੀ,
ਮੈਨੂੰ ਏਹ ਭਰੋਸਾ ਦਿਲ ਵਿਚ, ਹੁੰਦਾ ਪ੍ਰਭ ਦਾ ਕੀਤਾ।

(੧੪)

**ਦਰ ਹਾਸਿਲ ਉਮਰ ਆਂ ਚਿ ਮਾ ਯਾਫ਼ਤਾਏਮ।**
**ਦਰ ਹਰ ਦੁ ਜਹਾਂ ਯਾਦਿ ਖ਼ੁਦਾ ਯਾਫ਼ਤਾ ਏਮ।**
**ਈਂ ਹਸਤੀ ਏ ਖੇਸ਼ਤਨ ਬਲਾ ਬੂਦ ਅਜ਼ੀਮ,**
**ਅਜ਼ ਖ਼ੇਸ਼ ਗੁਜ਼ਸ਼ਤੇਮ ਖ਼ੁਦਾ ਯਾਫ਼ਤਾ ਏਮ।**



Sri Satguru Jagjit Singh Ji eLibrary NamdhariElibrary@gmail.com

{ਹਾਸਿਲ=ਪ੍ਰਾਪਤ, ਮਿਲੀ ਹੈ। ਆਂ=ਉਸ। ਯਾਫ਼ਤਾ ਏਮ=ਪਾਇਆ ਹੈ, ਲਭਾ ਹੈ। ਯਾਦਿ ਖ਼ੁਦਾ=ਰੱਬ ਦਾ ਸਿਮਰਨ। ਹਸਤੀ=ਹੋਂਦ। ਖ਼ੇਸ਼ਤਨ=ਆਪਣੀ, ਮਮਤਾ। ਬੂਦ=ਹੋ ਗਈ ਹੈ। ਅਜ਼ੀਮ=ਵਡੀ। ਖ਼ੇਸ਼=ਆਪਣੇ ਆਪ। ਗੁਜ਼ਸ਼ਤੇਮ=ਲੰਘ ਗਿਆ ਹਾਂ ਮੈਂ।}

*ਅਰਥ*—ਜੋ ਉਮਰਾ ਮਿਲੀ ਹੈ, ਉਸ ਵਿਚੋਂ ਅਸਾਂ ਕੀ ਲਭਾ ਹੈ ? ਦੋਹੂੰ ਲੋਕਾਂ ਦੇ ਸਾਰੇ ਪਦਾਰਥਾਂ ਵਿਚੋਂ ਵਾਹਿਗੁਰੂ ਦਾ ਸਿਮਰਨ ਹੀ ਲੱਭਾ ਹੈ। ਜੋ ਮਮਤਾ ਦੀ ਹੋਂਦ ਹੈ, ਇਹ ਵਡੀ ਬਲਾ ਹੋ ਗਈ ਹੈ। ਜੋ ਮੈਂ ਆਪਣੇ ਆਪ ਤੋਂ ਲੰਘ ਗਿਆ ਹਾਂ, (ਇਸ) ਤੋਂ ਵਾਹਿਗੁਰੂ ਨੂੰ ਲਭਾ ਹੈ।

## ਪੰਜਾਬੀ ਉਲਥਾ–

ਉਮਰਾ ਬੀਤ ਗਈ ਜੋ ਸਾਰੀ, ਉਸ ਤੋਂ ਨਫਾ ਕੀ ਪਾਇਆ?
ਪਦਾਰਥ ਦੋਹੂੰ ਲੋਕਾਂ ਦੇ ਵਿਚੋਂ, ਸਿਮਰਨ ਲਾਭ ਉਠਾਇਆ।
ਮਮਤਾ ਹੋਂਦ ਜੁ ਬੈਠੀ ਦਿਲ ਵਿਚ, ਵੱਡੀ ਏਹੋ ਬਲਾ ਹੈ,
ਆਪਣੇ ਆਪ ਤੋਂ ਬੀਤ ਗਿਆ ਜੋ, ਏਹੋ ਵਾਹਿਗੁਰੂ ਪਾਇਆ।

(੧੫)

**ਅਜ਼ ਖ਼ਾਕਿ ਦਰਿ ਤੋ ਤੂਤੀਆ ਯਾਫ਼ਤਾ ਏਮ।**
**ਕਜ਼ ਦੌਲਤਿ ਆਂ ਨਸ਼ਵੋ ਨੁਮਾ ਯਾਫ਼ਤਾਏਮ।**
**ਮਾ ਸਿਜਦਾ ਬਰੂਇ ਗ਼ੈਰਿ ਦੀਗਰ ਨ ਕੁਨੇਮ,**
**ਦਰ ਖਾਨਾ ਏ ਦਿਲ ਨਕਸ਼ਿ ਖ਼ੁਦਾ ਯਾਫ਼ਤਾਏਮ।**

{ਖ਼ਾਕਿ=ਧੂੜੀ ਤੋਂ। ਦਰਿ ਤੋ=ਤੇਰੇ ਦਰ ਦੀ। ਤੂਤੀਆ=ਮਮੀਰਾ। ਯਾਫ਼ਤਾਏਮ=ਪਾਇਆ ਹੈ। ਕਜ਼=(ਕ+ਜ਼) ਜੋ ਕਿ। ਆਂ=ਉਸ। ਨਸ਼ਵੋ ਨੁਮਾ=ਵਧਣਾ ਫੂਲਣਾ, ਦੁਨੀਆ ਦੀ ਵਡਿਆਈ, ਮਰਾਤਬਾ। ਗੈਰਿ ਦੀਗਰ=ਹੋਰ ਕਿਸੇ ਦੂਜੇ। ਖ਼ਾਨਾਏ=ਘਰ। ਨਕਸ਼ਿ=ਤਸਵੀਰ।}

*ਅਰਥ*—ਤੇਰੇ ਦਰ ਦੀ ਧੂੜੀ ਤੋਂ ਅਸਾਂ ਮਮੀਰਾ ਪਾਇਆ ਹੈ। ਉਸੇ ਦੌਲਤ ਤੋਂ (ਅਸਾਂ) ਜਗਤ ਦੀ ਵਡਿਆਈ ਨੂੰ ਪਾਇਆ ਹੈ। ਅਸੀਂ ਹੋਰ ਦੂਜੇ ਦੇ ਅੱਗੇ ਸਿਜਦਾ ਨਹੀਂ ਕਰਦੇ (ਕਿਉਂਕਿ) ਦਿਲ ਦੇ ਘਰ ਵਿਚੋਂ ਹੀ ਖ਼ੁਦਾ ਦੀ ਤਸਵੀਰ ਨੂੰ ਪਾਇਆ ਹੈ।



Sri Satguru Jagjit Singh Ji eLibrary NamdhariElibrary@gmail.com

### ਪੰਜਾਬੀ ਉਲਥਾ-

ਦਰ ਤੇਰੇ ਦੀ ਧੂੜੀ ਸੁਰਮਾ, ਵਿਚ ਅੱਖੀਂ ਦੇ ਪਾਇਆ।
ਅੱਖਾਂ ਅੰਦਰ ਉਸ ਦੀ ਕਿਰਪਾ, ਨੂਰੋ ਨੂਰ ਦਿਸਾਇਆ।
ਮੈਂ ਨਾ ਕਰਦਾ ਸਿਜਦਾ ਹਰਗਿਜ਼, ਦੂਜੇ ਹੋਰ ਕਿਸੇ ਨੂੰ,
ਦਿਲ ਖਾਨੇ ਦੇ ਅੰਦਰੋਂ ਜਦ ਤੋਂ, ਵਾਹਿਗੁਰੂ ਦਰਸ਼ਨ ਪਾਇਆ।

### (੧੬)

**ਗੋਯਾ ਖਬਰ ਅਜ਼ ਯਾਦਿ ਖ਼ੁਦਾ ਯਾਫ਼ਤਾਏਮ।**
**ਈਂ ਜਾਮਿ ਲਬਾ ਲਬ ਅਜ਼ ਕੁਜਾ ਯਾਫ਼ਤਾਏਮ।**
**ਜੁਜ਼ ਤਾਲਿਬਿ ਹਕ ਨਸੀਬਿ ਹਰ ਕਸ ਨ ਬਵਦ,**
**ਕੀਂ ਦੌਲਤਿ ਨਾਯਾਬ ਕਿ ਮਾ ਯਾਫ਼ਤਾਏਮ।**

{ਜਾਮਿ=ਪਿਆਲਾ। ਲਬਾਲਬ=ਨਕੋ ਨਕ ਭਰਿਆ ਹੋਇਆ। ਕੁਜਾ=ਕਿਥੋਂ। ਜੁਜ਼=ਬਿਨਾਂ। ਤਾਲਿਬਿ=ਲੋੜਵੰਦ। ਨਸੀਬਿ=ਭਾਗਾਂ ਵਾਲਾ। ਕੀ=ਜੋ ਕਿ ਇਹ। ਨਾਯਾਬ=ਦੁਰਲੱਭ।}

*ਅਰਥ*—ਨੰਦ ਲਾਲ ਨੇ ਇਹ ਖਬਰ ਵਾਹਿਗੁਰੂ ਦੇ ਸਿਮਰਨ ਤੋਂ ਪਾਈ ਹੈ। ਇਹ ਨਕੋ-ਨਕ ਭਰਿਆ ਹੋਇਆ ਪਿਆਲਾ ਕਿਥੋਂ ਪਾਈਦਾ ਹੈ। ਵਾਹਿਗੁਰੂ ਦੇ ਤਾਲਬ ਤੋਂ ਬਿਨਾਂ ਹਰ ਕੋਈ ਮਨੁਖ ਭਾਗਾਂ ਵਾਲਾ ਨਹੀਂ ਹੁੰਦਾ। ਜਿਹੜੀ ਕਿ ਇਹ ਦੁਰਲੱਭ ਦੌਲਤ ਅਸਾਂ ਪਾਈ ਹੈ।

### ਪੰਜਾਬੀ ਉਲਥਾ-

ਰੱਬ ਦੇ ਸਿਮਰਨ ਵਾਲੀ ਜਦ ਤੋਂ, ਖਬਰ 'ਨੰਦ' ਨੇ ਪਾਈ।
ਭਰਿਆ ਨਕੋ-ਨਕ ਪਿਆਲਾ ਅੰਮ੍ਰਿਤ ਕਿਥੋਂ ਪਾਈ?
ਭਾਗਾਂ ਵਿਚ ਨਾ ਹੋਰ ਕਿਸੇ ਦੇ, ਬਾਝੋਂ ਸੱਚੇ ਪ੍ਰੇਮੀ,
ਇਹ ਦੁਰਲੱਭ ਹੈ ਦੌਲਤ ਭਾਰੀ, ਜੋ ਸਾਡੇ ਹੱਥ ਆਈ।



Sri Satguru Jagjit Singh Ji eLibrary NamdhariElibrary@gmail.com

(੧੭)

ਗੋਯਾ ਤਾ ਕੈ ਦਰੀਂ ਸਰਾਏ ਮਾਦੂਮ।
ਗਾਹੇ ਲਾਜ਼ਿਮ ਸ਼ਵੀ ਓ ਗਾਹੇ ਮਜ਼ਲੂਮ।
ਤਾ ਕੈ ਚੁ ਸਗਾਂ ਬਰ ਉਸਤਖ਼ਾਂ ਜੰਗ ਕੁਨੀ,
ਦੁਨੀਆ ਮਾਲੂਮ ਅਹਿਲਿ ਦੁਨੀਆ ਮਾਲੂਮ।

{ਤਾ ਕੈ=ਕਿੰਨਾ ਚਿਰ ਤਕ। ਸਰਾਏ=ਸਰਾਂ, ਮੁਸਾਫ਼ਰਖਾਨਾ (ਭਾਵ ਇਸ ਦੁਨੀਆਂ)। ਮਾਦੂਮ=ਰਹਿਣਾ ਹੈ। ਗ਼ਾਹੇ=ਕਦੇ। ਲਾਜ਼ਿਮ=ਸ਼ਰਮਿੰਦਾ। (ਵਾ ਜ਼ਾਲਿਮ=ਜ਼ੁਲਮ ਕਰਨ ਵਾਲਾ)। ਮਜ਼ਲੂਮ=ਸ਼ਰਮਿੰਦਾ ਕਰਨ ਵਾਲਾ, (ਵਾ ਮਜ਼ਲੂਮ=ਜ਼ੁਲਮ ਸਹਾਰਨ ਵਾਲਾ)। ਚੁ=ਵਾਂਗੂੰ। ਸਗਾਂ=ਕੁੱਤਿਆਂ। ਬਰ=ਉਤੇ। ਉਸਤਖਾਂ=ਹੱਡੀਆਂ। ਜੰਗ ਕੁਨੀ=ਤੂੰ ਲੜੇਂਗਾ। ਅਹਿਲਿ ਦੁਨੀਆਂ=ਦੁਨੀਆਂ ਵਾਲਿਆਂ ਨੂੰ।}

*ਅਰਥ*—ਨੰਦ ਲਾਲ! ਕਿੰਨਾ ਚਿਰ ਇਸ ਦੁਨੀਆਂ ਵਿਚ ਕਾਇਮ ਰਹੇਂਗਾ? ਕਦੇ ਸ਼ਰਮਿੰਦਾ ਹੁੰਦਾ ਹੈਂ ਅਤੇ ਕਦੇ ਸ਼ਰਮਿੰਦਾ ਕਰਦਾ ਹੈਂ। (ਅਥਵਾ ਕਦੇ ਜ਼ੁਲਮ ਕਰਨ ਵਾਲਾ ਹੁੰਦਾ ਹੈ ਅਤੇ ਕਦੇ ਜ਼ੁਲਮ ਸਹਾਰਨ ਵਾਲਾ ਹੁੰਦਾ ਹੈ)। ਕਿੰਨਾ ਚਿਰ ਕੁੱਤਿਆਂ ਵਾਂਗੂੰ (ਇਨ੍ਹਾਂ ਭੋਗਾਂ ਰੂਪ) ਹੱਡੀਆਂ ਲਈ ਤੂੰ ਲੜਦਾ ਰਹੇਂਗਾ? (ਜਦ ਕਿ) ਦੁਨੀਆਂ ਨੂੰ ਪਤਾ ਹੈ ਅਤੇ ਦੁਨੀਆਂ ਵਾਲਿਆਂ ਨੂੰ ਭੀ ਪਤਾ ਹੈ।

SIKHBOOKCLUB.COM

### ਪੰਜਾਬੀ ਉਲਥਾ–

ਨਾਸਵੰਤ ਇਸ ਦੁਨੀਆਂ ਅੰਦਰ, ਕਦ ਤਕ ਪੈਰ ਜਮਾਵੇਂਗਾ?
ਲੋਕਾਂ ਕਦੇ ਸ਼ਰਮਿੰਦਾ ਕਰਦਾ, ਸ਼ਰਮਿੰਦੀ ਕਦਿ ਉਠਾਵੇਂਗਾ।
ਭੋਗ ਪਦਾਰਥ ਹੱਡੀਆਂ ਉਤੇ, ਕਦ ਤਕ ਕੁੱਤਿਆਂ ਵਾਂਗ ਲੜੇਂ,
ਦੁਨੀਦਾਰਾਂ ਤੇ ਦੁਨੀਆਂ ਜਾਣੇ, ਫਿਰ ਨਾ ਮਨ ਪਛਤਾਵੇਂਗਾ।

(੧੮)

ਗੋਯਾ ਅਗਰ ਆਂ ਜਮਾਲ ਦੀਦਨ ਦਾਰੀ।
ਅਜ਼ ਖ਼ੁਦ ਹਵਸੇ ਮੈਲਿ ਰਮੀਦਨ ਦਾਰੀ।
ਜ਼ੀ ਦੀਦਹ, ਮੰਬੀਂ ਕਿ ਹਿਜਾਬਸਤ ਤੁਰਾ,
ਬੇ ਦੀਦਹ ਬਿ ਬੀਂ ਹਰਾਂ ਚਿ ਦੀਦਨ ਦਾਰੀ।



Sri Satguru Jagjit Singh Ji eLibrary NamdhariElibrary@gmail.com

{ਦੀਦਨ ਦਾਰੀ=ਤੂੰ ਵੇਖਣਾ ਚਾਹੁੰਦਾ ਹੈਂ। ਹਵਸੇ=ਲਾਲਚ। ਰਮੀਦਨ=ਅੰਸਾਂ ਨ। ਦਾਰੀ=ਨਾ ਰਖ। ਦੀਦਹ=ਅੱਖਾਂ। ਜ਼ੀਂ=(ਅਜ਼ੀਂ) ਇਨ੍ਹਾਂ। ਮੰਬੀ=ਨਹੀਂ ਵੇਖਦਾ। ਹਿਜਾਬਸਤ=ਪੜਦਾ ਹੈ। ਬੇ=ਬਿਨਾਂ। ਬਿ ਬੀਂ=ਵੇਖ। ਹਰਾਂ ਚਿ=ਜਿਸ ਨੂੰ ਕਿ।}

*ਅਰਥ*—ਨੰਦ ਲਾਲ ! ਜੇਕਰ ਉਸ ਦਾ ਜਮਾਲ ਵੇਖਣਾ ਚਾਹੁੰਦਾ ਹੈਂ, ਤਾਂ ਆਪਣੇ ਵਿਚ ਲਾਲਚ ਦੀ ਮੈਲ ਦੀ ਅੰਸ਼ ਨੂੰ ਨਾ ਰੱਖ। ਇਹਨਾਂ ਅੱਖਾਂ ਨਾਲ ਨਹੀਂ ਦਿਸਦਾ ਜੋ ਤੇਰੇ ਅੰਦਰ ਲੁਕਿਆ ਹੋਇਆ ਹੈ। ਅੱਖਾਂ ਤੋਂ ਬਿਨਾਂ ਉਸ ਨੂੰ ਵੇਖ, ਜਿਸ ਨੂੰ ਕਿ ਤੂੰ ਵੇਖਣਾ ਚਾਹੁੰਦਾ ਹੈਂ।

### ਪੰਜਾਬੀ ਉਲਥਾ-

ਰੂਪ ਜਮਾਲ ਪ੍ਰੀਤਮ ਜੀ ਦਾ, ਦਰਸ ਤੂੰ ਜੇਕਰ ਲੋੜੇਂ।
ਮੋਹ ਮਾਇਆ ਤੇ ਲੋਭ ਲਾਲਚ ਤੋਂ, ਮਨ ਦੀਆਂ ਵਾਗਾਂ ਮੋੜੇਂ।
ਇਹਨਾਂ ਅੱਖਾਂ ਦੇ ਨਾਲ ਨਾ ਤੱਕੀਂ, ਏਹ ਤੇਰੇ ਚਿ ਪੜਦਾ ਹਨ,
ਅੱਖੀਂ ਬਾਝਹੁ ਦਰਸ਼ਨ ਦਿਸਦਾ, ਜਿ ਗੁਰ ਚਰਨਾਂ ਸੰਗ ਜੋੜੇਂ।

SIKHBOOKCLUB.COM

### (੧੯)

**ਮੌਜੂਦ ਖ਼ੁਦਾਸਤ ਤੋ ਕਿਰਾ ਮੇ ਜੋਈ।**
**ਮਕਸੂਦ ਖ਼ੁਦਾਸਤ ਤੋ ਕੁਜਾ ਮੇ ਪੋਈ।**
**ਈਂ ਦਰ ਦੂ ਜਹਾਂ ਨਿਸ਼ਾਨਿ ਦੌਲਤਿ ਤੁਸਤ,**
**ਯਾਨੇ ਸੁਖ਼ਨ ਅਜ਼ ਜ਼ਬਾਨਿ ਹਕ ਮੇ ਗੋਈ।**

{ਮੌਜੂਦ=ਪ੍ਰਗਟ, ਪ੍ਰਤੱਖ। ਖ਼ੁਦਾ=ਵਾਹਿਗੁਰੂ। ਖ਼ੁਦਾਸਤ=ਵਾਹਿਗੁਰੂ ਹੈ। ਕਿਰਾ=ਕਿਸ ਨੂੰ। ਤੋ=ਤੂੰ। ਮੇ ਜੋਈ=ਢੂੰਡਦਾ ਹੈਂ। ਮਕਸੂਦ=ਹਾਸਲ, ਪ੍ਰਾਪਤ। ਕੁਜਾ=ਕਿਥੇ। ਮੇ ਪੋਈ= ਫਿਰਦਾ ਹੈਂ, (ਜਾਂ) ਦੌੜ ਰਿਹਾ ਹੈਂ। ਤੁਸਤ=ਤੇਰੀ ਹੈ। ਯਾਨੇ=ਅਰਥਾਤ। ਸੁਖ਼ਨ=ਬਚਨ। ਜ਼ਬਾਨਿ=ਜੀਭ ਤੋਂ। ਮੇ ਗੋਈ=ਬੋਲਦਾ ਹੈ।}

*ਅਰਥ*—(ਜਦ ਕਿ) ਖ਼ੁਦਾ ਪ੍ਰਗਟ ਹੈ, ਤਾਂ ਤੂੰ ਕਿਸ ਨੂੰ ਲੱਭ ਰਿਹਾ ਹੈਂ ? (ਜਦ ਕਿ) ਖ਼ੁਦਾ ਪ੍ਰਾਪਤ ਹੈ ਤਾਂ ਤੂੰ ਕਿਸ ਥਾਂ ਤੇ ਫਿਰ ਰਿਹਾ ਹੈਂ ? ਇਹ ਸਾਰੇ ਦੋਵੇਂ ਲੋਕ ਤੇਰੀ ਦੌਲਤ (ਮਾਯਾ) ਦੇ ਨਿਸ਼ਾਨ ਹਨ। ਅਰਥਾਤ ਸਾਡੀ ਜ਼ਬਾਨ ਤੋਂ ਉਹ ਵਾਹਿਗੁਰੂ ਹੀ ਬਚਨ ਬੋਲਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਉਲਥਾ-

ਵਾਹਿਗੁਰੂ ਜਦ ਹਾਜ਼ਰ ਨਾਜ਼ਰ, ਫਿਰ ਤੂੰ ਕਿਥੇ ਲੱਭ ਰਿਹਾ?
ਹਰ ਇਕ ਥਾਂ ਤੇ ਜਦ ਉਹ ਪ੍ਰਾਪਤ, ਫਿਹ ਤੂੰ ਕਿਧਰ ਆਪ ਰਿਹਾ।
ਦੋਹੂੰ ਲੋਕਾਂ ਦੇ ਅੰਦਰ ਤੇਰੇ, ਦੌਲਤ ਭਰੇ ਖਜ਼ਾਨੇ ਹਨ,
ਯਾਨੇ ਆਪ ਉਹ ਜੀਭਾ ਸਾਡੀ ਤੋਂ, ਪਤਾ ਆਪੇ ਹੀ ਦੱਸ ਰਿਹਾ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

# ਫੁਟਕਲ ਬੈਂਤ

**ਮ ਬਰ ਐ ਬਾਦ ਖ਼ਾਕਮ ਅਜ਼ ਦਰਿ ਦੋਸਤ॥**
**ਦੁਸ਼ਮਨਮ ਸਰਜ਼ਿਨਸ ਕੁਨਦ ਕਿ ਹਰ ਜਾਈਸਤ॥**

{ਮ ਬਰ=ਨ ਲਿਆ। ਬਾਦ=ਹਵਾ, ਪਉਣ। ਖ਼ਾਕਮ=ਮੇਰੀ ਮਿੱਟੀ। ਦੁਸ਼ਮਨਮ= ਵੈਰੀ ਮੇਰੇ। ਸਰਜ਼ਿਨਸ=ਮੇਹਣੇ ਮਾਰਦੇ ਹਨ। ਹਰ ਜਾਈਸਤ=ਸਭ ਜਗ੍ਹਾ ਤੇ।}

*ਅਰਥ*—ਹੇ ਹਵਾ! ਮੇਰੀ ਮਿੱਟੀ ਭੀ ਪ੍ਰੀਤਮ ਦੇ ਦਰ ਤੋਂ ਉਡਾ ਕੇ ਨਾ ਲਿਆਓ। ਮੇਰੇ ਵੈਰੀ ਬੋਲੀ ਮਾਰਨਗੇ, (ਕਿ ਇਹ) ਸਭ ਜਗ੍ਹਾ ਤੇ ਪਈ ਫਿਰਦੀ ਹੈ।

ਪੰਜਾਬੀ ਉਲਥਾ-

ਨੀ ਵਾਏ! ਮੇਰੇ ਤਨ ਦੀ ਮਿੱਟੀ, ਯਾਰ ਦੇ ਦਰ ਤੋਂ ਲਿਆਈਂ ਨਾ।
ਦੂਤੀ ਦੁਸ਼ਮਣ ਮੇਹਣੇ ਦੇਸਣ, ਦਰ ਦਰ ਤੇ ਪਈ ਭੌਂਦੀ।

SIKHBOOKCLUB.COM

**ਨੇਸਤ ਗ਼ੈਰ ਅਜ਼ ਯਕ ਸਨਮ ਦਰ ਪਰਦਹੇ ਦੈਰੋ ਹਰਮ॥**
**ਕੈ ਸ਼ਵਦ ਆਤਿਸ਼ ਦੁ ਰੰਗ ਅਜ਼ ਇਖ਼ਤਲਾਫ਼ੇ ਸੰਗਹਾ॥**

{ਨੇਸਤ=ਨਹੀਂ ਹੈ। ਸਨਮ=ਮਾਹੀ, ਪ੍ਰੀਤਮ। ਦੈਰੋ ਹਰਮ=ਮਸੀਤ ਅਤੇ ਮੰਦਰ। ਕੈ=ਕਿਵੇਂ। ਸ਼ਵਦ=ਹੋਵੇਗੀ। ਆਤਿਸ਼=ਅੱਗ। ਇਖ਼ਤਲਾਫ਼ੇ=ਵੱਖੋ-ਵੱਖ। ਸੰਗਹਾ= ਪੱਥਰਾਂ।}

*ਅਰਥ*—ਮੰਦਰ ਤੇ ਮਸੀਤ ਦੇ ਪੜਦੇ ਵਿਚ ਇਕ ਪ੍ਰੀਤਮ (ਵਾਹਿਗੁਰੂ) ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ। ਪੱਥਰਾਂ ਦੇ ਵੱਖੋ-ਵੱਖਰਾ ਹੋਣ ਤੋਂ ਅੱਗ ਦੋਹੁੰ ਰੰਗਾਂ ਦੀ ਕਿਸ ਤਰ੍ਹਾਂ ਹੋ ਸਕੇਗੀ?

ਪੰਜਾਬੀ ਉਲਥਾ-

ਮਸਜਿਦ ਮੰਦਰ ਪੜਦੇ ਅੰਦਰ, ਬਾਝ ਪ੍ਰੀਤਮ ਹੋਰ ਨਹੀਂ।
ਵੱਖ-ਵੱਖ ਦੋ ਪੱਥਰਾਂ ਦੀ ਅੱਗ, ਕਦੇ ਦੋ-ਰੰਗੀ ਹੋਵੇ ਨਾ।

**ਆਸਮਾਂ ਸਿਜਦਹ ਕੁਨਦ ਪੇਸ਼ਿ ਜ਼ਿਮੀਨੋ ਕਿ ਬਰੋ॥**
**ਯਕ ਦੁ ਕਸ ਅਜ਼ ਪੈ ਅਜ਼ਕਾਰਿ ਖ਼ੁਦਾ ਬਿਨਸ਼ੀਨੰਦ॥**



Sri Satguru Jagjit Singh Ji eLibrary NamdhariElibrary@gmail.com

{ਆਸਮਾਂ=ਅਕਾਸ਼। ਸਿਜਦਹ ਕੁਨਦ=ਮੱਥਾ ਟੇਕਦਾ ਹੈ। ਪੇਸ਼ਿ=ਅੱਗੇ। ਬਰੋ= ਉਸਦੇ ਉਤੇ। ਯਕ ਦੁ ਕਸ=ਇਕ ਦੋ ਆਦਮੀ। ਅਜ਼ਕਾਰਿ=ਜ਼ਿਕਰ ਦਾ ਬਹੁ ਵਚਨ, ਸਿਮਰਨ ਕਰਨਾ। ਬਿਨਸ਼ੀਨੰਦ=ਬੈਠੇ ਹੋਏ ਹਨ।}

*ਅਰਥ*—ਅਕਾਸ਼ ਧਰਤੀ ਦੇ ਅੱਗੇ ਸਿਜਦਾ ਕਰਦਾ ਹੈ, ਕਿਉਂ ਜੋ ਉਸ ਦੇ ਉਤੇ ਇਕ ਦੋ ਆਦਮੀ, ਰੱਬ ਦਾ ਸਿਮਰਨ ਕਰਨ ਵਾਲੇ ਬੈਠੇ ਹੋਏ ਹਨ।

**ਪੰਜਾਬੀ ਉਲਥਾ-**

ਧਰਤੀ ਅਗੇ ਸਿਜਦਾ ਕਰਦਾ,
ਹਰ ਦਮ ਰਹੇ ਅਕਾਸ਼ ਪਿਆ।
ਉਸ ਦੇ ਉਤੇ ਇਕ ਦੋ ਵਸਦੇ,
ਰੱਬ ਨੂੰ ਸਿਮਰਨ ਵਾਲੇ।

**ਬ ਜ਼ੇਰਿ ਸਾਯਾ ਏ ਤੂਬਾ ਮੁਰਾਦਹਾ ਯਾਬੀ॥**
**ਬ ਜ਼ੇਰਿ ਸਾਯਾਇ ਮਰਦਾਨਿ ਹਕ ਖ਼ੁਦਾ ਯਾਬੀ॥**

{ਬ ਜ਼ੇਰਿ=ਹੇਠਾਂ। ਸਾਯਾ ਏ=ਪਰਛਾਵੇਂ। ਤੂਬਾ=ਕਲਪ ਬ੍ਰਿਛ। ਮੁਰਾਦਹਾ=ਮੁਰਾਦਾਂ। ਯਾਬੀ=ਤੂੰ ਪਾਵੇਂਗਾ। ਮਰਦਾਨਿ=ਮਰਦਾਂ ਦੇ। ਮਰਦਾਨਿ ਹਕ= ਵਾਹਿਗੁਰੂ ਦੇ ਮਰਦਾਂ (ਸੰਤਾਂ) ਦੇ।}

SIKHBOOKCLUB.COM

*ਅਰਥ*—ਕਲਪ ਬ੍ਰਿਛ ਦੇ ਪ੍ਰਛਾਵੇਂ ਹੇਠਾਂ ਤੂੰ ਮੁਰਾਦਾਂ ਪਾਵੇਂਗਾ। ਪਰ ਸੰਤਾਂ ਦੇ ਪਰਛਾਵੇਂ ਹੇਠਾਂ ਤੂੰ ਵਾਹਿਗੁਰੂ ਨੂੰ ਪਾਵੇਂਗਾ।

**ਪੰਜਾਬੀ ਉਲਥਾ-**

ਕਲਪ ਬ੍ਰਿਛ ਦੇ ਹੇਠਾਂ ਜਾ ਕੇ ਮਨ ਇੱਛਤ ਫਲ ਪਾਵੇਂਗਾ।
ਸਾਧ ਸੰਗਤ ਦੇ ਆਸਰੇ ਹੋ ਕੇ, ਵਾਹਿਗੁਰੂ ਪ੍ਰੀਤਮ ਪਾਵੇਂਗਾ।

੧੦੮ ਬ੍ਰਹਮ ਗਿਆਨੀ ਸੰਤ ਬਾਬਾ ਸੰਤੋਖ ਦਾਸ ਜੀ
ਬਾਬਾ ਗੁਰਬਖਸ਼ ਸਿੰਘ ਪਿੰਡ ਭੈਣੀ ਮੱਸਾ ਸਿੰਘ ਜੀ ਦੇ
ਉਤਸ਼ਾਹ ਨਾਲ ਇਹ ਪੁਸਤਕ ਛਪੀ।



Sri Satguru Jagjit Singh Ji eLibrary NamdhariElibrary@gmail.com

SIKHBOOKCLUB.COM

Sri Satguru Jagjit Singh Ji eLibrary NamdhariElibrary@gmail.com